ਸਿੱਖ ਫ਼ਿਲਾਸਫ਼ੀ ਕੀ ਹੈ?

ਅਤੇ

ਹੋਰ ਲੇਖ



ਡਾ. ਹਰਜਿੰਦਰ ਸਿੰਘ 'ਦਿਲਗੀਰ'



ਸਿੱਖ ਫ਼ਿਲਾਸਫ਼ੀ ਕੀ ਹੈ?
ਅਤੇ
ਹੋਰ ਲੇਖ

ਲੇਖਕ
ਡਾ. ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

ਤਤਕਰਾ

Sikh Philosophy Kee Hai?

and

Essays in Sikhism

by

Dr. Harjinder Singh Dilgeer

(Ph. D., M. Phil, L. L. B.)

ISBN : 81-7601-436-2

ਪਹਿਲੀ ਐਡੀਸ਼ਨ ਮਈ 2001

ਭੇਟਾ : - 90-00

ਭਾ.ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ : (0183) 542346, 547974, 557973

ਫੈਕਸ : (0183) 542346

Email : csjs@jla.vsnl.net.in

Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ । ਫ਼ੋਨ : 705003

ਸਮਰਪਣ

ਆਪਣੇ ਬੀਜੀ
ਸਿਰਦਾਰਨੀ ਜਗਤਾਰ ਕੌਰ ਜੀ ਦੇ
ਨਾਂ
ਜਿਨ੍ਹਾਂ ਤੋਂ ਮੈਂ
'ਸੱਚਾ ਸਿੱਖ ਕੌਣ ਹੈ'
ਦਾ ਸਬਕ
ਸਿੱਖਿਆ !

ਪੇਸ਼ਕਾਰੀ

ਸੈਂਕੜੇ ਤੇ ਹਜ਼ਾਰਾਂ ਦੇ ਇਕੱਠ ਵਿਚੋਂ ਇਕ ਸਿੱਖ ਦੀ ਪਛਾਣ ਇਕ ਦਮ ਹੋ ਜਾਂਦੀ ਹੈ। ਖ਼ੂਬਸੂਰਤ ਦਾੜ੍ਹੀ ਤੇ ਸ਼ਾਹੀ ਦਸਤਾਰ ਵਾਲਾ ਸ਼ਖ਼ਸ ਭਲਾ ਲੁਕਿਆ ਕਿਵੇਂ ਰਹਿ ਸਕਦਾ ਹੈ। ਕਈ ਸਿੱਖ ਤਾਂ ਅਜਿਹੇ ਸਜੇ ਹੁੰਦੇ ਹਨ ਕਿ ਉਨ੍ਹਾਂ ਦਾ ਲੰਮਾ ਚੋਗਾ, ਉੱਚੀ ਲੰਬੀ ਜਾਂ ਸਜਾਵਟ ਵਾਲੀ ਦਸਤਾਰ ਇਕ ਸ਼ਹਿਜ਼ਾਦੇ ਦਾ ਭੁਲੇਖਾ ਪਾਉਂਦੇ ਹਨ।

ਦੁਨੀਆਂ ਭਰ ਦੇ ਹਰ ਵੱਡੇ ਸ਼ਹਿਰ ਕਈ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਵੀ ਰੰਗ-ਬਰੰਗੀਆਂ ਦਸਤਾਰਾਂ ਵਾਲੇ ਸਿੰਘ, ਸਲਵਾਰਾਂ ਕਮੀਜ਼ਾਂ 'ਚ ਸਜੀਆਂ ਬੀਬੀਆਂ ਅਤੇ ਨਿੱਕੇ-ਨਿੱਕੇ ਨੌਜਵਾਨ ਸਵੇਰ ਵੇਲੇ ਗੁਰਦੁਆਰੇ ਵੱਲ ਜਾਂਦੇ ਆਉਂਦੇ, ਚਿਹਰਿਆਂ 'ਤੇ ਇਕ ਨੂਰ ਤੇ ਚੜ੍ਹਦੀ ਕਲਾ ਵਾਲੀ ਝਲਕ ਕਿਸੇ ਸਵਰਗੀ ਜਲੌ ਦਾ ਨਜ਼ਾਰਾ ਹੁੰਦੇ ਹਨ।

ਕਈ ਜਗ੍ਹਾ ਰੋਜ਼ਾਨਾ ਦੋ ਵਾਰੀ, ਕਿਤੇ ਹਫ਼ਤੇ ਵਾਰੀ ਅਤੇ ਕੁਝ ਜਗ੍ਹਾ ਗੁਰਪੁਰਬ ਦੇ ਦਿਹਾੜੇ ਸ਼ਾਨਦਾਰ ਲੰਗਰ ਦੀਆਂ ਰੌਣਕਾਂ ਵੇਲੇ ਅੱਗੇ ਵੱਧ ਕੇ ਸੇਵਾ ਕਰਦੇ ਹੋਏ ਲੋਕ, ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ ਭਾਈਚਾਰੇ ਅਤੇ ਮਹਿਮਾਨਾਂ ਦੀ ਸੇਵਾ ਕਰਦੇ ਹੋਏ ਲੋਕ, ਗੁਰਦੁਆਰੇ ਦੇ ਫ਼ਰਸ਼ਾਂ, ਬ਼ਗੀਚੇ, ਸੜਕਾਂ ਅਤੇ ਟੱਟੀਆਂ ਦੀ ਸੇਵਾ ਸਫ਼ਾਈ 'ਚ ਦਿਲੀ ਚਾਅ ਨਾਲ ਹਿੱਸਾ ਪਾਉਂਦੇ ਹੋਏ ਲੋਕ, ਸਰੋਵਰ ਦੀ ਕਾਰ-ਸੇਵਾ ਵੇਲੇ ਮਿੱਟੀ ਤੇ ਚਿਕੜ ਨੂੰ ਸ਼ਰਧਾ ਨਾਲ ਸਾਫ਼ ਕਰਦੇ ਲੋਕ ਅਤੇ ਅਜਿਹੀਆਂ ਹੋਰ ਧਾਰਮਿਕ ਤੇ ਸਮਾਜਿਕ ਸੇਵਾਵਾਂ ਨੂੰ ਦਿਲੀ ਚਾਅ, ਸ਼ਰਧਾ, ਸੰਜੀਦਗੀ, ਪਿਆਰ, ਜਜ਼ਬਾਤ ਰੂਹਾਨੀਅਤ ਦੇ ਭਾਵ ਨਾਲ ਕਰਨ ਵਾਲੇ ਜੋ ਲੋਕ ਨਜ਼ਰ ਆਉਂਦੇ ਹਨ, ਉਹ ਸਿੱਖ ਹਨ।

1984 ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਇੰਦਰਾ ਗਾਂਧੀ ਦੇ ਹੁਕਮ ਨਾਲ ਭਾਰਤ ਦੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਮੁੱਠੀ ਭਰ ਲੋਕ ਲੱਖਾਂ ਫ਼ੌਜਾਂ ਨਾਲ ਗਹਿ-ਗੱਚ ਮੁਕਾਬਲੇ ਕਰਦੇ ਵੇਖੇ ਗਏ। ਦੁਨੀਆਂ ਭਰ ਨੂੰ ਹੈਰਾਨੀ ਹੋਈ ਕਿ ਇਕ ਪਾਸੇ ਆਪਣੇ ਆਪ ਨੂੰ ਦੁਨੀਆਂ ਦੀ ਪੰਜਵੀਂ ਫ਼ੌਜੀ ਤਾਕਤ ਆਖਣ ਵਾਲੇ ਮੁਲਕ ਦੀ ਫ਼ੌਜ ਹੈਲੀਕਾਪਟਰਾਂ, ਟੈਂਕਾਂ, ਤੋਪਾਂ, ਮਿਜ਼ਾਇਲਾਂ ਅਤੇ ਦੁਨੀਆਂ ਭਰ ਦੇ ਸਭ ਤੋਂ ਵੱਧ ਮਾਰੂ ਹਥਿਆਰਾਂ ਨਾਲ ਲੈਸ ਸੀ ਤੇ ਉਹ ਵੀ ਲੱਖਾਂ ਦੀ ਗਿਣਤੀ ਵਿਚ। ਉਨ੍ਹਾਂ ਦਾ ਮੁਕਾਬਲਾ ਕਰ ਰਹੇ ਸਨ ਕੁਝ ਦਰਜਨ ਲੋਕ, ਜਿਨ੍ਹਾਂ ਕੋਲ 60-70 ਤੋਂ ਵੱਧ ਬੰਦੂਕਾਂ ਨਹੀਂ ਸਨ। ਦੁਨੀਆਂ ਭਰ ਨੇ ਹੈਰਾਨੀ ਨਾਲ ਤੱਕਿਆ ਕਿ ਇਨ੍ਹਾਂ ਲੋਕਾਂ ਨੇ ਕਿਵੇਂ ਐਡੀ ਵੱਡੀ ਤਾਕਤ ਨੂੰ ਪੰਜ ਛੇ ਦਿਨ ਤਕ ਡੱਕੀ ਰੱਖਿਆ। ਫਿਰ ਦਰਬਾਰ ਸਾਹਿਬ 'ਤੇ ਇਸ ਹਮਲੇ ਦੇ ਖਿਲਾਫ ਪ੍ਰੋਟੈਸਟ ਵਜੋਂ ਹਜ਼ਾਰਾਂ ਫ਼ੌਜੀਆਂ ਨੇ ਆਪਣੀਆਂ ਨੌਕਰੀਆਂ ਅਤੇ ਕੈਰੀਅਰ ਛੱਡ ਦਿੱਤੇ। ਦੁਨੀਆਂ ਭਰ ਵਿਚ ਜਿਥੇ ਵੀ ਕੁਝ ਕੁ ਸਿੱਖ ਬੈਠੇ ਸਨ, ਉਨ੍ਹਾਂ ਨੇ ਵੱਡੇ ਵੱਡੇ ਜਲੂਸ ਅਤੇ ਪ੍ਰੋਟੈਸਟ

ਦੀਵਾਨ ਕਰ ਕੇ ਆਪਣੇ ਰੋਹ, ਆਪਣੇ ਜਜ਼ਬਾਤ ਅਤੇ ਆਪਣੀ ਕੌਮੀ ਸਾਂਝ ਦਾ ਇਜ਼ਹਾਰ ਕੀਤਾ। 'ਇਹ ਕੌਮ ਕਿਹੜੀ ਹੈ ਤੇ ਇਹ ਕੌਣ ਹਨ ? ਇਹ ਸਿੱਖ ਕੌਣ ਹਨ ?' ਦਾ ਸਵਾਲ ਹਰ ਇਕ ਦੇ ਦਿਲ ਵਿਚ ਇਨ੍ਹਾਂ ਬਾਰੇ ਜਾਣਨ ਦੀ ਤਲਬ ਭਰ ਗਿਆ।

ਜਦੋਂ ਬਾਹਰਲੇ ਮੁਲਕਾਂ ਦੇ ਲੋਕਾਂ ਨੂੰ ਪਤਾ ਲੱਗਾ ਕਿ ਇਹ ਸਿੱਖ ਉਹੀ ਹਨ, ਜਿਨ੍ਹਾਂ ਦੇ ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਨੇ ਭਾਰਤ ਦੇ ਹਾਕਮਾਂ ਦੇ ਧਰਮ ਨੂੰ ਖ਼ਤਮ ਹੋਣੋਂ ਬਚਾਉਣ ਵਾਸਤੇ 'ਇਨਸਾਨ ਦੇ ਧਾਰਮਿਕ ਹੱਕਾਂ' ਵਾਸਤੇ ਕੁਰਬਾਨੀ ਦਿੱਤੀ ਸੀ ਤਾਂ ਉਹ ਬੜੇ ਹੈਰਾਨ ਹੋਏ। ਉਨ੍ਹਾਂ ਨੂੰ ਇਹ ਵੀ ਹੈਰਾਨਕੁੰਨ ਲਗਿਆ ਕਿ ਜਿਨ੍ਹਾਂ ਹਜ਼ਾਰਾਂ ਹਿੰਦੂ ਕੁੜੀਆਂ ਨੂੰ ਅਫ਼ਗਾਨੀ ਲੁਟੇਰਾ ਅਹਿਮਦ ਸ਼ਾਹ ਅਬਦਾਲੀ ਚੁੱਕ ਕੇ ਲਿਜਾ ਰਿਹਾ ਸੀ, ਉਨ੍ਹਾਂ ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖਾਂ ਨੇ ਬਚਾਇਆ ਸੀ ਅਤੇ 10 ਅਪ੍ਰੈਲ 1763 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕ ਬ੍ਰਾਹਮਣ ਦੀ ਫ਼ਰਿਆਦ 'ਤੇ ਉਸ ਦੀ ਪਤਨੀ ਨੂੰ ਕਸੂਰ ਦੇ ਨਵਾਬ ਤੋਂ ਵਾਪਸ ਲਿਆਉਣ ਵਾਸਤੇ ਸੈਂਕੜੇ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ ਤਾਂ ਉਹ ਹੋਰ ਵੀ ਹੈਰਾਨ ਹੋਏ। ਖ਼ੂਨੀ ਨਵੰਬਰ 1984 ਵਿਚ ਦਿੱਲੀ ਅਤੇ ਹੋਰ ਭਾਰਤੀ ਸ਼ਹਿਰਾਂ ਵਿਚ ਹਜ਼ਾਰਾਂ ਸਿੱਖਾਂ ਨੂੰ ਦੁਨੀਆਂ ਭਰ ਦੇ ਵੱਧ ਤੋਂ ਵੱਧ ਘਿਨਾਉਣੇ, ਜ਼ਾਲਮਾਨਾ, ਜਾਂਗਲੀ ਤਸੀਹਿਆਂ ਨਾਲ ਸ਼ਹੀਦ ਕਰਨ ਅਤੇ ਉਨ੍ਹਾਂ ਦੀਆਂ ਔਰਤਾਂ ਦਾ ਗੈਂਗ-ਰੇਪ ਕਰਨ ਵਾਲੇ ਹਿੰਦੂਆਂ ਦੀ ਅਹਿਸਾਨ-ਫ਼ਰਾਮੋਸ਼ੀ ਨੇ ਸਿੱਖਾਂ ਵਾਸਤੇ ਹੋਰ ਵੀ ਹਮਦਰਦੀ ਭਰੀ ਤੇ ਨਾਲ ਹੀ ਕੌਮ ਦੀ ਤਵਾਰੀਖ਼, ਧਰਮ ਤੇ ਕਲਚਰ ਬਾਰੇ ਜਾਣਨ ਦੀ ਖ਼ਾਹਿਸ਼ ਵੀ ਪੈਦਾ ਕੀਤੀ।

ਇਹ ਵੀ ਕਮਾਲ ਦੀ ਗੱਲ ਹੈ ਕਿ ਸਿੱਖ-ਪੰਜਾਬ ਭਾਰਤ ਦੇ ਖਾਣੇ ਦੇ ਗੋਦਾਮ ਵਿਚ 70 ਫ਼ੀਸਦੀ ਕਣਕ, ਚਾਵਲ ਤੇ ਹੋਰ ਅਨਾਜ ਭਰਦਾ ਹੈ। ਪੰਜਾਬ, ਭਾਰਤ ਨੂੰ ਅਨਾਜ ਨਾ ਦੇਵੇ ਤਾਂ ਅੱਧੇ ਤੋਂ ਵੱਧ ਭਾਰਤ ਅਫ਼ਰੀਕਾ ਵਾਂਗ ਭੁੱਖਾ ਮਰਨ ਲੱਗ ਪਵੇ। ਭਾਰਤ ਨੂੰ ਜੰਗ ਲੜਨ ਦੀ ਜ਼ਰੂਰਤ ਪਵੇ ਤਾਂ ਸਰਹੱਦਾਂ 'ਤੇ ਦਸਤਾਰਾਂ ਤੇ ਦਾੜ੍ਹੀਆਂ ਵਾਲੇ ਸਿੱਖ ਹੀ ਜੂਝਦੇ, ਜਿੱਤਦੇ ਤੇ ਸ਼ਹੀਦ ਹੁੰਦੇ ਹਨ। ਸਿਰਫ਼ ਭਾਰਤ ਹੀ ਨਹੀਂ ਬਲਕਿ ਇੰਗਲੈਂਡ, ਫ਼ਰਾਂਸ, ਮਲੇਸ਼ੀਆ, ਹਾਂਗਕਾਂਗ ਦੀ ਆਜ਼ਾਦੀ ਨੂੰ ਕਾਇਮ ਰੱਖਣ ਵਾਸਤੇ ਵੀ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ। ਇਨ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਦੀਆਂ ਯਾਦਾਂ ਵਿਚ ਅੱਜ ਵੀ ਫ਼ਰਾਂਸ, ਇਟਲੀ, ਹਾਲੈਂਡ, ਬੈਲਜ਼ੀਅਮ ਤੇ ਇੰਗਲੈਂਡ ਵਿਚ ਯਾਦਗਾਰਾਂ ਬਣੀਆਂ ਹੋਈਆਂ ਹਨ। ਯੂਰਪੀਨ ਮੁਲਕਾਂ ਦੇ ਅਜਾਇਬ ਘਰਾਂ ਵਿਚ ਪਏ ਰਿਕਾਰਡ ਵਿਚ ਉਨ੍ਹਾਂ ਮੁਲਕਾਂ ਵਾਸਤੇ ਜਾਨ ਵਾਰਨ ਵਾਲੇ ਹਜ਼ਾਰਾਂ ਸਿੱਖਾਂ ਦੀਆਂ ਲਿਸਟਾਂ ਉਥੇ ਪਈਆਂ ਹੋਈਆਂ ਹਨ।

ਸਿਰਫ਼ ਸਿਆਸੀ ਆਜ਼ਾਦੀ ਹੀ ਨਹੀਂ, ਸਿੱਖਾਂ ਨੇ ਤਾਂ ਦੁਨੀਆਂ ਭਰ ਦੇ ਹਰ ਮੁਲਕ ਵਿਚ ਮਾਲੀ ਤਰੱਕੀ ਵਿਚ ਵੀ ਬੇਮਿਸਾਲ ਰੋਲ ਅਦਾ ਕੀਤਾ ਹੈ। ਜਿਥੇ ਵੀ ਸਿੱਖ ਵੱਸਦਾ ਹੈ, ਉਹ ਆਪਣੀ ਮਿਹਨਤ, ਹਿੰਮਤ, ਦਲੇਰੀ, ਜੱਦੋ-ਜਹਿਦ ਵਾਸਤੇ ਜਾਣਿਆ ਜਾਂਦਾ ਹੈ। ਦੁਨੀਆਂ ਭਰ ਵਿਚ ਕਿਤੇ ਵੀ ਸਿੱਖ ਮਾਲੀ ਪੱਖੋਂ ਕਮਜ਼ੋਰ ਨਹੀਂ ਦਿੱਸਦਾ। ਕਿਸੇ ਵੀ ਜਗ੍ਹਾ ਸਿੱਖ ਮੰਗਣ ਵਾਸਤੇ ਹੱਥ ਵਿਚ ਠੂਠਾ ਫੜੀ ਨਜ਼ਰ ਨਹੀਂ ਆਉਂਦਾ। ਸਿਰਫ਼

ਨਿਜ ਵਾਸਤੇ ਹੀ ਨਹੀਂ, ਬਲਕਿ ਸਿੱਖਾਂ ਨੇ ਤਾਂ ਜਿਸ ਮੁਲਕ ਵਿਚ ਵੀ ਉਹ ਰਹਿੰਦੇ ਹਨ, ਉਥੋਂ ਦੀ ਖ਼ੁਸ਼ਹਾਲੀ ਵਿਚ ਮਾਅਰਕੇ ਦਾ ਰੋਲ ਅਦਾ ਕੀਤਾ ਹੈ। ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਕੀਨੀਆ, ਈਥੋਪੀਆ, ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਹੀ ਨਹੀਂ, ਬਲਕਿ ਹਰ ਛੋਟੇ ਵੱਡੇ ਮੁਲਕ ਤੇ ਟਾਪੂ ਵਿਚ ਸਿੱਖਾਂ ਨੇ ਖੇਤੀ, ਵਪਾਰ ਤੇ ਇੰਡਸਟਰੀ ਵਿਚ ਕਮਾਲ ਦੀ ਸੇਵਾ ਕੀਤੀ ਹੈ ਅਤੇ ਲੱਖਾਂ ਕਰੋੜਾਂ ਲੋਕਾਂ ਨੂੰ ਰੋਜ਼ਗਾਰ ਤੇ ਖ਼ੁਸ਼ਹਾਲੀ ਦਿੱਤੀ ਹੈ। ਇਸ ਦਾ ਪਿਛੋਕੜ ਸਿੱਖ ਵਿਚ ਧਾਰਮਿਕ ਜਜ਼ਬਾਤ, ਵੰਡ ਛਕਣਾ, ਇਨਸਾਨੀ ਹਮਦਰਦੀ, ਸੇਵਾ, ਅਗਾਂਹ ਵਧਣਾ, ਚੜ੍ਹਦੀ ਕਲਾ ਵਿਚ ਰਹਿਣਾ, ਹਰ ਵੇਲੇ ਜਮ੍ਹਾਂ ਹੀ ਸੋਚਣਾ, ਅੱਗੇ ਅੱਗੇ ਪੁਲਾਂਘਾਂ ਪੁਟਣਾ ਅਤੇ ਉਹ ਵੀ ਕਿਸੇ ਨੂੰ ਠਿੱਬੀ ਦੇ ਕੇ ਨਹੀਂ, ਬਲਕਿ ਮਿਹਨਤ ਅਤੇ ਹਿੰਮਤ ਨਾਲ।

ਸਿੱਖਾਂ ਵਿਚ ਦਸਵੰਧ ਵੀ ਕਮਾਲ ਦੀ ਕੌਮੀ ਖ਼ੂਬੀ ਹੈ। ਸਿੱਖ ਆਪਣੀ ਕਿਰਤ ਕਮਾਈ 'ਚੋਂ ਆਪਣਾ ਦਸਵੰਧ ਕੱਢਦਾ ਹੈ ਅਤੇ ਲੋੜਵੰਦਾਂ, ਸਾਥੀਆਂ, ਕਮਜ਼ੋਰ ਰਿਸ਼ਤੇਦਾਰਾਂ ਤੇ ਵਾਕਫ਼ਾਂ 'ਤੇ ਖਰਚਾ ਕਰਦਾ ਹੈ। ਜੇਕਰ ਅਜਿਹੇ ਲੋਕ ਨਜ਼ਰ ਨਾ ਆਉਣ ਤਾਂ ਸਿੱਖ ਆਪਣੀ ਕਿਰਤ ਕਮਾਈ ਦਾ ਦਸਵੰਧ ਗੁਰਦੁਆਰੇ ਦੇ ਲੰਗਰ ਵਿਚ ਭੇਟਾ ਕਰ ਦੇਂਦਾ ਹੈ। ਸਿੱਖਾਂ ਦੀ ਭੇਟਾ 'ਦਾਨ' ਲੰਗਰ 'ਚ ਪਾਇਆ ਹਿੱਸਾ ਦਿਖਾਵੇ ਦਾ ਨਹੀਂ ਹੁੰਦਾ, ਕਾਰਵਾਈ ਪਾਉਣ ਵਾਸਤੇ ਨਹੀਂ ਹੁੰਦਾ ਅਤੇ ਨਾ ਹੀ ਡੰਗ ਟਪਾਊ ਹੁੰਦਾ ਹੈ। ਸਿੱਖ ਤਾਂ ਗੁਰੂ ਦੇ ਲੰਗਰ ਨੂੰ ਆਪਣੇ ਘਰ ਤੋਂ ਵੀ ਬਿਹਤਰ ਤਿਆਰ ਕਰਦਾ ਹੈ। ਉਥੇ ਸੇਵਾ ਕਰਨ ਵੇਲੇ ਆਪਣੇ ਆਪ ਨੂੰ ਸਭ ਤੋਂ ਵੱਧ ਹਲੀਮੀ, ਸ਼ਰਧਾ ਤੇ ਨਿੱਘ ਵਾਲਾ ਸੇਵਾਦਾਰ ਸਮਝ ਕੇ ਕਰਦਾ ਹੈ। ਕਿਤਾਬਾਂ ਵਿਚ ਕਾਲੇ ਹਬਸ਼ੀਆਂ ਨੂੰ ਗ਼ੁਲਾਮਾਂ ਵਾਂਗ 'ਸੇਵਾ ਕਰਦੇ' ਦਿਖਾਇਆ ਪੜ੍ਹਿਆ ਜਾ ਸਕਦਾ ਹੈ ਪਰ ਉਹ ਸਾਰੀ 'ਸੇਵਾ' ਜਬਰੀ ਸੀ ਤੇ ਜ਼ੁਲਮ ਤੇ ਦਹਿਸ਼ਤ ਦੇ ਡਰ ਹੇਠ ਸੀ। ਪਰ ਜਦੋਂ ਸਿੱਖ ਤਹਿ ਦਿਲੋਂ ਸ਼ਰਧਾ ਨਾਲ ਸੱਚੀ ਸੇਵਾ ਕਰਦਾ ਹੈ ਤਾਂ ਗ਼ੈਰ-ਸਿੱਖ ਨੂੰ ਇਸ ਜਜ਼ਬਾਤ ਅਤੇ ਸ਼ਰਧਾ 'ਤੇ ਹੈਰਾਨੀ ਹੁੰਦੀ ਹੈ। ਫਿਰ ਵੱਡੀ ਹੈਰਾਨੀ, ਉਦੋਂ ਹੁੰਦੀ ਹੈ, ਜਦੋਂ ਇਸ ਸੇਵਾ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਸਾਬਕ ਰਾਜੇ, ਮਹਾਰਾਜੇ, ਵੱਡੇ-ਵੱਡੇ ਜਗੀਰਦਾਰ ਅਤੇ ਅਰਬਾਂ ਖਰਬਾਂ ਦੇ ਮਾਲਿਕ ਅਤੇ ਮਜ਼ਦੂਰ ਤੇ ਗ਼ਰੀਬ ਲੋਕ ਬਰਾਬਰ ਦੇ ਤੇ ਇਕੋ ਜਿਹੇ ਭਾਈਵਾਲ ਹੁੰਦੇ ਹਨ।

ਸਿੱਖ ਵਿਚ ਵੰਡ ਛਕਣ ਦੀ ਭਾਵਨਾ ਵੀ ਕਮਾਲ ਦੀ ਹੈ। ਸਿੱਖ ਵਾਸਤੇ ਸੇਵਾ ਨਿੱਜ ਤੋਂ ਵਧੇਰੇ ਅਹਿਮ ਹੈ। ਸਿੱਖ 'ਦੇਣ' ਵਿਚ ਯਕੀਨ ਰੱਖਦਾ ਹੈ ਨਾ ਕਿ 'ਲੈਣ' ਵਿਚ। ਸਿੱਖ ਸੁਸਾਇਟੀ ਦਾ 'ਜਮ੍ਹਾਂ' ਵਾਲਾ ਹਿੱਸਾ ਹੈ। ਸਿੱਖ ਹਰ ਭਾਈਚਾਰਕ ਕੰਮ ਵਿਚ ਤਨ, ਮਨ, ਧਨ ਨਾਲ ਅੱਗੇ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ। ਸਿੱਖ ਭਾਈਚਾਰਕ ਫ਼ਰਜ਼ ਤੋਂ ਕਦੇ ਕੰਨੀ ਨਹੀਂ ਕਤਰਾਉਂਦਾ।

ਸਿੱਖ ਵਾਅਦੇ ਦਾ ਪੱਕਾ ਹੈ। ਸਿੱਖ ਕਿਸੇ ਦੀ ਬਾਂਹ ਫੜਦਾ ਹੈ ਤਾਂ ਜਾਨ ਦੇਣ ਤੱਕ ਨਹੀਂ ਛਡਦਾ। ਗੁਰੂ ਸਾਹਿਬ ਦੀ ਜ਼ਿੰਦਗੀ ਦੀ ਕਹਾਣੀ ਆਪਣੇ ਆਪ ਵਿਚ ਇਸ ਦੀ ਮਿਸਾਲ ਹੈ।

ਫ਼ਲਸਫ਼ੇ ਪੱਖੋਂ ਸਿੱਖ ਧਰਮ ਉਲਾਰ ਨਹੀਂ। ਨਿਰੀ ਭਗਤੀ, ਨਿਰਾ ਦਿਖਾਵੇ ਦੀ ਸ਼ਰਧਾ

ਤੇ ਕਰਮ ਕਾਂਡ, ਸਿੱਖ ਧਰਮ ਵਿਚ ਕੋਈ ਥਾਂ ਨਹੀਂ ਰੱਖਦੇ। ਸਿੱਖ ਨੂੰ ਧਾਰਮਿਕ ਤੇ ਰੂਹਾਨੀ ਬਣਨ ਵਾਸਤੇ ਘਰ ਛੱਡ ਜਾਣ ਦੀ ਲੋੜ ਨਹੀਂ। ਸਿੱਖ ਪੁੱਤਰ, ਬਾਪ, ਪਤੀ, ਭਰਾ, ਦੋਸਤ ਹੁੰਦਿਆਂ ਵੀ 'ਮੁਕਤੀ' ਹਾਸਿਲ ਕਰ ਸਕਦਾ ਹੈ। ਸਿੱਖ ਇਸ ਦੁਨੀਆਂ ਵਿਚ ਰਹਿੰਦਿਆਂ ਅਤੇ ਇਸ ਦੀ ਜੱਦੋ-ਜਹਿਦ ਵਿਚ ਹਿੱਸਾ ਪਾਉਂਦਿਆਂ ਵੀ ਰੱਬ ਨਾਲ ਮਿਲ ਸਕਦਾ ਹੈ।

ਸਿੱਖ ਨੂੰ 'ਮੁਕਤੀ' ਹਾਸਿਲ ਕਰਨ ਵਾਸਤੇ ਕਿਸੇ ਅਣਦਿਸਦੇ 'ਸਵਰਗ' ਜਾਂ 'ਨਰਕ' ਦਾ ਵਹਿਮ ਨਹੀਂ ਹੁੰਦਾ। ਸਿੱਖ ਦੀ ਮੁਕਤੀ ਇਸੇ ਜ਼ਿੰਦਗੀ ਵਿਚ ਹੀ ਹਾਸਿਲ ਹੁੰਦੀ ਹੈ। ਰੱਬ ਦੇ ਨੇੜੇ ਹੋਣਾ, ਉਸ ਨੂੰ ਚੇਤੇ ਰਖਣਾ, ਉਸ ਦਾ ਕੀਰਤਨ ਕਰਨਾ, ਉਸ ਤੋਂ ਡਰਨਾ, ਉਸ ਦੇ ਪੈਦਾ ਕੀਤੇ ਇਨਸਾਨਾਂ ਨਾਲ ਪਿਆਰ ਕਰਨਾ, ਉਸ ਦੇ ਹੁਕਮ ਤੇ ਜ਼ਾਬਤੇ 'ਚ ਰਹਿਣਾ 'ਸਵਰਗ' ਹੈ ਤੇ ਇਸ ਤੋਂ ਉਲਟ 'ਨਰਕ' ਹੈ।

ਸਿੱਖ ਧਰਮ ਵਿਚ ਦੇਵੀ-ਦੇਵਤਿਆਂ, ਫ਼ਰਿਸ਼ਤਿਆਂ, ਗੁਰੂ ਸਾਹਿਬ, ਸ਼ਹੀਦਾਂ, ਰਹਿਬਰਾਂ, ਆਗੂਆਂ ਦੀ ਪੂਜਾ ਨਹੀਂ ਕੀਤੀ ਜਾਂਦੀ। ਕਿਸੇ ਨੂੰ ਸਿੱਖ ਬਣਨ ਵਾਸਤੇ ਅਜਿਹਾ ਅਡੰਬਰ ਨਹੀਂ ਕਰਨਾ ਪੈਂਦਾ। ਸਿੱਖ ਧਰਮ ਵਿਚ ਸਿਰਫ਼ ਅਕਾਲ ਪੁਰਖ ਦੀ 'ਪੂਜਾ' ਹੀ ਹੈ। ਅਕਾਲ ਪੁਰਖ ਤੇ ਸਿੱਖ ਦੇ ਵਿਚਕਾਰ ਕੋਈ ਵਿਚੋਲਾ ਨਹੀਂ। ਅਜਿਹਾ ਆਸਾਨ ਧਰਮ ਹੋਰ ਕਿਹੜਾ ਹੈ।

ਸਿੱਖ ਹਿੰਮਤੀ ਹੈ। ਸਵੇਰੇ ਉਠ ਕੇ ਨਹਾਉਣਾ, ਸੱਜਣਾ, ਭਗਤੀ ਕਰਨਾ, ਗੁਰਦੁਆਰੇ ਜਾਣਾ, ਸਾਧ ਸੰਗਤ ਦੇ ਦਰਸ਼ਨ ਕਰਨਾ, ਹਿੰਮਤ ਨਾਲ ਆਪਣੇ ਕੰਮ ਨੇਪਰੇ ਚਾੜ੍ਹਨਾ, ਆਪਣੀ ਡਿਊਟੀ ਨੂੰ ਤਹਿ ਦਿਲੋਂ ਕਰਨਾ, ਇਹ ਸਿੱਖ ਦਾ ਰੋਜ਼ਨਾਮਚਾ ਹੈ। ਸਿੱਖ ਕੰਮ-ਚੋਰ, ਸੁਸਤ ਜਾਂ ਆਲਕੀ ਨਹੀਂ ਹੋ ਸਕਦਾ। ਦਲਿੱਦਰ ਸਿੱਖੀ ਤੋਂ ਦੂਪਰੀ ਚੀਜ਼ ਹੈ। ਸਿੱਖ ਹਰ ਵੇਲੇ ਚੁਸਤ, ਫੁਰਤੀ ਭਰਿਆ, ਨੱਚਦਾ, ਜੂਝਦਾ ਤੇ ਸੇਵਾ ਕਰਦਾ ਨਜ਼ਰ ਆਉਂਦਾ ਹੈ। ਇਹ ਖ਼ੂਬੀ ਵੀ ਇਸ ਧਰਮ ਦੀ ਖ਼ਾਸੀਅਤ ਹੈ।

ਸਿੱਖ ਹੋਮਲੈਂਡ, ਪੰਜਾਬ ਵਿਚ ਹੋਰ ਧਰਮਾਂ ਦੇ ਲੋਕ ਵੀ ਵਸਦੇ ਹਨ। ਸਿੱਖਾਂ ਵਿਚ ਜਿਨ੍ਹਾਂ ਜਾਤਾਂ (ਜੱਟ, ਖਤਰੀ, ਰਾਜਪੂਤ, ਬ੍ਰਾਹਮਣ, ਕੰਬੋਜ, ਲੁਬਾਣੇ, ਚਮਾਰ ਵਗ਼ੈਰਾ) ਦੇ ਲੋਕ ਹਨ, ਉਨ੍ਹਾਂ ਜਾਤਾਂ ਦੇ ਲੋਕਾਂ ਨੇ ਹੋਰ ਧਰਮ ਵੀ ਅਪਣਾਏ ਹੋਏ ਹਨ। ਪਰ ਜਦੋਂ ਉਹ ਲੋਕ ਸਿੱਖ ਬਣ ਜਾਂਦੇ ਹਨ ਤੇ ਅੰਮ੍ਰਿਤ ਛਕ ਲੈਂਦੇ ਹਨ ਤਾਂ ਉਨ੍ਹਾਂ ਵਿਚ ਉੱਦਮ, ਚੁਸਤੀ, ਫੁਰਤੀ, ਦਲੇਰੀ, ਬਹਾਦਰੀ, ਹਲੀਮੀ, ਸ਼ਰਧਾ ਇਕ ਦਮ ਕਿਵੇਂ ਆ ਜਾਂਦੀਆਂ ਹਨ। ਇਕ ਆਮ ਆਦਮੀ ਵਾਸਤੇ ਇਹ ਹੈਰਾਨੀ ਦੀ ਗੱਲ ਹੈ। ਸਿੱਖ 'ਅੰਮ੍ਰਿਤ' ਵਿਚ ਅਜਿਹੀ ਕੋਈ ਖ਼ਾਸ ਰੂਹਾਨੀ ਤਾਕਤ ਹੈ, ਜੋ ਬੁਜ਼ਦਿਲ ਨੂੰ ਦਲੇਰ, ਦਲਿੱਦਰੀ ਨੂੰ ਚੁਸਤ ਤੇ ਉੱਦਮੀ, ਕਮਜ਼ੋਰ ਨੂੰ ਸ਼ੇਰ, ਆਕੜਖੋਰ ਨੂੰ ਨਿਮਰ, ਨਾਸਤਿਕ ਨੂੰ ਸ਼ਰਧਾਵਾਨ, ਭਗਤ ਤੇ 'ਸੰਤ ਸਿਪਾਹੀ' ਬਣਾ ਦੇਂਦੀ ਹੈ। ਦੁਨੀਆਂ ਭਰ ਦੇ ਲੇਖਕ, ਫ਼ਿਲਾਸਫ਼ਰ, ਆਗੂ ਤੇ ਹੋਰ ਲੋਕ ਹਮੇਸ਼ਾ ਇਸ ਬਾਰੇ ਹੈਰਾਨ ਹੁੰਦੇ ਹਨ ਕਿ ਗੁਰੂ ਸਾਹਿਬ ਦੇ ਅੰਮ੍ਰਿਤ 'ਚ ਅਜਿਹੀ ਕਿਹੜੀ ਗ਼ੈਬੀ ਤਾਕਤ ਹੈ।

ਸਿੱਖਾਂ ਦੇ ਗੁਰਦੁਆਰੇ ਵੀ ਖ਼ਾਸ ਅਹਿਮੀਅਤ ਰੱਖਦੇ ਹਨ। ਸਿੱਖ ਗੁਰਦੁਆਰੇ 'ਚੋਂ ਰੂਹਾਨੀਅਤ ਹਾਸਿਲ ਕਰਦੇ ਹਨ। ਇਹ ਗੁਰੂ ਦੇ ਘਰ 'ਚ ਦਾਖ਼ਿਲ ਹੋਣ ਦਾ ਦਰਵਾਜ਼ਾ

ਹੈ। ਗੁਰਦੁਆਰਾ ਸਿੱਖ ਭਾਈਚਾਰੇ ਦਾ ਕੌਮੀ ਸੈਂਟਰ ਹੈ। ਸਿੱਖ ਇਥੇ ਆ ਕੇ ਭਾਈਚਾਰੇ ਦੀ ਮਦਦ ਕਰਦਾ ਹੈ ਅਤੇ ਮਦਦ ਲੈ ਸਕਦਾ ਹੈ। ਤਕਰੀਬਨ ਹਰ ਗੁਰਦੁਆਰੇ ਨਾਲ ਇਕ ਸਰਾਂ ਅਤੇ ਲੰਗਰ ਹੁੰਦਾ ਹੈ। ਮੁਸਾਫ਼ਿਰ ਤੇ ਲੋੜਵੰਦ ਵਾਸਤੇ ਉਥੇ ਆਸਰਾ ਮਿਲਦਾ ਹੈ। ਗੁਰੂ ਸਾਹਿਬ ਨੇ ਭਾਈਚਾਰਕ ਰੋਲ ਆਪ ਕਰ ਕੇ ਸਿੱਖ ਧਰਮ ਦੀ ਇਸ ਖ਼ਾਸੀਅਤ ਨੂੰ ਪੇਸ਼ ਕੀਤਾ ਸੀ। ਗੁਰੂ ਸਾਹਿਬ ਨੇ ਸਰੋਵਰ, ਬਾਉਲੀਆਂ, ਤਲਾਅ, ਖੂਹ, ਬਾਗ਼ ਲਗਵਾਏ ਅਤੇ ਧਰਮਸ਼ਾਲਾਵਾਂ ਤੇ ਸਰਾਵਾਂ ਕਾਇਮ ਕਰਵਾਈਆਂ। ਇਹ ਸਾਰਾ ਕੁਝ ਸਿੱਖ ਭਾਈਚਾਰੇ ਨੂੰ ਰੂਹਾਨੀ ਤੇ ਸਮਾਜਿਕ ਪੱਖੋਂ ਇਕ ਘਰ ਦੇ ਮੈਂਬਰ ਹੋਣ ਦਾ ਅਹਿਸਾਸ ਦੇਣ ਵਾਸਤੇ ਸੀ।

ਕਿਰਤ ਕਰਨਾ, ਵੰਡ ਛਕਣਾ, ਸੇਵਾ ਕਰਨਾ, ਦੁਖੀ ਤੇ ਗ਼ਰੀਬ ਦੀ ਬਾਂਹ ਫੜਨਾ, ਦਸਵੰਧ ਕਢਣਾ, ਹਿੰਮਤ, ਚੁਸਤੀ ਤੇ ਮਿਹਨਤ ਨਾਲ ਖ਼ੁਸ਼ਹਾਲ ਹੋਣਾ ਤੇ ਦੂਜਿਆਂ ਨੂੰ ਮਾਲੀ ਪੱਖੋਂ ਸੌਖੇ ਹੋਣ 'ਚ ਮਦਦ ਕਰਨਾ, ਜ਼ੁਲਮ ਦੇ ਖ਼ਿਲਾਫ਼ ਡਟ ਕੇ ਖੜ੍ਹਨਾ, ਆਪਣੇ ਕੰਮ ਨੂੰ ਦਿਆਨਤਦਾਰੀ ਨਾਲ ਕਰਨਾ, ਲੜਾਈ ਵੇਲੇ ਜਾਨ ਤਲੀ 'ਤੇ ਰੱਖ ਕੇ ਜੂਝਣਾ, ਅੰਨ ਪੈਦਾ ਕਰਨ ਵੇਲੇ ਖ਼ੂਨ ਪਸੀਨਾ ਇਕ ਕਰ ਕੇ ਦੁਨੀਆਂ ਭਰ ਨੂੰ ਰੋਟੀ ਦੇਣਾ, ਆਪਣੀ ਡਿਊਟੀ ਵੇਲੇ ਵਫ਼ਾਦਾਰੀ ਤੇ ਇਮਾਨਦਾਰੀ ਨਾਲ ਹਰ ਕੰਮ ਕਰਨਾ, ਝੂਠ ਨਾ ਬੋਲਣਾ, ਧੋਖਾ ਨਾ ਦੇਣਾ, ਦੂਜੇ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਣਾ, ਲੁਟ ਖੋਹ ਨਾ ਕਰਨਾ, ਧੱਕੇਸ਼ਾਹੀ ਨਾ ਕਰਨਾ ਤੇ ਨਾ ਸਹਿਣਾ, ਹਲੀਮੀ ਨਾਲ ਰਹਿਣਾ, ਮਿੱਠਾ ਬੋਲਣਾ, ਕਿਸੇ ਦਾ ਹੱਕ ਨਾ ਮਾਰਨਾ, ਦਿਲ ਨਾ ਦੁਖਾਉਣਾ, ਕਿਰਤ ਕਮਾਈ 'ਚੋਂ ਭਾਈਚਾਰੇ ਦੀ ਸੇਵਾ ਵਿਚ ਹਿੱਸਾ ਪਾਉਣਾ—ਇਹ ਸਿੱਖੀ ਹੈ। ਇਸ ਕਿਤਾਬ ਵਿਚਲੇ ਇਹ ਲੇਖ ਇਸ ਸਿੱਖ-ਕਲਚਰ ਦਾ ਬਿਆਨ ਤੇ ਤਫ਼ਸੀਲ ਹਨ।

✡ ✡ ✡

ਸਿੱਖ ਫ਼ਿਲਾਸਫ਼ੀ ਕੀ ਹੈ?
ਅਤੇ
ਹੋਰ ਲੇਖ



ਡਾ. ਹਰਜਿੰਦਰ ਸਿੰਘ 'ਦਿਲਗੀਰ'



ਸਿੱਖ ਫ਼ਿਲਾਸਫ਼ੀ ਕੀ ਹੈ ?

ਦੁਨੀਆਂ ਭਰ ਵਿਚ ਜਿੰਨੇ ਵੀ ਮਜ਼ਹਬ ਹਨ, ਸਿੱਖ ਮਜ਼ਹਬ ਉਨ੍ਹਾਂ ਸਾਰਿਆਂ ਤੋਂ ਘੱਟ ਉਮਰ ਦਾ ਹੈ ਅਤੇ ਸਭ ਤੋਂ ਵੱਧ ਰੌਲ-ਘਚੋਲਾ ਇਸੇ ਬਾਰੇ ਹੀ ਪਾਇਆ ਗਿਆ ਹੈ। ਆਪਣੇ ਆਪ ਨੂੰ ਵੱਡੇ ਆਲਮ-ਫ਼ਾਜ਼ਲ ਆਖਣ ਵਾਲੇ ਕਈ ਗ਼ੈਰ-ਸਿੱਖ ਵੀ ਇਸ ਮਜ਼ਹਬ ਦੀ ਡੂੰਘਾਈ ਤੱਕ ਨਹੀਂ ਜਾ ਸਕੇ। ਦੂਜਾ, ਇਹ ਵੀ ਹੋ ਸਕਦਾ ਹੈ ਕਿ ਉਹ ਗ਼ੈਰ-ਮਜ਼ਹਬ ਦੇ ਹੋਣ ਕਰ ਕੇ ਸਿੱਖੀ ਬਾਰੇ ਉਲਝਣਾਂ ਖੜ੍ਹੀਆਂ ਕਰਨਾ ਚਾਹੁੰਦੇ ਹੋਣ। ਤੀਜਾ, ਅੰਦਰੋਂ ਸਿੱਖ ਮਜ਼ਹਬ ਦੀ ਉੱਚਤਾ ਮਹਿਸੂਸ ਕਰ ਕੇ ਅਹਿਸਾਸੇ-ਕਮਤਰੀ (Inferiorty complex) ਦਾ ਸ਼ਿਕਾਰ ਹੋ ਕੇ, ਜਾਣ ਬੁੱਝ ਕੇ ਅਜਿਹਾ ਕਰਦੇ ਹੋਣ। ਚੌਥਾ, ਉਨ੍ਹਾਂ ਨੂੰ ਸਿੱਖ ਫ਼ਲਸਫ਼ੇ ਬਾਰੇ ਚੰਗੀ ਵਾਕਫ਼ੀ ਨਾ ਹੋਵੇ ਤੇ 'ਨੀਮ ਹਕੀਮ' ਵਾਂਗ ਨਤੀਜੇ ਕੱਢਦੇ ਹੋਣ। ਇਨ੍ਹਾਂ ਚੌਹਾਂ (ਤੇ ਕੁਝ ਹੋਰ) ਨੁਕਤਿਆਂ ਕਰ ਕੇ, ਗ਼ੈਰ-ਸਿੱਖ ਉਲੱਮਾਂ ਵਿਚੋਂ ਬਹੁਤਿਆਂ ਨੇ ਸਿੱਖ ਫ਼ਲਸਫ਼ੇ ਬਾਰੇ ਯਭਲੀਆਂ ਵੀ ਮਾਰੀਆਂ ਹਨ। ਇਨ੍ਹਾਂ ਸਾਜਸ਼ੀਆਂ ਵਿਚੋਂ ਟਰੰਪ, ਮਕਲਾਉਡ, ਦਯਾਨੰਦ, ਸ਼ਰਧਾ ਰਾਮ ਫਿਲੌਰੀ, ਹਰਜੋਤ ਉਬਰਾਏ, ਗੋਕਲ ਚੰਦ ਨਾਰੰਗ, ਇੰਦੂ ਭੂਸ਼ਨ ਬੈਨਰਜੀ, ਲਾਲਾ ਦੌਲਤ ਰਾਇ, ਪਿਸ਼ੌਰਾ ਸਿੰਘ, ਗੁਰਿੰਦਰ ਮਾਨ ਅਤੇ ਹੋਰ ਕਈ ਹਨ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਵਿਚ ਇੰਗਲੈਂਡ, ਭਾਰਤ ਤੇ ਕਈ ਹੋਰ ਮੁਲਕਾਂ ਵਿਚ ਜੋ ਚੰਦ ਇਕ ਟਰੈਕਟ ਜਾਂ ਕਿਤਾਬਚੇ ਛਪੇ ਹਨ, ਉਹ ਅਜਿਹੀ ਹੀ ਸਾਜਿਸ਼ ਦਾ ਨਤੀਜਾ ਹਨ। ਅਖੌਤੀ-ਉਲੱਮਾਂ ਦੀਆਂ ਪੇਸ਼ ਕੀਤੀਆਂ ਉਲਝਣਾਂ ਵਿਚੋਂ ਕੁਝ ਇਹ ਹਨ :

- ਸਿੱਖ ਮਜ਼ਹਬ ਕਬੀਰ ਦੇ ਚੇਲੇ ਗੁਰੂ ਨਾਨਕ ਸਾਹਿਬ ਦਾ ਪੰਥ ਹੈ ਤੇ ਇਹ ਕਬੀਰ ਪੰਥੀ ਹਨ।
- ਸਿੱਖ ਗੁਰੂਆਂ ਦਾ ਪਿਛੋਕੜ ਨਾਥ ਜੋਗੀਆਂ ਦਾ ਫ਼ਲਸਫ਼ਾ ਹੈ।
- ਸਿੱਖ ਮਜ਼ਹਬ "ਭਗਤੀ ਲਹਿਰ" ਦਾ ਇੱਕ ਹਿੱਸਾ ਹੈ, ਜੋ ਹਿੰਦੂ ਹਨ।
- ਸਿੱਖ ਤੌਹੀਦ 'ਚ ਯਕੀਨ ਰੱਖਦੇ ਹਨ, ਜੋ ਇਸਲਾਮ ਦੇ ਨੇੜੇ ਹੈ।
- ਸਿੱਖ ਮਜ਼ਹਬ ਹਿੰਦੂ ਅਤੇ ਮੁਸਲਮਾਨ ਮਜ਼ਹਬਾਂ ਦੀ ਏਕਤਾ ਹੈ।
- ਛੇਵੇਂ (ਜਾਂ ਦਸਵੇਂ) ਗੁਰੂ ਸਾਹਿਬ ਨੇ ਸਿੱਖ ਮਜ਼ਹਬ ਵਿਚ ਕੋਈ "ਤਬਦੀਲੀ" ਲਿਆਂਦੀ ਸੀ।
- ਗੁਰੂ ਸਾਹਿਬ ਵੇਦਾਂ ਜਾਂ ਵੇਦਾਂਤਕ ਫ਼ਲਸਫ਼ੇ ਦੇ ਮੁੱਦਈ ਸਨ।

ਕੁਝ ਗ਼ੈਰ-ਸਿੱਖ, ਖ਼ਾਸ ਕਰ ਕੇ ਇਸਾਈ ਲੇਖਕਾਂ, ਮੁਸਲਮ ਮੌਲਵੀਆਂ ਅਤੇ ਕੁਝ ਹਿੰਦੂ ਲੇਖਕਾਂ ਨੇ ਉਪਰਲੇ ਫ਼ਿਕਰੇ ਆਖ ਕੇ ਆਪਣੀ ਬੇਸਮਝੀ ਦਾ ਇਜ਼ਹਾਰ ਕੀਤਾ ਹੈ। ਦਰਅਸਲ ਇਨ੍ਹਾਂ ਵਿਚੋਂ ਕੁਝ ਵੀ ਸਹੀ ਨਹੀਂ। ਨਾ ਤਾਂ ਸਿੱਖ ਕਬੀਰ—ਪੰਥੀ ਹਨ, ਜੋਗ-ਮੱਤ ਨੂੰ ਸਿੱਖੀ ਰੱਦ ਕਰਦੀ ਹੈ, ਸਿੱਖੀ ਸਿਰਫ਼ "ਭਗਤੀ ਮਾਰਗ" ਵਰਗੀ ਅਧੂਰੀ ਫ਼ਿਲਾਸਫ਼ੀ ਨਹੀਂ, ਇਸਲਾਮ ਤੇ ਸਿੱਖ ਮਜ਼ਹਬ 'ਚ ਚੜ੍ਹਦੇ ਤੇ ਲਹਿੰਦੇ ਜਿੰਨਾ ਫ਼ਰਕ ਹੈ ਅਤੇ ਹਿੰਦੂ

ਧਰਮ ਤੇ ਗੁਰਮਤਿ ਦੀ ਆਪਸ ਵਿਚ ਬੁਨਿਆਦੀ ਸਾਂਝ ਤਾਂ ਹੈ ਈ ਨਹੀਂ। ਸਿੱਖੀ ਵਿਚ ਸਿਆਸਤ ਛੇਵੇਂ ਜਾਂ ਦਸਵੇਂ ਗੁਰੂ ਦੀ ਲਿਆਂਦੀ ਨਹੀਂ—ਇਹ ਤਾਂ ਗੁਰੂ ਨਾਨਕ ਸਾਹਿਬ ਦੀ "ਬਾਬਰ ਵਾਣੀ" ਦਾ ਬਿਆਨ ਹੈ, ਉਸ ਦੀ ਤਫ਼ਸੀਲ ਹੈ।

ਉਂਞ ਕਹਿਣ ਨੂੰ ਇਹ ਆਖਿਆ ਜਾ ਸਕਦਾ ਹੈ ਕਿ ਸਿੱਖ, ਹਿੰਦੂ, ਇਸਲਾਮ, ਬੁੱਧ, ਇਸਾਈ ਤੇ ਹੋਰ ਸਾਰੇ ਧਰਮ ਇਕੋ ਹੀ ਹਨ ਕਿਉਂਕਿ ਸਾਰੇ ਰੱਬ 'ਤੇ ਯਕੀਨ ਰੱਖਦੇ ਹਨ, ਰੱਬ ਦੀ ਭਗਤੀ ਵਾਸਤੇ ਆਖਦੇ ਹਨ, ਚੰਗਾ ਇਨਸਾਨ ਬਣਨ ਵਾਸਤੇ ਆਖਦੇ ਹਨ, ਦੁਨੀਆਂ 'ਚ ਬਦੀ ਖ਼ਤਮ ਕਰਨ ਤੇ ਜ਼ੋਰ ਦੇਂਦੇ ਹਨ, ਵਗ਼ੈਰਾ-ਵਗ਼ੈਰਾ। ਕੈਥੋਲਿਕ ਪੋਪ ਦੀ ਖ਼ੁਫ਼ੀਆ ਸਰਪਰਸਤੀ ਹੇਠ ਇਸ ਵਕਤ ਦੁਨੀਆਂ ਭਰ ਵਿਚ ਇਕ ਲਹਿਰ ਚਲ ਰਹੀ ਹੈ, ਜਿਸ ਨੂੰ 'ਧਰਮਾਂ ਦੀ ਸਾਂਝ' ਦੇ ਫ਼ਰੇਬ ਹੇਠ ਪਰਚਾਰਿਆ ਜਾ ਰਿਹਾ ਹੈ। ਉਨ੍ਹਾਂ ਮੁਤਾਬਿਕ ਸਾਰੇ ਧਰਮ ਵਧੀਆ ਇਨਸਾਨ ਬਣਾਉਂਦੇ ਹਨ, ਸੋ ਸਭ 'ਇਕੋ ਧਰਮ' ਹੀ ਹੈ। ਇਹ ਚਾਲਾਕੀ ਹੈ ਕਿ ਬੇਸਮਝੀ ਜਾਂ ਦੋਵੇਂ......ਇਸ ਬਾਰੇ ਅਲੱਗ-ਅਲੱਗ ਰਾਵਾਂ ਹਨ। ਇਹ ਗੱਲ ਤਾਂ ਚੰਗੀ ਹੈ ਕਿ ਦੁਨੀਆਂ ਭਰ ਵਿਚ ਸਾਰੇ ਧਰਮਾਂ ਦੀ ਆਪਸ 'ਚ ਟੱਕਰ ਰੁਕ ਜਾਏ ਤੇ ਇਕ ਦੂਜੇ ਬਾਰੇ ਸਮਝ, ਅਦਬ ਤੇ ਇਜ਼ਤ ਹੋਏ ਪਰ "ਧਰਮਾਂ ਦੀ ਸਾਂਝ" ਤਾਂ ਇਕ ਫ਼ਰੇਬ ਹੈ, ਜੋ ਮੁਹੰਮਦ ਤੁਗ਼ਲਕ ਵਾਲੀ ਸੂਝ ਤੋਂ ਅਕਬਰ ਦੀ ਚਾਲਾਕੀ (ਜਾਂ ਚਾਣਕਯ ਨੀਤੀ) ਤਕ, ਵਾਲੀ ਪਾਲਿਸੀ ਵੀ ਹੋ ਸਕਦੀ ਹੈ।

ਸਿੱਖ ਧਰਮ ਦੀ ਦੂਜੇ ਮਜ਼ਹਬਾਂ ਨਾਲ ਨੇੜਤਾ, ਮੇਲ, ਸਾਂਝ ਲੱਭਣ ਦੀ ਕੋਸ਼ਿਸ਼ ਕੀਤੀ ਜਾਏ ਤਾਂ ਟਾਵੀਂ ਟਾਵੀਂ ਗੱਲ ਮਿਲ ਜਾਵੇਗੀ ਪਰ ਜੋ ਅਸਲ ਗੁਰਮਤਿ ਹੈ, ਉਸ ਦਾ ਕੋਈ ਵੀ ਹਿੱਸਾ ਕਿਤੇ ਨਹੀਂ ਮਿਲੇਗਾ। ਗੁਰਮਤਿ ਤਾਂ 21ਵੀਂ ਸਦੀ ਦੀ ਜਾਂ ਹਜ਼ਾਰਵੀਂ ਸਦੀ ਦਾ ਰਸਤਾ ਹੈ। ਇਸ ਦੀ ਖ਼ਾਸੀਅਤ, ਇਸ ਦੇ ਮੁਢਲੇ ਅਸੂਲ ਗੁਰਮਤਿ ਜਾਂ "ਸਿੱਖ ਫਿਲਾਸਫ਼ੀ ਕੀ ਹੈ ?" ਦੇ ਕੁਝ ਖ਼ਾਸ ਨੁਕਤੇ ਹੇਠ ਲਿਖੇ ਹਨ :

੧. ਕਿਰਤ ਕਰਨਾ : ਸਿੱਖ ਫ਼ਲਸਫ਼ੇ ਵਿਚ ਸਭ ਤੋਂ ਮੁੱਢਲਾ ਨੁਕਤਾ ਕਿਰਤ ਕਰਨਾ ਹੈ। ਸਿੱਖ ਬੇਈਮਾਨੀ, ਚੋਰੀ, ਗੁਨਾਹ, ਰਿਸ਼ਵਤ, ਸਮੱਗਲਿੰਗ ਦੇ ਜ਼ਰੀਏ ਰੋਜ਼ੀ ਜਾਂ ਦੌਲਤ ਨਹੀਂ ਕਮਾ ਸਕਦਾ। ਸਿੱਖ ਮੰਗਤਾ ਵੀ ਨਹੀਂ ਹੋ ਸਕਦਾ। ਸਿੱਖ ਕੋਈ ਵੀ ਪੇਸ਼ਾ ਜਾਂ ਰੋਜ਼ਗਾਰ (ਖੇਤੀ, ਵਪਾਰ, ਸਨਅੱਤ, ਨੌਕਰੀ) ਅਪਣਾ ਸਕਦਾ ਹੈ, ਪਰ ਇਮਾਨਦਾਰੀ ਤੇ ਗੁਰਮਤਿ ਦੇ ਰਸਤੇ ਤੇ ਚੱਲ ਕੇ ਹੀ ਉਸ ਨੂੰ ਕਰਨਾ ਹੋਏਗਾ। ਸਿੱਖ ਕੋਈ ਅਜਿਹਾ ਰੋਜ਼ਗਾਰ ਨਹੀਂ ਅਪਣਾ ਸਕਦਾ ਜੋ ਸਿੱਖੀ ਅਸੂਲਾਂ ਦੇ ਉਲਟ ਹੋਵੇ (ਜਿਵੇਂ ਨਸ਼ੇ, ਤੰਬਾਕੂ, ਸਿਗਰਟ ਦਾ ਵਪਾਰ, ਨਾਈ ਦੀ ਦੁਕਾਨ, ਵੇਸਵਾਵਾਂ ਦਾ ਅੱਡਾ ਜਾਂ ਹਲਾਲ ਮਾਸ ਦੀ ਵੇਚ)। ਹੋਰ ਸਾਰੇ ਰੋਜ਼ਗਾਰ ਸਿੱਖ ਲਈ ਜਾਇਜ਼ ਹਨ। ਪਰ ਉਸ ਵਿਚ ਬੇਈਮਾਨੀ ਦੀ ਕੋਈ ਗੁੰਜਾਇਸ਼ ਨਹੀਂ। ਦੂਜੇ ਦਾ ਹੱਕ ਮਾਰਨਾ ਵੀ ਕਿਰਤ ਕਰਨ ਦੇ ਅਸੂਲ ਦਾ ਬਿਲਕੁਲ ਉਲਟ ਹੈ।

੨. ਵੰਡ ਛਕਣਾ : ਸਿੱਖੀ ਦੇ ਰਸਤੇ 'ਤੇ ਚਲਦਿਆਂ ਦੂਜੀ ਵੱਡੀ ਜ਼ਰੂਰੀ ਚੀਜ਼ ਹੈ: ਵੰਡ ਛਕਣਾ। ਗੁਰੂ ਨਾਨਕ ਸਾਹਿਬ ਦਾ ਚੌਥੇ ਜਾਮੇ ਵਿਚ ਹੁਕਮ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਸਫ਼ਾ ੧੨੪੫)

ਭਾਈ ਗੁਰਦਾਸ ਨੇ ਇਸ ਨੂੰ ਹੋਰ ਤਫ਼ਸੀਲ 'ਚ ਵੀ ਪੇਸ਼ ਕੀਤਾ ਹੈ। ਉਹ "ਹਥਹੁ ਦੇਇ" ਵਿਚਲਾ ਵੰਡ ਛਕਣ ਦਾ ਜ਼ਿਕਰ ਕਰਦਿਆਂ ਆਖਦੇ ਹਨ :

ਗੁਰਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ ॥

(ਵਾਰ ੪੦, ਪਉੜੀ ੧੧)

ਭਾਈ ਗੁਰਦਾਸ ਤਾਂ ਉਸ ਸਿੱਖੀ ਦਾ ਜ਼ਿਕਰ ਕਰ ਰਹੇ ਹਨ, ਜਿਸ ਬਾਰੇ ਉਹ ਆਖਦੇ ਹਨ :

ਗੁਰ ਸਿਖੀ ਬਾਰੀਕ ਹੈ, ਸਿਲ ਚਟਣ ਫਿਕੀ ॥

(ਵਾਰ ੯, ਪਉੜੀ ੨)

ਅਤੇ

ਗੁਰਸਿੱਖੀ ਬਾਰੀਕ ਹੈ, ਖੰਡੇ ਧਾਰ ਗਲੀ ਅਤਿ ਭੀੜੀ ॥

(ਵਾਰ ੧੧, ਪਉੜੀ ੫)

ਗੁਰੂ ਨਾਨਕ ਸਾਹਿਬ ਦੇ ਵੰਡ ਛਕਣ ਦੇ ਇਸ ਫ਼ਲਸਫ਼ੇ ਨੂੰ 'ਦਸਵੰਧ' ਵੀ ਆਖਿਆ ਜਾਂਦਾ ਹੈ। ਉਨ੍ਹਾਂ ਨੇ ਦਸਵੇਂ ਜਾਮੇ ਵਿਚ ਹੁਕਮ ਕੀਤਾ ਸੀ ਕਿ ਹਰ ਸਿੱਖ ਆਪਣੀ ਕਿਰਤ ਕਮਾਈ ਦਾ ਦਸਵੰਧ ਪੰਥ ਅਤੇ ਸਿੱਖਾਂ ਦੀ ਬੇਹਤਰੀ ਦੇ ਲੇਖੇ ਲਾਏ। ਦਸਵੰਧ ਤਾਂ ਹਰ ਸਿੱਖ ਦਾ ਮੁੱਢਲਾ ਫ਼ਰਜ਼ ਹੈ। ਜੋ ਸਿੱਖ ਦਸਵੰਧ ਨਹੀਂ ਕੱਢਦਾ, ਉਹ ਗੁਰੂ ਦਾ ਕਰਜ਼ਦਾਰ ਹੈ। ਕਰਜ਼ਾ ਲਾਹੁਣ ਮਗਰੋਂ ਹੀ ਮੁਕਤੀ ਮਿਲਦੀ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਪਹਿਲੋਂ ਕਰਜ਼ਾ ਲਾਹ ਦੇਵੇ ਜਾਂ ਮਗਰੋਂ। ਦਸਵੰਧ ਬਾਰੇ ਇਕ ਹੋਰ ਨੁਕਤਾ ਸਮਝਣ ਦੀ ਵੀ ਜ਼ਰੂਰਤ ਹੈ। ਕੋਈ ਜ਼ਰੂਰੀ ਨਹੀਂ ਕਿ ਸਿੱਖ ਨੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰਦੁਆਰੇ ਦੀ ਗੋਲਕ ਵਿਚ ਹੀ ਪਾਉਣਾ ਹੈ। ਹੋਰ ਬਹੁਤ ਸਾਰੇ ਪੰਥਕ ਕਾਰਜ ਹਨ, ਜਿਨ੍ਹਾਂ ਵਾਸਤੇ ਆਪਣਾ ਦਸਵੰਧ ਖ਼ਰਚ ਕੀਤਾ ਜਾ ਸਕਦਾ ਹੈ।

੩. ਨਾਮ ਜਪਣਾ : ਕੁਝ ਭੋਲੇ ਵੀਰਾਂ ਨੇ, ਵੇਦਾਂਤੀ ਅਸਰ ਹੇਠ ਜਾਂ ਬ੍ਰਾਹਮਣਵਾਦ ਦੀ ਲੀਹ 'ਤੇ ਚਲਦਿਆਂ ਸਿੱਖੀ ਨੂੰ ਸਿਰਫ਼ 'ਨਾਮ ਮਾਰਗ' ਆਖ ਦਿੱਤਾ ਹੈ। ਇਹ ਸਹੀ ਨਹੀਂ ਹੈ। ਨਾਮ ਜਪਣਾ ਸਿੱਖ ਵਾਸਤੇ ਜ਼ਰੂਰੀ ਹੈ, ਬਹੁਤ ਜ਼ਰੂਰੀ ਹੈ, ਪਰ ਸਿਰਫ਼ ਨਾਮ ਜਪਣਾ ਹੀ ਸਿੱਖੀ ਨਹੀਂ। ਨਾਮ ਜਪਣਾ ਸਿਰਫ਼ ਨਿਜ ਵਾਸਤੇ ਹੈ। ਪਰ ਸਿੱਖ ਮਜ਼ਹਬ ਵਿਚ ਭਾਈਚਾਰਾ, ਪੰਥ, ਕੌਮ, ਸਰਬਤ ਖਾਲਸਾ, ਕੁਲ ਦੁਨੀਆਂ ਦਾ ਭਲਾ ਮੰਗਿਆ ਜਾਂਦਾ ਹੈ। ਸਗੋਂ ਜੇ ਕਰ ਗਹੁ ਨਾਲ ਵੇਖੀਏ ਤਾਂ ਸਿੱਖ ਦੀ ਅਰਦਾਸ 'ਚ ਨਿਜ ਵਾਸਤੇ ਤਾਂ ਕੁਝ ਵੀ ਨਹੀਂ ਮੰਗਿਆ ਹੋਇਆ। ਸਾਰਾ ਕੁਝ ਹੀ "ਸਿੱਖਾਂ ਨੂੰ......ਦਾਨ" ਅਤੇ "ਸਰਬਤ ਦਾ ਭਲਾ" ਹੈ। ਸਿੱਖੀ ਤਾਂ ਭਾਈਚਾਰਾ ਹੈ, ਇਤਹਾਦ ਹੈ। ਜੇ ਸਿੱਖ ਕੋਲ ਨਿਜ ਵਾਸਤੇ ਕੋਈ ਕਾਰਵਾਈ ਹੈ ਤਾਂ ਉਹ ਹੈ ਨਾਮ ਜਪਣਾ। ਇਸ ਦਾ ਮਾਅਨਾ ਇਹ ਹਰਗਿਜ਼ ਨਹੀਂ ਕਿ ਨਾਮ ਜਪਣ ਨੂੰ ਗ਼ੈਰ-ਜ਼ਰੂਰੀ, ਘੱਟ ਅਹਿਮ, ਛੋਟ ਦੇਣ ਵਾਲੀ ਜਗਹ ਦਿੱਤੀ ਜਾ ਸਕਦੀ ਹੈ। ਸਿੱਖੀ ਦੇ ਰਸਤੇ ਤੇ ਤੁਰਦਿਆਂ ਇਹ "ਨਿਜੀ" ਮਕਸਦ ਦਾ ਇਹੋ ਜਿਹਾ ਹਿੱਸਾ ਹੈ :

ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥
ਪੂਰੇ ਗੁਰ ਤੇ ਨਾਮੁ ਪਲੈ ਪਾਈ ॥

(ਸਫ਼ਾ ੧੧੭੫)

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥

(ਸਫ਼ਾ ੨੬੬)

ਨਾਮ ਜਪਣਾ ਸਿਰਫ਼ ਪਾਠ ਕਰਨਾ ਨਹੀਂ। ਇਸ ਵਿਚ ਇਹ ਵੀ ਸ਼ਾਮਿਲ ਹੈ ਕਿ ਹਰ ਸੁਆਸ ਦੇ ਨਾਲ ਵਾਹਿਗੁਰੂ ਦਾ ਨਿਰਮਲ ਭਉ, ਉਸ ਨਾਲ ਪਿਆਰ, ਉਸ ਦਾ ਅਹਿਸਾਸ ਸਿੱਖ ਦੇ ਸੀਨੇ ਅਤੇ ਰੂਹ ਵਿਚ ਮੌਜੂਦ ਰਹੇ।

੪. ਜਰਵਾਣੇ ਦੀ ਭੱਖਿਆ : ਗੁਰਮਤਿ ਗਾਡੀ ਰਾਹ ਦਾ ਚੌਥਾ ਮੁੱਢਲਾ ਅਸੂਲ ਹੈ: ਇਨਸਾਨੀ ਹੱਕਾਂ ਦੀ ਹਿਫ਼ਾਜ਼ਤ ਵਾਸਤੇ ਜੂਝਣਾ। ਸਿੱਖ ਨੂੰ ਗੁਰੂ ਨਾਨਕ ਸਾਹਿਬ ਨੇ ਛੇਵੇਂ ਜਾਮੇ ਵਿਚ ਆਖਿਆ ਸੀ ਕਿ ਸਿੱਖ ਨੇ "ਗ਼ਰੀਬ ਦੀ ਰਖਿਆ, ਜਰਵਾਣੇ ਦੀ ਭੱਖਿਆ" ਤੇ ਪਹਿਰਾ ਦੇਣਾ ਹੈ। ਸਿੱਖ ਕਿਸੇ ਗ਼ਰੀਬ ਮਜ਼ਲੂਮ, ਕਮਜ਼ੋਰ ਨਾਲ ਹੁੰਦੀ ਜ਼ਿਆਦਤੀ ਨਹੀਂ ਵੇਖ ਸਕਦਾ। ਸਿੱਖ ਦੀਆਂ ਅੱਖਾਂ ਸਾਹਵੇਂ ਜਰਵਾਣਾ ਜ਼ਿਆਦਤੀ ਕਰਦਾ ਹੋਏ ਤੇ ਸਿੱਖ ਪਾਸਾ ਪਰਤ ਕੇ, ਅੱਖ ਬਚਾ ਕੇ, ਨਿਕਲ ਜਾਏ; ਇਹ ਨਾਮੁਮਕਿਨ ਹੈ। ਸਿੱਖ ਨੇ ਤਾਂ ਜ਼ੁਲਮ, ਧੱਕਾ, ਜ਼ਿਆਦਤੀ ਦਾ ਨਾਸ ਕਰਨਾ ਹੈ। ਪਰ ਜੇ ਕਿਤੇ ਸਿੱਖ ਖ਼ੁਦ ਇਸ ਜ਼ੁਲਮ ਵਿਚ ਸ਼ਾਮਿਲ ਹੋ ਜਾਏ ਤਾਂ ਉਸ ਤੋਂ ਵੱਡਾ ਸਿੱਖੀ ਦਾ ਦੁਸ਼ਮਣ ਹੋਰ ਕੋਈ ਨਹੀਂ ਹੋ ਸਕਦਾ। ਸਿੱਖ ਨੇ ਜੂਝਣਾ ਹੈ, "ਦੀਨ ਕੇ ਹੇਤ" ਲੜਨਾ ਹੈ। ਇਸ ਲੜਾਈ ਵਾਸਤੇ ਪੈਂਤੜਾ ਕੋਈ ਵੀ ਅਪਣਾਇਆ ਜਾ ਸਕਦਾ ਹੈ। ਪਰ ਜ਼ਾਲਿਮ ਨਾਲ ਸਾਂਝ ਪਾਉਣਾ ਤਾਂ ਸਿੱਖ ਫ਼ਲਸਫ਼ੇ ਵਿਚ ਬਿਲਕੁਲ ਹੀ ਕਬੂਲ ਨਹੀਂ ਹੈ।

ਜਪਾਨੀਆਂ ਨੇ ਦੂਜੀ ਵੱਡੀ ਜੰਗ 'ਚ ਬੜੇ ਜੁਝਾਰੂ ਐਕਸ਼ਨ ਕੀਤੇ ਸਨ। ਪਰ ਦੂਜੇ ਪਾਸੇ ਦੁਨੀਆਂ ਭਰ ਦੇ ਜ਼ੁਲਮ ਵੀ ਉਨ੍ਹਾਂ ਨੇ ਹੀ ਕੀਤੇ ਸਨ। ਜਪਾਨੀਆਂ ਦੀ ਬਹਾਦਰੀ ਤੇ ਜੂਝਣਾ ਉਨ੍ਹਾਂ ਦੇ ਜ਼ੁਲਮ ਦੀ ਕਾਲਿਖ਼ ਹੇਠ ਛੁਪ ਗਿਆ। ਇੰਵ ਹੀ ਜੇ ਕੋਈ ਜੁਝਾਰੂ ਸਿੱਖ ਜ਼ਾਲਿਮ, ਧੱਕੇ-ਖੋਰ ਜਾਂ ਬੇਗੁਨਾਹਾਂ ਦਾ ਕਾਤਿਲ ਬਣਦਾ ਹੈ ਤਾਂ ਉਸ ਦੀ ਕੁਰਬਾਨੀ ਮਿੱਟੀ ਹੋ ਜਾਂਦੀ ਹੈ। ਜੁਝਾਰੂ ਜ਼ਾਲਿਮ ਨਹੀਂ ਹੋ ਸਕਦਾ, ਉਹ ਦਹਿਸ਼ਤਗਰਦ (ਅੱਤਵਾਦੀ) ਨਹੀਂ ਹੋ ਸਕਦਾ। ਉਸ ਦੇ ਜੂਝਣ 'ਤੇ ਗੁਰਮਤਿ ਦੇ ਇਖ਼ਲਾਕ ਦਾ ਪਹਿਰਾ ਹੈ। ਪਰ ਇਹ ਜ਼ਰੂਰੀ ਹੈ (ਸਿੱਖ ਫ਼ਲਸਫ਼ੇ ਮੁਤਾਬਿਕ ਹਰ ਸਿੱਖ ਦਾ ਫ਼ਰਜ਼ ਹੈ) ਕਿ ਉਹ ਆਪਣੀ ਔਕਾਤ ਮੂਜਬ, ਬੇਇਨਸਾਫ਼ੀ, ਜ਼ੁਲਮ, ਜ਼ਿਆਦਤੀ, ਦਹਿਸ਼ਤ ਅਤੇ ਹੈਵਾਨੀਅਤ ਦੇ ਖ਼ਿਲਾਫ਼ ਲੜੇ।

੫. ਸਰਬਤ ਦਾ ਭਲਾ ਮੰਗਣਾ : ਸਿੱਖ ਦੀ ਅਰਦਾਸ ਦਾ ਸਭ ਤੋਂ ਜ਼ਰੂਰੀ ਹਿੱਸਾ ਹੈ "ਸਰਬਤ ਦਾ ਭਲਾ" ਮੰਗਣਾ। ਸਿੱਖ ਦੀ ਅਰਦਾਸ ਨਿਜ ਵਾਸਤੇ ਨਹੀਂ ਹੁੰਦੀ ਬਲਕਿ ਸਮੁੱਚੀ ਲੋਕਾਈ ਵਾਸਤੇ ਹੁੰਦੀ ਹੈ। ਸਿਰਫ਼ ਏਨਾ ਹੀ ਨਹੀਂ ਕਿ ਸਿੱਖ ਸਿਰਫ਼ ਅਰਦਾਸ ਵਿਚ "ਸਰਬਤ ਦਾ ਭਲਾ" ਮੰਗਦਾ ਹੈ, ਬਲਕਿ ਉਹ ਤਾਂ ਹਰ ਵੇਲੇ ਹੀ ਰੱਬ ਤੋਂ ਇਹੀ ਮੰਗਦਾ ਹੈ।

ਹੋਰ ਤਾਂ ਹੋਰ ਸਿੱਖ ਜਦੋਂ ਰੋਟੀ ਦੀ ਬੁਰਕੀ ਮੂੰਹ ਵਿਚ ਪਾਉਂਦਾ ਹੈ ਤਾਂ ਉਹ ਇਹ ਆਖ ਕੇ ਸ਼ੁਰੂ ਕਰਦਾ ਹੈ ਕਿ "ਵਾਹਿਗੁਰੂ! ਜਿਹੋ ਜਿਹੀ ਰੋਟੀ ਮੈਨੂੰ ਦਿੱਤੀ ਹੈ, ਉਸ ਤੋਂ ਵੀ ਵਧੀਆ ਦੁਨੀਆਂ ਦੇ ਹਰ ਬਸ਼ਰ ਨੂੰ ਦੇਵੀਂ"। ਇਹ ਅਲਫ਼ਾਜ਼ ਭਾਵੇਂ ਹਰ ਸਿੱਖ ਬੋਲ ਕੇ ਆਖੇ ਜਾਂ ਰੂਹ ਵਿਚ ਮਹਿਸੂਸ ਕਰੇ, ਪਰ ਜੇ ਇਸ ਅਹਿਸਾਸ ਤੋਂ ਬਿਨਾਂ ਸਿੱਖ ਰੋਟੀ ਖਾਂਦਾ ਹੈ ਤਾਂ ਉਹ ਝੂਠ

ਹੈ ਤੇ ਜੂਠ ਹੈ। ਇਹ ਹੈ ਸਿੱਖ ਫ਼ਲਸਫ਼ੇ ਦੀ ਵਡਿਆਈ, ਜਿਹੜੀ ਗੁਰਮਤਿ ਨੂੰ ਵੀਹਵੀਂ ਜਾਂ ਇਕੀਵੀਂ ਸਦੀ ਨਹੀਂ ਸਗੋਂ ਹਜ਼ਾਰਵੀਂ ਸਦੀ ਦਾ ਮਜ਼ਹਬ ਬਣਾਉਂਦੀ ਹੈ।

੬. ਸ਼ੁਕਰਾਨਾ ਕਰਨਾ : ਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਹਰ ਗੱਲ ਵਿਚ ਵਾਹਿਗੁਰੂ ਦਾ ਸ਼ੁਕਰ ਕਰੇ। ਜੇ ਸਿੱਖ ਇਹ ਸਮਝਦਾ ਹੈ ਕਿ ਉਸ ਨੇ ਕੋਈ ਚੀਜ਼ ਆਪਣੀ ਹਿੰਮਤ, ਤਾਕਤ ਜਾਂ ਖ਼ੂਬੀ ਦੀ ਵਜ੍ਹਾ ਕਰ ਕੇ ਹਾਸਿਲ ਕੀਤੀ ਹੈ ਤਾਂ ਯਕੀਨਨ ਉਹ ਸ਼ਖ਼ਸ ਸਿੱਖੀ ਤੋਂ ਦੂਰ ਹੈ। ਸਿੱਖ ਦਾ ਰੱਬ 'ਚ ਯਕੀਨ ਏਸ ਦਰਜੇ ਤਕ ਦਾ ਹੈ ਕਿ ਉਹ ਆਪਣਾ ਹਰ ਹਾਸਿਲ ਵਾਹਿਗੁਰੂ ਨੂੰ ਅਰਪਨ ਕਰਦਾ ਹੈ। ਵਾਹਿਗੁਰੂ ਦੀ ਬਖ਼ਸ਼ਿਸ਼ 'ਤੇ ਪੂਰਾ ਯਕੀਨ ਨਾ ਰਖਣ ਵਾਲਾ ਕੱਚਾ ਹੈ। ਵਾਹਿਗੁਰੂ ਨਾਲ ਇਹ ਸ਼ਿਕਾਇਤ ਵੀ ਨਹੀਂ ਬਣਦੀ ਕਿ ਉਸ ਨੇ ਸਾਨੂੰ ਘੱਟ ਦਿੱਤਾ ਹੈ। ਵਾਹਿਗੁਰੂ ਨੂੰ ਪਤਾ ਹੈ ਕਿ ਉਸ ਨੇ ਕਿਸ ਨੂੰ, ਕੀ, ਕਦੋਂ, ਕਿੰਨਾ, ਕਿਵੇਂ, ਕਿਥੇ ਦੇਣਾ ਹੈ। ਸਿੱਖ ਦਾ ਫ਼ਰਜ਼ ਉਸ ਦੀ ਬਖ਼ਸ਼ਿਸ਼ ਨੂੰ ਅਪਾਰ ਮੰਨਣਾ ਹੈ।

੭. ਭਾਣਾ ਮੰਨਣਾ : ਸਿੱਖ ਵਾਹਿਗੁਰੂ ਦਾ ਭਾਣਾ ਮੰਨਣ ਤੋਂ ਕੁਤਾਹੀ ਨਹੀਂ ਕਰ ਸਕਦਾ। ਸਿੱਖ ਨੇ ਹਮੇਸ਼ਾ ਉਸ ਦੇ "ਹੁਕਮ" ਵਿਚ ਚਲਣਾ ਹੈ। ਸਿੱਖ ਹਮੇਸ਼ਾ ਆਖਦਾ ਹੈ "ਜੋ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ" (ਸਫ਼ਾ ੧੨੩੯), "ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥" (ਸਫ਼ਾ ੩੯੪), "ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ ॥" (ਸਫ਼ਾ ੭੫੭), ਸਿੱਖ ਤਾਂ ਔਖੇ ਵੇਲੇ ਵੀ ਭਾਣਾ ਮੰਨਦਾ ਹੈ ਤੇ ਸੌਖੇ ਵੇਲੇ ਵੀ ਸ਼ੁਕਰਾਨੇ ਵਜੋਂ ਉਸ ਨੂੰ ਯਾਦ ਕਰਦਾ ਹੈ। ਸਭ ਕੁਝ ਨੂੰ ਇਹੀ ਆਖਦਾ ਹੈ "ਏਹਿ ਭੀ ਦਾਤਿ ਤੇਰੀ ਦਾਤਾਰ ॥"

੮. ਸੇਵਾ : ਸਿੱਖ ਮਜ਼ਹਬ ਦਾ ਇਕ ਹੋਰ ਵਡਮੁਲਾ ਅਸੂਲ "ਸੇਵਾ" ਹੈ। ਜਿਸ ਸਿੱਖ ਵਿਚ ਹੋਰ ਸਭ ਖ਼ੂਬੀਆਂ ਆ ਜਾਣ ਪਰ ਸੇਵਾ ਦੀ ਭਾਵਨਾ ਨਹੀਂ ਉਹ ਵੀ ਪੂਰਾ ਸਿੱਖ ਨਹੀਂ ਹੈ; ਉਹ ਬੌਣਾ ਹੈ, ਅਧੂਰਾ ਹੈ, ਕੱਚਾ ਹੈ। ਸਿੱਖ ਤਨ, ਮਨ, ਧਨ ਨਾਲ ਸੇਵਾ ਕਰਦਾ ਹੈ। ਜਿੰਨੀ ਵੱਧ ਤੋਂ ਵੱਧ ਹੋ ਸਕੇ, ਸੇਵਾ ਕਰਨ ਨੂੰ ਸਿੱਖ "ਵੱਡੇ ਭਾਗ" ਸਮਝਦਾ ਹੈ। ਸੇਵਾ, ਸਿੱਖ ਵਿਚ, ਨਿਮਰਤਾ, ਸਬਰ, ਸਖਾਵਤ ਤੇ ਨਿਰਛਲਤਾ ਵਰਗਾ ਅਹਿਸਾਸ ਭਰਦੀ ਹੈ। ਸੇਵਾ ਕਰਨ ਵਾਲਾ ਸਿੱਖ ਆਪਣੇ ਆਪ ਨੂੰ ਭਾਈਚਾਰੇ ਦਾ ਕੀਮਤੀ ਹਿੱਸਾ ਮੰਨਦਾ ਹੈ। ਉਸ ਵਿਚੋਂ ਹਉਮੈ, ਬੋਅ, ਆਕੜ, ਖ਼ੁਦਗ਼ਰਜ਼ੀ, ਕੱਚਾਪਣ ਘਟਦਾ ਹੈ। ਸਿੱਖ ਨੂੰ ਮੁਕਤ ਹੋਣ ਵਾਸਤੇ ਸੇਵਾ ਇਕ ਜ਼ਰੂਰੀ ਪੌੜੀ ਦੱਸੀ ਗਈ ਹੈ

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥

(ਸਫ਼ਾ ੨੬)

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

(ਸਫ਼ਾ ੪੭੪)

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਸਫ਼ਾ ੨੮੬)

ਪਰ ਸੇਵਾ ਕਰਨ ਵਾਲੇ ਵਾਸਤੇ ਦੋ ਸ਼ਰਤਾਂ ਦਾ ਅਹਿਸਾਸ ਜ਼ਰੂਰੀ ਹੈ। ਪਹਿਲੀ ਇਹ

ਹੈ ਕਿ ਸੇਵਾ ਕਰਦਿਆਂ ਉਸ ਦੇ ਦਿਲ ਵਿਚ ਰਿਆਇਤ, ਵਖਰੇਵਾਂ, ਵਿਤਕਰਾ ਨਹੀਂ ਹੋਣਾ ਚਾਹੀਦਾ। ਦੂਜੀ ਗੱਲ ਇਹ ਹੈ ਕਿ ਸੇਵਾ ਦਿਖਾਵੇ ਵਾਸਤੇ ਨਹੀਂ ਹੋਣੀ ਚਾਹੀਦੀ। ਦਿਖਾਵੇ ਵਾਸਤੇ ਸੇਵਾ ਕਰਨ ਵਾਲਾ ਦੰਭੀ ਹੈ ਤੇ ਉਸ ਦੀ ਸੇਵਾ ਕਬੂਲ ਨਹੀਂ ਹੁੰਦੀ। ਉਲਟਾ ਉਹ ਵਧੇਰੇ ਗੁਨਾਹਗਾਰ ਬਣ ਜਾਂਦਾ ਹੈ :

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ, ਸੇਵ ਪਈ ਤਿਨ ਥਾਇ ॥ *(ਸਫ਼ਾ ੨੮)*
ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥ *(ਸਫ਼ਾ ੫੧)*

੯. ਲੰਗਰ ਤੇ ਪੰਗਤ : ਸਿੱਖੀ ਵਿਚ ਵੱਡੀਆਂ ਜ਼ਰੂਰੀ ਗੱਲਾਂ ਵਿਚ ਲੰਗਰ ਵੀ ਹੈ। ਸਿੱਖ ਕਲਚਰ ਮੁਤਾਬਿਕ ਹਰ ਗੁਰਦੁਆਰੇ ਵਿਚ, ਜਿਥੋਂ ਤਕ ਹੋ ਸਕੇ, ਲੰਗਰ ਦਾ ਇੰਤਜ਼ਾਮ ਜ਼ਰੂਰੀ ਹੈ। ਉਥੇ ਹਾਜ਼ਿਰ ਹਰ ਇੱਕ ਸ਼ਖ਼ਸ ਬਿਨਾਂ ਵਿਤਕਰੇ ਦੇ ਲੰਗਰ ਦੀ ਸੇਵਾ ਕਰ ਸਕਦਾ ਹੈ ਅਤੇ ਛਕ ਸਕਦਾ ਹੈ। ਉਂਞ ਤਾਂ ਅਸੂਲਨ, ਹਰ ਸਿੱਖ ਦੇ ਘਰ ਤਿਆਰ ਹੋਣ ਵਾਲੀ ਰੋਟੀ ਲੰਗਰ ਹੀ ਹੈ। ਜਿਸ ਘਰ ਵਿਚ ਜਿਸ ਦਿਨ ਕੋਈ ਮਹਿਮਾਨ ਲੰਗਰ ਨਹੀਂ ਛਕਦਾ, ਉਹ ਦਿਨ ਉਸ ਘਰ ਵਾਸਤੇ ਪੂਰਾ ਨਹੀਂ ਮੰਨਿਆ ਜਾਂਦਾ।

ਲੰਗਰ ਬਾਰੇ ਇਕ ਹੋਰ ਖ਼ਾਸ ਨੁਕਤਾ ਇਹ ਹੈ ਕਿ ਲੰਗਰ "ਮੁਫ਼ਤ ਰੋਟੀ" ਨਹੀਂ ਹੈ। ਕੁਝ ਅਣਜਾਣ ਲੇਖਕਾਂ ਨੇ ਲੰਗਰ ਨੂੰ ਅੰਗਰੇਜ਼ੀ ਵਿਚ "ਮੁਫ਼ਤ ਰਸੋਈ" ਲਿਖਿਆ ਹੈ। ਇਹ ਉਨ੍ਹਾਂ ਦੀ ਭੁੱਲ ਹੈ ਲੰਗਰ ਅਸਲ ਵਿਚ "ਪਵਿੱਤਰ ਭਾਈਚਾਰਕ ਰਸੋਈ" ਹੈ। ਗੁਰਬਾਣੀ (ਸ਼ਬਦ) ਤੋਂ ਰੂਹਾਨੀਅਤ ਅਤੇ ਲੰਗਰ (ਪਵਿੱਤਰ ਰਸੋਈ) ਤੋਂ ਇਨਸਾਨੀਅਤ, ਇਖ਼ਲਾਕ ਤੇ ਤਹਿਜ਼ੀਬ ਦਾ ਸਬਕ ਮਿਲਦਾ ਹੈ।

੧੦. ਦਾਨ : ਸਿੱਖੀ ਵਿਚ ਦਾਨ ਦੀ ਕੋਈ ਜਗਹ ਨਹੀਂ। ਦਾਨ ਲੈਣਾ ਤੇ ਦਾਨ ਦੇਣਾ, ਸਿੱਖ ਫ਼ਲਸਫ਼ੇ ਵਿਚ ਦੋਵੇਂ ਨਾਮਨਜ਼ੂਰ ਹਨ। ਗੁਰਦੁਆਰੇ ਵਿਚ ਮੱਥਾ ਟੇਕਣਾ, ਲੰਗਰ 'ਚ ਸੇਵਾ ਕਰਨਾ (ਮਾਇਆ ਜਾਂ ਰਸਦ ਨਾਲ), ਚੜ੍ਹਾਵਾ, ਫ਼ੰਡ, ਦਸਵੰਧ ਵਗ਼ੈਰਾ ਦਾਨ ਨਹੀਂ ਇਹ ਤਾਂ 'ਕਰਜ਼ਾ ਮੋੜਨਾ' ਹੈ। ਸਿੱਖ ਤਾਂ ਗੁਰੂ ਤੋਂ ਸਭ ਕੁਝ ਲੈਂਦਾ ਹੈ, ਫਿਰ ਉੱਥੇ ਉਹ "ਦੇਣ ਵਾਲਾ" ਕਿੰਞ ਬਣ ਸਕਦਾ ਹੈ। ਇੰਞ ਹੀ ਜਦੋਂ ਸਿੱਖ ਕਿਸੇ ਦੀ ਕੋਈ ਇਮਦਾਦ ਕਰਦਾ ਹੈ ਤਾਂ ਉਸ ਨੂੰ 'ਦਾਨ ਦੇਣਾ' ਆਖਣਾ ਗ਼ਲਤ ਹੈ। ਉਹ ਤਾਂ ਵਾਹਿਗੁਰੂ ਦੇ ਹੁਕਮ ਹੇਠ ਸਿਰਫ਼ ਆਪਣਾ ਦਸਵੰਧ ਦੇਣ ਦਾ ਫ਼ਰਜ਼ ਅਦਾ ਕਰ ਰਿਹਾ ਹੁੰਦਾ ਹੈ।

ਇਹ ਹਨ ਸਿੱਖ ਫ਼ਲਸਫ਼ੇ ਦੇ ੧੦ ਮੁੱਢਲੇ ਨੁਕਤੇ। ਇਨ੍ਹਾਂ ਅਤੇ ਹੋਰ ਮੁੱਢਲੇ ਨੁਕਤਿਆਂ ਬਾਰੇ ਚੰਦ ਕੁ ਲਫ਼ਜ਼ਾਂ ਵਿਚ ਬਹੁਤ ਹੀ ਮੁਖ਼ਤਸਰ ਗੱਲਾਂ ਕੀਤੀਆਂ ਗਈਆਂ ਹਨ। ਗੁਰਮਤਿ ਦਾ ਫ਼ਲਸਫ਼ਾ ਏਨਾ ਵੱਡਾ ਭੰਡਾਰਾ ਹੈ ਕਿ ਉਸ ਨੂੰ ਜਿਵੇਂ-ਜਿਵੇਂ ਫ਼ਰੋਲਦੇ ਜਾਈਏ, ਅਨੰਦ ਆਉਂਦਾ ਹੈ। ਸਾਡੀ ਪਹਿਲੀ ਜ਼ਰੂਰਤ ਇਹ ਹੈ ਕਿ ਅਸੀਂ ਇਨ੍ਹਾਂ ਬਹੁਤ ਹੀ ਮੁੱਢਲੇ ਨੁਕਤਿਆਂ ਨੂੰ ਆਪਣੀ ਤਰਜ਼ੇ-ਜ਼ਿੰਦਗੀ 'ਤੇ ਢੁਕਾ ਕੇ ਵੇਖੀਏ ਕਿ ਆਪਾਂ ਕਿੰਨੇ ਕੁ ਸਿੱਖ ਹਾਂ ਤੇ ਕਿੰਨਾ ਕੁ ਸੁਧਾਰ ਚਾਹੀਦਾ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ ॥
(ਸਫ਼ਾ ੬੬੧)

ਸਿੱਖ ਕਲਚਰ

ਦੁਨੀਆਂ ਭਰ ਵਿਚ ਹਰ ਕੌਮ ਦਾ ਆਪਣਾ ਖ਼ਾਸ ਲਾਸਾਨੀ ਕਲਚਰ ਹੈ। ਕੁਝ ਕਲਚਰ ਤਾਂ ਅਜਿਹੇ ਹਨ ਜੋ ਬਾਕੀਆਂ ਨਾਲੋਂ ਬਹੁਤ ਹੀ ਵੱਖਰੇ ਹਨ। ਆਮ ਤੌਰ 'ਤੇ ਲੋਕ ਇਸ ਨੂੰ ਪੂਰਬੀ ਤੇ ਪੱਛਮੀ ਆਖ ਕੇ ਦੋ ਹਿੱਸਿਆਂ ਵਿਚ ਵੰਡ ਦੇਂਦੇ ਹਨ। ਪਰ ਇਹ ਠੀਕ ਨਹੀਂ ਹੈ। ਦੁਨੀਆਂ ਭਰ 'ਚ ਸੈਂਕੜੇ ਕੌਮਾਂ ਹਨ ਤੇ ਉਨ੍ਹਾਂ ਦਾ ਆਪਣਾ-ਆਪਣਾ ਵਖਰਾ ਤੇ ਖ਼ਾਸ ਕਲਚਰ ਹੈ। ਇਹ ਠੀਕ ਹੈ ਕਿ ਕਈ ਕੌਮਾਂ ਦੇ ਕਲਚਰਜ਼ ਦੇ ਕੁਝ ਨੁਕਤੇ ਦੂਜੀਆਂ ਕੌਮਾਂ ਨਾਲ ਰਲਦੇ ਹਨ ਪਰ ਇਸ ਨੂੰ "ਸਾਂਝ" ਜਾਂ "ਏਕਤਾ" ਦਾ ਨਾਂ ਦੇਣਾ ਗ਼ਲਤ ਹੈ। ਦੁਨੀਆਂ ਵਿਚ ਕਲਚਰ ਨੂੰ ਇਕ ਕਰਨ ਅਤੇ ਕਲਚਰਜ਼ ਦੀ ਸਾਂਝ ਪਾਉਣ ਦੇ ਨਾਂ 'ਤੇ ਵੀ ਚਰਚਾ ਚਲਦੀ ਰਹਿੰਦੀ ਹੈ। ਇਹ ਇਕ ਅਜੀਬ ਜਿਹੀ ਸੋਚਣੀ ਹੈ ਕਿ ਕਿਸੇ ਇਕ ਇਲਾਕੇ, ਮੁਲਕ ਜਾਂ ਜਜ਼ੀਰੇ ਵਿਚ ਇਕ "ਸਾਂਝਾ" ਕਲਚਰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਏ। ਅਜਿਹਾ ਕੁਝ ਯੂਰਪ ਵਿਚ ਕਰਨ ਦੀ ਗੱਲ ਵੀ ਚਲਦੀ ਰਹੀ ਹੈ ਅਤੇ ਕੁਝ ਮੁਲਕਾਂ ਦੇ ਮੂਲ ਵਾਸੀ ਬਾਹਰੋਂ ਆ ਵਸੇ ਲੋਕਾਂ 'ਤੇ ਜ਼ੋਰ ਦੇਂਦੇ ਰਹੇ ਹਨ ਕਿ ਉਹ ਆਪਣਾ ਕਲਚਰ ਛੱਡ ਕੇ ਮੁਕਾਮੀ ਕਲਚਰ ਅਪਣਾ ਲੈਣ। ਅਜਿਹਾ ਹੀ ਭਾਰਤ ਵਿਚ ਪਰਚਾਰਿਆ ਜਾਂਦਾ ਰਿਹਾ ਹੈ ਅਤੇ ਹੁਣ ਵੀ ਰੌਲਾ ਪਾਇਆ ਜਾ ਰਿਹਾ ਹੈ ਕਿ ਸਾਰੇ ਭਾਰਤ ਦਾ "ਸਾਂਝਾ ਕਲਚਰ" ਹੋਵੇ। ਕਲਚਰ ਤਾਂ ਇਕ ਨਿੱਜੀ ਸੋਚ ਹੈ, ਜੀਵਨ ਜਾਚ ਹੈ, ਤਰੀਕਾ ਹੈ। ਇਹ ਕਦੇ ਠੋਸਿਆ ਨਹੀਂ ਜਾ ਸਕਦਾ ਤੇ ਨਾ ਹੀ ਇਨਸਾਨ ਨੂੰ ਮਸ਼ੀਨ ਵਾਂਗ ਮੰਨ ਕੇ ਅਜਿਹਾ ਕੁਝ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਠੋਸਣਾ ਇਨਸਾਨ ਦੀ ਜਜ਼ਬਾਤੀ, ਜ਼ਿਹਨੀ ਤੇ ਰੂਹਾਨੀ ਆਜ਼ਾਦੀ ਹੀ ਨਹੀਂ, ਬਲਕਿ ਇਨਸਾਨ ਦੀ ਸ਼ਖ਼ਸੀਅਤ ਦੇ ਵਿਕਾਸ ਦੇ ਰਾਹ ਵਿਚ ਹੀ ਰੁਕਾਵਟ ਹੈ।

ਹਰ ਕਲਚਰ ਦੇ ਕੁਝ ਖ਼ਾਸ ਪਹਿਲੂ ਹੋਇਆ ਕਰਦੇ ਹਨ। ਹਰ ਕਲਚਰ 'ਚ ਪਹਿਰਾਵਾ, ਖ਼ੁਰਾਕ, ਖੇਡਾਂ, ਧਰਮ, ਬੋਲੀ, ਹੀਰੋ, ਰਸਮੋ-ਰਿਵਾਜ, ਤਿਉਹਾਰ, ਮੇਲੇ, ਨਾਚ, ਗੀਤ ਵਗ਼ੈਰਾ ਵੱਖਰੇ-ਵੱਖਰੇ ਹੋਇਆ ਕਰਦੇ ਹਨ। ਸਿੱਖੀ ਜਿਥੇ ਇਕ ਧਰਮ ਹੈ ਉਥੇ ਇਕ ਜੀਵਨ-ਜਾਚ ਵੀ ਹੈ। ਇਹ ਇਕ ਲਾਸਾਨੀ ਕਲਚਰ ਵੀ ਹੈ। ਸਿੱਖ ਕਲਚਰ ਦੇ ਕੁਝ ਅਹਿਮ ਨੁਕਤੇ ਇਹ ਹਨ :

ਸਿੱਖ ਦਾ ਪਹਿਰਾਵਾ ਬਾਕੀ ਸਾਰੀ ਦੁਨੀਆਂ ਤੋਂ ਵੱਖਰਾ ਹੈ। ਸਿੱਖ ਦੇ ਪਹਿਰਾਵੇ ਵਿਚ ਲਾਸਾਨੀ ਕਿਸਮ ਦਾ ਕਛਹਿਰਾ, ਕੜਾ, ਕਿਰਪਾਨ, ਕੰਘਾ ਸ਼ਾਮਿਲ ਹਨ। ਸਿੱਖ ਵਾਸਤੇ ਦਸਤਾਰ ਲਾਜ਼ਮੀ ਹੈ। ਸਿੱਖ ਜਿਸਮ ਦੇ ਕਿਸੇ ਵੀ ਹਿੱਸੇ ਤੋਂ ਰੋਮ ਨਹੀਂ ਕੱਟ ਸਕਦਾ। ਸਿੱਖ ਦਾ ਪਹਿਰਾਵਾ ਅਜਿਹਾ ਹੈ ਕਿ ਉਹ ਲੱਖਾਂ ਤੇ ਹਜ਼ਾਰਾਂ ਦੀ ਭੀੜ ਵਿਚੋਂ ਆਸਾਨੀ ਨਾਲ ਪਹਿਚਾਣਿਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਕਾਫ਼ੀ ਲੋਕ ਪੈਂਟ-

ਕਮੀਜ਼ ਪਾਉਣ ਲੱਗ ਪਏ ਹਨ ਪਰ ਪੰਜਾਬ ਦਾ ਅਸਲ ਪਹਿਰਾਵਾ ਕੁੜਤਾ ਪਜਾਮਾ/ਚੂੜੀਦਾਰ ਪਜਾਮਾ ਜਾਂ ਕੁੜਤਾ-ਚਾਦਰਾ ਹੀ ਹੈ। ਸਿੱਖ ਧਰਮ 'ਚ ਕਮੀਜ਼ ਤੇ ਪੈਂਟ ਕਮੀਜ਼ 'ਤੇ ਕੋਈ ਪਾਬੰਦੀ ਨਹੀਂ ਪਰ ਪੰਜਾਬ ਦੇ ਪੁਰਾਣੇ ਕਲਚਰ 'ਚ ਕੁੜਤਾ-ਪਜਾਮਾ ਤੇ ਕੁੜਤਾ-ਚਾਦਰਾ ਹੀ ਸੀ। ਰਾਵਲਪਿੰਡੀ ਤੇ ਆਲੇ-ਦੁਆਲੇ ਦੇ ਲੋਕ ਕਮੀਜ਼-ਸਲਵਾਰ ਪਾਇਆ ਕਰਦੇ ਹਨ। ਹੁਣ ਵੀ ਪਾਕਿਸਤਾਨੀ ਫ਼ਿਲਮਾਂ ਅਤੇ ਫ਼ੈਸ਼ਨ ਦੇ ਅਸਰ ਹੇਠ ਕਾਫ਼ੀ ਨੌਜਵਾਨ ਕੁੜਤਾ ਤੇ ਸਲਵਾਰ ਪਾਉਣ ਲੱਗ ਪਏ ਹਨ। ਪੰਜਾਬੀ ਔਰਤ ਦਾ ਪਹਿਰਾਵਾ ਵੀ ਮੁੱਖ ਤੌਰ 'ਤੇ ਸਲਵਾਰ ਤੇ ਕਮੀਜ਼ ਹੀ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਵਿਚ ਲਹਿੰਗਾ, ਘੱਗਰਾ, ਗਰਾਰਾ, ਸ਼ਰਾਰਾ ਤੇ ਚੂੜੀਦਾਰ ਪਜਾਮਾ ਵੀ ਚਲਦੇ ਰਹੇ ਹਨ। ੧੯੪੭ ਤੋਂ ਮਗਰੋਂ ਹਿੰਦੂਆਂ ਦੀ ਨਕਲ ਕਰਦਿਆਂ ਪੰਜ-ਦਸ ਫ਼ੀ ਸਦੀ ਸਿੱਖ-ਔਰਤਾਂ ਕਦੇ-ਕਦੇ ਸਾੜ੍ਹੀ ਬੰਨ੍ਹਣ ਵੀ ਲੱਗ ਪਈਆਂ ਸਨ (ਜੋ ਹੁਣ ਘਟਦਾ ਜਾ ਰਿਹਾ ਹੈ) ਅਤੇ ਪਿਛਲੇ ਕੁਝ ਸਾਲਾਂ ਤੋਂ ਜੀਨ ਤੇ ਦੂਜੀਆਂ ਪੈਂਟਾਂ ਦਾ ਰਿਵਾਜ ਵੀ ਸ਼ੁਰੂ ਹੋਇਆ ਹੈ। ਪਰ ਇਹ ਫ਼ੈਸ਼ਨ ਵਧੇਰੇ ਕਰਕੇ ਸ਼ਹਿਰਾਂ ਵਿਚ ਹੀ ਹੈ ਤੇ ਉਹ ਵੀ ਸਿਰਫ਼ ਕਾਲਜ ਜਾਣ ਵਾਲੀਆਂ ਕੁੜੀਆਂ ਦੇ ਇਕ ਛੋਟੇ ਹਿੱਸੇ ਵਿਚ ਹੀ ਮਕਬੂਲ ਹੈ। ਉਂਞ ਸਾੜ੍ਹੀ, ਪੈਂਟ ਜਾਂ ਸਕਰਟ ਕਿਸੇ ਹਾਲਤ ਵਿਚ ਵੀ ਸਿੱਖ ਕਲਚਰ ਦਾ ਹਿੱਸਾ ਨਹੀਂ ਹਨ।

ਸਿੱਖ ਔਰਤਾਂ ਦੇ ਸਿਰ 'ਤੇ ਕੇਸਕੀ, ਦੁੱਪਟਾ, ਚੁੰਨੀ, ਫੁਲਕਾਰੀ ਸਜਦੀ ਹੈ ਤੇ ਇਹ ਸਿੱਖ ਕਲਚਰ ਦਾ ਹਿੱਸਾ ਹੈ। ਹੁਣ ਕੁਝ ਸ਼ਹਿਰੀ ਕੁੜੀਆਂ ਦੇ ਸਿਰੋਂ ਚੁੰਨੀ ਉਤਰ ਚੁੱਕੀ ਹੈ ਤੇ ਪੈਂਟ ਪਾਉਣ ਵਾਲੀਆਂ ਨੇ ਤਾਂ ਚੁੰਨੀ ਨੂੰ ਫਾਰਖਤੀ ਹੀ ਦੇ ਦਿੱਤੀ ਹੈ। ਪਰ ਚੁੰਨੀ ਤੋਂ ਬਿਨਾਂ ਇਕ ਪੰਜਾਬਣ ਇੰਞ ਨਜ਼ਰ ਆਉਂਦੀ ਹੈ ਜਿਵੇਂ ਉਹ ਬੇਹਯਾ ਔਰਤ ਹੋਵੇ। ਪੰਜਾਬ ਦੀ ਜੁੱਤੀ ਵੀ ਬਾਕੀਆਂ ਤੋਂ ਵੱਖਰੀ ਹੈ। ਪੈਰਾਂ ਵਿਚ ਜੁੱਤੀ, ਖੁੱਸਾ, ਪੰਜਾਬੀਆਂ ਦੀ ਆਪਣੀ ਖ਼ਾਸੀਅਤ ਹੈ।

ਸਿੱਖ ਦੀ ਖ਼ੁਰਾਕ ਵੀ ਬਾਕੀਆਂ ਤੋਂ ਵੱਖਰੀ ਹੈ। ਸਿੱਖ ਪੰਜਾਬ ਵਿਚ ਸਰ੍ਹੋਂ ਦਾ ਸਾਗ, ਮੱਕੀ, ਜਵਾਰ, ਬਾਜਰੇ ਦੀ ਰੋਟੀ, ਮੇਥੀ, ਲੱਸੀ, ਮਾਝਾ ਦੁੱਧ, ਮੱਖਣੀ, ਬਹੁਲੀ ਦੀ ਖ਼ਾਸ ਜਗ੍ਹਾ ਹੈ। ਸਿੱਖ ਧਰਮ ਵਿਚ ਕਿਉਂਕਿ ਮਾਸ ਖਾਣ 'ਤੇ ਕੋਈ ਪਾਬੰਦੀ ਨਹੀਂ (ਪਰ ਸਿੱਖ ਕੁੱਠਾ ਮਾਸ ਨਹੀਂ ਖਾ ਸਕਦਾ) ਇਸ ਕਰ ਕੇ ਬੱਕਰਾ, ਮੁਰਗਾ, ਹਿਰਨ, ਤਿੱਤਰ, ਬਟੇਰ ਦਾ ਮਾਸ ਸਿੱਖ ਦੀ ਖ਼ੁਰਾਕ ਦਾ ਇਕ ਹਿੱਸਾ ਹੈ। ਪਰਦੇਸਾਂ ਵਿਚ ਗਾਂ ਦਾ ਮਾਸ (ਬੀਫ਼) ਜੋ ਕਈ ਸ਼ਕਲਾਂ ਵਿਚ ਮਿਲਦਾ ਹੈ (ਖ਼ਾਸ ਕਰ ਕੇ ਰੋਸਟ ਬੀਫ਼, ਬੀਫ਼-ਬਰਗਰ, ਕਬਾਬ, ਕੋਫ਼ਤੇ, ਹਾਂਡੀ ਰੂਪ ਵਿਚ ਅਤੇ ਪੀਜ਼ੇ ਉੱਤੇ ਵੀ) ਹੁਣ ਆਮ ਖਾਧਾ ਜਾਂਦਾ ਹੈ। ਸਿੱਖਾਂ ਦੀ ਵੇਖਾ-ਵੇਖੀ ਹੁਣ ਕਾਫ਼ੀ ਹਿੰਦੂ ਵੀ ਬੀਫ਼ ਬਰਗਰ ਖਾਣ ਲੱਗ ਪਏ ਹਨ ਤੇ ਇਹ ਆਦਤ ਵਧਦੀ ਜਾ ਰਹੀ ਹੈ। ਸਿੱਖ-ਪੰਜਾਬ ਵਿਚ ਚਾਵਲ, ਕੜ੍ਹੀ, ਦਾਲਾਂ, ਸਬਜ਼ੀਆਂ ਵੀ ਰੱਜ ਕੇ ਖਾਧੀਆਂ ਜਾਂਦੀਆਂ ਹਨ। ਸਿੱਖ-ਪੰਜਾਬ ਵਿਚ ਰੋਟੀ ਰੱਜਵੀਂ ਖਾਣ ਦਾ ਰਿਵਾਜ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅਤੇ ਦੁਨੀਆਂ ਦੇ ਬਹੁਤੇ ਮੁਲਕਾਂ ਵਿਚ ਲੋਕਾਂ ਨੂੰ ਜਾਂ ਤਾਂ ਘੱਟ ਖਾਣ ਦੀ ਆਦਤ ਹੈ ਅਤੇ ਜਾਂ ਫਿਰ ਉਥੇ ਰੋਟੀ ਲੱਭਦੀ ਹੀ ਨਹੀਂ। ਸਿੱਖ ਰੱਜ ਕੇ ਅਨਾਜ ਪੈਦਾ ਕਰਦਾ ਹੈ, ਰੱਜ ਕੇ ਆਪ ਖਾਂਦਾ ਵੀ ਹੈ ਤੇ ਕਰੋੜਾਂ ਹੋਰਨਾਂ ਦਾ

ਢਿੱਡ ਵੀ ਭਰਦਾ ਹੈ। ਦੁਨੀਆਂ ਭਰ ਵਿਚ ਕੋਈ ਹੋਰ ਕੌਮ ਏਨਾ ਅਨਾਜ ਨਹੀਂ ਪੈਦਾ ਕਰਦੀ। ਔਸਤਨ ਹਰ ਇਕ ਸਿੱਖ ਕਿਸਾਨ ਘਟੋ-ਘੱਟ ਪੰਜ ਸੌ ਬੰਦੇ ਦਾ ਢਿੱਡ ਜ਼ਰੂਰ ਭਰਦਾ ਹੈ।

ਸਿੱਖ ਏਨੀ ਵੱਡੀ ਸ਼ਖ਼ਸੀਅਤ ਰੱਖਦਾ ਹੈ ਕਿ ਸਿੱਖ ਕਦੇ ਮੰਗਦਾ ਨਜ਼ਰ ਨਹੀਂ ਆਵੇਗਾ। ਦੁਨੀਆਂ ਦੀ ਹਰ ਕੌਮ 'ਚ ਮੰਗਤੇ ਮਿਲ ਜਾਣਗੇ ਪਰ ਸਿੱਖ ਕਦੇ ਮੰਗਤਾ ਨਹੀਂ ਹੋ ਸਕਦਾ। ਅਮਰੀਕਾ, ਇੰਗਲੈਂਡ, ਯੂਰਪ, ਅਫ਼ਰੀਕਾ, ਏਸ਼ੀਆ, ਭਾਰਤ ਵਿਚ ਜਗ੍ਹਾ-ਜਗ੍ਹਾ ਗੋਰੇ, ਕਾਲੇ ਤੇ ਭੂਰੇ ਮੰਗਤੇ ਨਜ਼ਰ ਆ ਜਾਣਗੇ ਪਰ ਕਦੇ ਦਸਤਾਰ, ਕੇਸਾਂ ਤੇ ਦਾੜ੍ਹੀ-ਮੁੱਛਾਂ ਵਾਲਾ ਸਿੱਖ ਹੱਥ ਵਿਚ ਠੂਠਾ ਫੜੀ ਮੰਗਦਾ ਨਜ਼ਰ ਨਹੀਂ ਆਵੇਗਾ।

ਸਿੱਖ ਕਲਚਰ 'ਚ ਪਾਨ, ਬੀੜੀ, ਤੰਮਾਕੂ, ਸਿਗਰਟ, ਚਰਸ, ਤਾੜੀ, ਡਰੱਗਜ਼, ਸ਼ਰਾਬ ਮਨ੍ਹਾਂ ਹਨ। ਗ਼ੈਰ-ਸਿੱਖਾਂ ਦੇ ਮੂੰਹ ਵਿਚ ਸਿਗਰਟ ਦਾ ਧੂੰਆਂ ਤੇ ਪਾਨ ਦੀਆਂ ਥੁੱਕਾਂ ਦਾ ਉਲਗਣਾ ਦਿੱਸ ਸਕਦਾ ਹੈ। ਪਰ ਇਹ ਭੈੜਾ ਨਜ਼ਰ ਆਉਣ ਵਾਲਾ ਨਜ਼ਾਰਾ ਸਿੱਖ ਪੰਜਾਬ ਤੋਂ ਦੁਪਰਾ ਹੈ। ਸਿੱਖ ਪੰਜਾਬ ਵਿਚ ਥਾਂ-ਥਾਂ ਪਾਨ ਦੀਆਂ ਥੁੱਕਾਂ 'ਤੇ ਸਿਗਰਟ ਦੇ ਟੋਟੇ ਨਜ਼ਰ ਨਹੀਂ ਆਉਣਗੇ। (ਕੁਝ ਸਾਲਾਂ ਤੋਂ ਯੂ. ਪੀ. ਦੇ ਭਈਆਂ ਤੇ ਬਿਹਾਰੀ ਮੰਗਤਿਆਂ ਤੇ ਮਜ਼ਦੂਰਾਂ ਨੇ ਪੰਜਾਬ ਦੀ ਸਰਜ਼ਮੀਂ 'ਚ ਇਹ ਗੰਦਗੀ ਪਾਉਣੀ ਸ਼ੁਰੂ ਕੀਤੀ ਹੈ, ਜੋ ਸਿੱਖ ਕਲਚਰ 'ਤੇ ਵੱਡਾ ਹਮਲਾ ਹੈ)।

ਸਿੱਖ ਕਲਚਰ 'ਚ ਖੇਡਾਂ ਦੀ ਖ਼ਾਸ ਅਹਿਮੀਅਤ ਹੈ। ਪੰਜਾਬ ਦੀਆਂ ਮੁਕਾਮੀ ਖੇਡਾਂ ਵਿਚ ਕਬੱਡੀ, ਗਤਕਾ, ਘੋੜ-ਸਵਾਰੀ, ਨੇਜ਼ਾਬਾਜ਼ੀ, ਤਲਵਾਰ ਚਲਾਉਣਾ, ਸ਼ਿਕਾਰ ਕਰਨਾ ਸ਼ਾਮਿਲ ਹੈ। ਸਿੱਖ ਖੇਡਾਂ ਮੁੱਖ ਤੌਰ 'ਤੇ ਮਾਰਸ਼ਲ ਹਨ। ਇਹ ਬਹਾਦਰ ਸਿੱਖਾਂ ਦੀਆਂ ਆਪਣੀਆਂ ਖੇਡਾਂ ਹਨ। ਪਰਦੇਸਾਂ ਵਿਚੋਂ ਵੀ ਕੁਝ ਖੇਡਾਂ ਸਿੱਖਾਂ ਨੇ ਅਪਣਾਈਆਂ ਹਨ, ਜਿਵੇਂ ਹਾਕੀ, ਫੁਟਬਾਲ। ਇਹ ਦੋ ਖੇਡਾਂ ਵੀ ਹੁਣ ਸਿੱਖਾਂ ਵਿਚ ਹਰਮਨ ਪਿਆਰੀਆਂ ਹਨ ਕਿਉਂਕਿ ਇਹ ਵੀ ਮਾਰਸ਼ਲ ਲੋਕਾਂ ਵਾਲੀਆਂ ਖੇਡਾਂ ਹਨ। ਦੌੜਨਾ, ਉਛਲਣਾ, ਟੱਪਣਾ, ਭਾਰ ਚੁੱਕਣਾ, ਜ਼ੋਰ ਕਰਨਾ, ਬਹਾਦਰੀ ਦਿਖਾਉਣਾ, ਸਿੱਖ ਕਲਚਰ ਦਾ ਅਹਿਮ ਹਿੱਸਾ ਹਨ। ਭਾਵੇਂ ਇਹ ਖੇਡਾਂ ਮਰਦਾਂ ਦੀਆਂ ਹਨ ਪਰ ਸਿੱਖ ਔਰਤਾਂ ਵਿਚ ਵੀ ਹਰਮਨ ਪਿਆਰੀਆਂ ਹਨ। ਸਿੱਖ ਔਰਤਾਂ ਵਿਚ ਕਿਕਲੀ, ਛਟਾਪੂ, ਰੱਸਾ ਟੱਪਣਾ, ਕੋਟਲਾ ਛੁਪਾਕੀ ਵਰਗੀਆਂ ਬਹਾਦਰੀ ਤੇ ਫੁਰਤੀ ਦੀਆਂ ਖੇਡਾਂ ਵੀ ਆਮ ਖੇਡੀਆਂ ਜਾਂਦੀਆਂ ਹਨ ਤੇ ਇਨ੍ਹਾਂ ਖੇਡਾਂ ਦਾ ਪਿਛੋਕੜ ਸਿੱਖ-ਪੰਜਾਬ ਦਾ ਮਾਰਸ਼ਲ-ਕਲਚਰ ਹੈ।

ਸਿੱਖ-ਪੰਜਾਬ ਵਿਚ ਰਸਮੋ-ਰਿਵਾਜ ਵੀ ਲਾਸਾਨੀ ਹਨ। ਸਿੱਖ ਤਾਂ ਵਿਆਹ ਵੇਲੇ, ਲਾਵਾਂ ਦੌਰਾਨ ਵੀ, ਹੱਥ ਵਿਚ ਤਿੰਨ-ਫੁੱਟੀ ਕਿਰਪਾਨ ਰੱਖਦਾ ਹੈ। ਅਲਾਹੁਣੀਆਂ, ਸਿੱਠਣੀਆਂ, ਛੰਦ, ਵਾਰਾਂ, ਕਿੱਸੇ, ਘੋੜੀਆਂ ਸਿੱਖ-ਪੰਜਾਬ ਦੀ ਖ਼ਾਸੀਅਤ ਹਨ। ਰਾਗੀ, ਢਾਡੀ, ਮਿਰਾਸੀ, ਭੱਟ, ਨਕਲੀਏ ਪੰਜਾਬ ਦੇ ਕਲਚਰ ਦੀ ਵਿਲੱਖਣਤਾ ਦਾ ਇਜ਼ਹਾਰ ਹਨ।

ਅੰਮ੍ਰਿਤ ਵੇਲੇ ਉਠਣਾ, ਕਸਰਤ ਕਰਨਾ, ਦੌੜਨਾ, ਨਹਾਉਣਾ, ਪਾਠ (ਨਿਤਨੇਮ) ਕਰਨਾ, ਹਲ-ਪੰਜਾਲੀ ਲੈ ਕੇ ਖੇਤਾਂ ਨੂੰ ਜਾਂ ਹੋਰ ਕਾਰ-ਵਿਹਾਰ ਵਾਸਤੇ ਜਾਣਾ ਸਿੱਖ ਦਾ

ਜ਼ਰੂਰੀ ਰੋਜ਼ਾਨਾਮਚਾ ਹੈ। ਗਰਮੀ ਹੋਵੇ ਜਾਂ ਸਰਦੀ ਬਕਾਇਦਾ ਨਹਾਉਣਾ ਸਿੱਖ ਦਾ ਬੇਹੱਦ ਜ਼ਰੂਰੀ ਨੇਮ ਹੈ। ਸਿੱਖ ਹਿੰਮਤੀ, ਦਲੇਰ ਤੇ ਚੁਸਤ ਹੈ। ਦਲਿੱਦਰ ਸਿੱਖ ਵਾਸਤੇ ਬੁਰਾਈ ਹੈ।

ਸਿੱਖ ਕਬਰ, ਮੜ੍ਹੀ, ਮਸਾਣ, ਸਮਾਧ, ਪਿੱਪਲ, ਗਾਂ, ਬੁੱਤ, ਦਰਿਆ ਜਾਂ ਕਿਸੇ ਅਖੌਤੀ ਤੀਰਥ ਦੀ ਪੂਜਾ ਨਹੀਂ ਕਰਦਾ। ਸਿੱਖ ਗੁਰਦੁਆਰੇ ਜਾ ਕੇ ਵੀ ਸਿਰਫ਼ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੱਥਾ ਟੇਕਦਾ ਹੈ। ਸਿੱਖ ਪੰਜਾਬ ਤਾਂ ਜਿਉਂਦਾ ਹੀ ਗੁਰਾਂ ਦੇ ਨਾਂ 'ਤੇ ਹੈ। ਸਿੱਖ ਦਾ ਤੀਰਥ ਤਾਂ "ਗੁਰੂ ਦਾ ਸ਼ਬਦ" (ਗੁਰਬਾਣੀ) ਹੈ। ਸਿੱਖ ਕਿਸੇ ੬੮ ਤੀਰਥਾਂ ਦੀ ਪਾਕੀਜ਼ਗੀ 'ਚ ਯਕੀਨ ਨਹੀਂ ਰਖਦਾ। ਸਿੱਖ ਤਾਂ ਗੁਰਦੁਆਰਿਆਂ ਦੀ ਯਾਤਰਾ ਵੀ ਗੁਰੂ ਸਾਹਿਬ, ਸ਼ਹੀਦਾਂ ਤੇ ਉਨ੍ਹਾਂ ਗੁਰਧਾਮਾਂ ਨਾਲ ਜੁੜੀਆਂ ਯਾਦਾਂ ਦੀ ਤਵਾਰੀਖ਼ ਨੂੰ ਚੇਤੇ ਕਰਨ ਵਾਸਤੇ ਹੀ ਕਰਦਾ ਹੈ। ਸਿੱਖ ਜੋਤਿਸ਼ ਵਗ਼ੈਰਾ ਦੇ ਵਹਿਮਾਂ ਵਿਚ ਵੀ ਨਹੀਂ ਪੈਂਦਾ।

ਸਿੱਖਾਂ ਦੇ ਧਾਰਮਿਕ ਦਿਨ ਹਨ : ਗੁਰਪੁਰਬ ਤੇ ਸ਼ਹੀਦੀ ਦਿਨ। ਸਿੱਖ, ਸ਼ਹੀਦੀ ਦਿਨਾਂ ਨੂੰ ਵੀ ਸੋਗ ਵਜੋਂ ਜਾਂ "ਬਰਸੀ" ਕਰਕੇ ਨਹੀਂ ਮਨਾਉਂਦਾ ਬਲਕਿ "ਸ਼ਹੀਦੀ ਜੋੜ ਮੇਲਾ" ਵਜੋਂ ਮਨਾਉਂਦਾ ਹੈ।

ਸਿੱਖ-ਪੰਜਾਬ ਦੇ ਮੇਲੇ ਵੀ ਬਾਕੀ ਦੁਨੀਆਂ ਭਰ ਤੋਂ ਵੱਖਰੇ ਹਨ। ਸਿੱਖ-ਪੰਜਾਬ ਵਿਚ ਛਪਾਰ, ਤਲਵੰਡੀ ਸਾਬੋ, ਅਨੰਦਪੁਰ ਸਾਹਿਬ, ਮੁਕਤਸਰ, ਤਰਨਤਾਰਨ, ਕਰਤਾਰਪੁਰ ਦੇ ਮੇਲੇ ਮਸ਼ਹੂਰ ਹਨ। ਇਨ੍ਹਾਂ ਮੇਲਿਆਂ ਦੇ ਮਨਾਉਣ ਦਾ ਤਰੀਕਾ ਵੀ ਬਾਕੀਆਂ ਤੋਂ ਵੱਖਰਾ ਹੈ। ਇਨ੍ਹਾਂ ਮੇਲਿਆਂ ਵਿਚ ਦੌੜਾਂ ਹੁੰਦੀਆਂ ਹਨ, ਭਾਰ ਚੁੱਕਣ ਦੇ ਮੁਕਾਬਲੇ ਹੁੰਦੇ ਹਨ, ਛਿੰਝਾਂ ਪੈਂਦੀਆਂ ਹਨ, ਗੱਡਿਆਂ ਦੀ ਦੌੜ ਲੱਗਦੀ ਹੈ, ਬਲਦਾਂ ਦੇ ਮੁਕਾਬਲੇ ਹੁੰਦੇ ਹਨ। ਫਿਰ ਇਨ੍ਹਾਂ ਮੌਕਿਆਂ 'ਤੇ ਕਾਨਫ਼ਰੰਸਾਂ ਹੁੰਦੀਆਂ ਹਨ, ਢਾਡੀ ਦਰਬਾਰ ਹੁੰਦੇ ਹਨ, ਕੀਰਤਨ ਦਰਬਾਰ ਹੁੰਦੇ ਹਨ, ਵਾਰਾਂ ਤੇ ਕਿੱਸੇ ਗਾਉਣ ਦੇ ਮੁਕਾਬਲੇ ਹੁੰਦੇ ਹਨ। ਯਾਨਿ ਸਿੱਖ-ਪੰਜਾਬ ਦੇ ਮੇਲਿਆਂ ਵਿਚ ਜਾਂ ਤਾਂ ਰੂਹਾਨੀਅਤ ਦਾ ਮਾਹੌਲ ਹੁੰਦਾ ਹੈ ਤੇ ਜਾਂ ਮਾਰਸ਼ਲ।

ਸਿੱਖ-ਪੰਜਾਬ ਵਿਚ ਵਿਧਵਾ ਔਰਤ ਦਾ ਦਰਜਾ ਨੀਵਾਂ ਨਹੀਂ। ਸਤੀ ਹੋਣਾ ਐਂਟੀ-ਸਿੱਖ ਹੈ। ਸਿੱਖ ਧਰਮ 'ਚ ਪਰਦੇ ਦੀ ਇਜਾਜ਼ਤ ਨਹੀਂ। ਸਿੱਖ-ਪੰਜਾਬ ਵਿਚ ਜੁਆਈ ਇਜ਼ਤ ਤੇ ਮੁਹੱਬਤ ਵਾਲਾ ਰਿਸ਼ਤਾ ਹੈ। ਸਿੱਖ ਵਾਸਤੇ ਪਰਾਈ ਔਰਤ/ਕੁੜੀ ਮਾਂ, ਭੈਣ ਤੇ ਧੀ ਹੈ। ਦੋਸਤ ਦੀ ਵਹੁਟੀ "ਭਾਬੀ" ਨਹੀਂ "ਭੈਣ" ਹੈ।

ਸਿੱਖ ਆਪਣੀ ਆਮਦਨ 'ਚੋਂ ਦਸਵੰਧ ਕੱਢਦਾ ਹੈ। ਸਿੱਖ ਵੰਡ ਕੇ ਛਕਦਾ ਹੈ। ਸਿੱਖ ਲੰਗਰ ਤੇ ਛਬੀਲਾਂ ਲਾਉਂਦਾ ਹੈ। ਸਿੱਖ ਦੇਂਦਾ ਹੈ, ਲੈਂਦਾ ਨਹੀਂ ਹੈ।

ਸਿੱਖਾਂ ਦੇ ਹੀਰੋ ਲਾਸਾਨੀ ਹਨ। ਸਿੱਖ ਵਾਸਤੇ ਸਿੱਖ ਸ਼ਹੀਦ ਤੇ ਸਿੱਖ ਜਰਨੈਲ ਹੀਰੋ ਹਨ। ਜਿਵੇਂ : ਭਾਈ ਬਿਧੀਚੰਦ, ਉਦੈ ਸਿੰਘ, ਬਚਿਤਰ ਸਿੰਘ, ਬੰਦਾ ਸਿੰਘ ਬਹਾਦਰ, ਤਾਰਾ ਸਿੰਘ ਵਾਂ, ਭਾਈ ਮਨੀ ਸਿੰਘ, ਸੁੱਖਾ ਸਿੰਘ, ਮਹਿਤਾਬ ਸਿੰਘ, ਬੋਤਾ ਸਿੰਘ, ਗਰਜਾ ਸਿੰਘ, ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ, ਭਾਈ ਮਹਾਰਾਜ ਸਿੰਘ ਆਦਿ ਹੀਰੋ ਹਨ। ਸਿੱਖ ਵਾਸਤੇ ਹੀਰੋ ਕੁਰਬਾਨੀ ਕਰਨ ਵਾਲਾ ਹੁੰਦਾ ਹੈ।

ਪੰਜਾਬ ਦੀ ਬੋਲੀ ਵੀ ਲਾਸਾਨੀ ਹੈ। ਪੰਜਾਬੀ ਬੋਲੀ ਦੁਨੀਆਂ ਦੀ ਸਭ ਤੋਂ ਮਿੱਠੀ ਬੋਲੀ ਹੈ। ਤਹਿਜ਼ੀਬ ਤੇ ਅਦਬ ਨਾਲ ਗੱਲ ਕਰਨੀ ਹੋਵੇ ਤਾਂ ਦੁਨੀਆਂ ਭਰ ਵਿਚ ਸਭ ਤੋਂ ਮੁਨਾਸਿਬ ਬੋਲੀ ਪੰਜਾਬੀ ਹੈ। ਪੰਜਾਬੀ ਇਕ ਪੂਰੀ ਬੋਲੀ ਹੈ ਤੇ ਇਸ ਦੇ ਲਫ਼ਜ਼ਾਂ ਦਾ ਖ਼ਜ਼ਾਨਾ ਭਰਪੂਰ ਹੈ।

ਪੰਜਾਬ ਦੀ ਤਵਾਰੀਖ਼ ਵੱਖਰੀ ਹੈ, ਲਾਸਾਨੀ ਹੈ। ਪੰਜਾਬ ਦੀ ਤਵਾਰੀਖ਼ ਕੁਰਬਾਨੀਆਂ ਤੇ ਬਹਾਦਰੀ ਦੀ ਕਹਾਣੀ ਹੈ। ਇਹ ਤਵਾਰੀਖ਼ ਜੂਝਣ, ਮਰ-ਮਿਟਣ ਤੇ ਕਰ ਗੁਜ਼ਰਨ ਦੀ ਗਾਥਾ ਹੈ।

ਸੱਚਮੁਚ ਸਿੱਖ ਪੰਜਾਬ ਦਾ ਕਲਚਰ ਦੁਨੀਆਂ ਭਰ ਵਿਚ ਲਾਸਾਨੀ ਹੈ।

✡ ✡ ✡

ਸਿੱਖੀ ਕੀ ਹੈ ?

ਇਕ ਵਾਰ ਇੱਕ ਨਾਰਵੀਜੀਅਨ ਅਖ਼ਬਾਰ ਨਵੀਸ ਨੇ ਲੇਖਕ ਨੂੰ ਪੁਛਿਆ "ਸਿੱਖ ਕੌਣ ਹਨ ?" ਲੇਖਕ ਨੇ ਸਿੱਖ ਦੀ ਪਛਾਣ ਦੱਸੀ। ਸਿੱਖ ਜੀਵਨ ਜਾਚ, ਪੰਜ ਕਕਾਰ, ਬਜਰ ਕੁਰਹਿਤਾਂ ਦੱਸੀਆਂ। ਉਹ ਗੋਰਾ ਤਿਲਮਿਲਾ ਉਠਿਆ। ਕਹਿਣ ਲੱਗਾ, "ਮੈਂ ਦਸ ਸਿੱਖਾਂ ਨੂੰ ਜਾਣਦਾ ਹਾਂ ਜੋ ਤੰਬਾਕੂ ਤੇ ਸਿਗਰਟਾਂ ਵੇਚਦੇ ਹਨ।" ਮੈਂ ਕੁਝ ਚੁੱਪ ਰਿਹਾ ਫਿਰ ਬੋਲਿਆ, "ਬਹਿਰੂਪੀਆ, ਭੇਖੀ, ਬਨਾਵਟੀ, ਜਾਅਲੀ ਬੰਦਾ ਸਿੱਖ ਨਹੀਂ ਹੋ ਸਕਦਾ।" ਬੱਸ ਇਹ ਸੱਚਾ ਵਾਕਿਆ ਇਸ ਮਜ਼ਬੂਨ ਦਾ ਪਿਛੋਕੜ ਹੈ। ਸਿੱਖ ਬਾਰੇ ਤਾਂ ਹੁਕਮ ਹੀ ਇਹੀ ਹੈ : ਰਹਿਣੀ ਰਹੈ ਸੋਈ ਸਿੱਖ ਮੇਰਾ......।

ਗੁਰੂ ਨਾਨਕ ਸਾਹਿਬ ਨੇ ਸਿੱਖ, ਉੱਚੇ ਇਨਸਾਨ, ਸੰਤ ਸਿਪਾਹੀ ਦੀ ਜ਼ਿੰਦਗੀ ਦਾ ਮਕਸਦ ਇਕ ਸਵਾਲ ਤੇ ਉਸ ਦੇ ਜਵਾਬ, ਵਿਚ ਪੇਸ਼ ਕੀਤਾ ਹੈ।

ਸਵਾਲ ਸੀ : **ਕਿਵ ਸਚਿਆਰਾ ਹੋਈਐ ?**

ਜਵਾਬ ਸੀ : **"ਹੁਕਮਿ ਰਜਾਈ ਚਲਣਾ"**

ਅਤੇ

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

(ਸ.ਫਾ ੬੨)

ਸੁਖਮਨੀ ਸਾਹਿਬ ਵਿਚ ਵੀ ਗੁਰੂ ਅਰਜਨ ਸਾਹਿਬ ਜੀ ਨੇ ਆਖਿਆ ਸੀ :

"ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥"

(ਸ.ਫਾ ੨੬੬)

ਭਾਈ ਦੇਸਾ ਸਿੰਘ ਨੇ ਦਸਮ ਪਾਤਿਸ਼ਾਹ ਦੇ 'ਸਿੱਖ ਕੌਣ ਹਨ ?' ਵਾਸਤੇ ਜਵਾਬ ਇੰਞ ਦਸਿਆ ਹੈ :

ਰਹਿਣੀ ਰਹੈ ਸੋਈ ਸਿੱਖ ਮੇਰਾ ॥

ਅਤੇ

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥

ਪਰ ਅੱਜ ਸਿੱਖ ਸ਼ਕਲ ਵਾਲੇ ਲੋਕ "ਸ਼ਾਇਦ" ਬਾਣੀ ਪੜ੍ਹਦੇ ਨਹੀਂ। "ਸ਼ਾਇਦ" ਏਸ ਵਾਸਤੇ ਆਖਿਆ ਹੈ ਕਿ ਇਹ ਲੋਕ "ਅਖੰਡ ਪਾਠ" ਬਥੇਰੇ ਕਰਵਾਉਂਦੇ ਅਤੇ ਕਰਦੇ ਹਨ। ਕੀਰਤਨ ਦੀਆਂ ਟੇਪਾਂ ਲਾਈ ਰੱਖਦੇ ਹਨ। ਸੁਹਣੀਆਂ ਜਿਲਦ ਵਾਲੀਆਂ ਬਾਣੀ, ਫ਼ਿਲਾਸਫ਼ੀ ਅਤੇ ਤਵਾਰੀਖ਼ ਦੀਆਂ ਕਿਤਾਬਾਂ ਦੇ ਵੀ ਢੇਰ ਲਾ ਕੇ ਰਖੇ ਹੋਏ ਹਨ। ਪਰ ਇਸ ਦੇ ਬਾਵਜੂਦ ਜੇ ਉਹ ਬਗਲੇ ਵਾਂਗ ਆਪਣੀ ਕਰਤੂਤ ਨਹੀਂ ਛੱਡਦੇ, ਤਾਂ ਯਕੀਨਨ

ਉਹ ਬਾਨੀ "ਪੜ੍ਹਦੇ" ਨਹੀਂ ਹੋਣਗੇ। ਦੂਜਾ, ਉਨ੍ਹਾਂ ਵਿਚ ਕਈ ਤਾਂ ਬਾਨੀ ਦੇ ਮਾਅਨੇ ਸਮਝ ਵੀ ਜਾਂਦੇ ਹਨ ਪਰ ਅਮਲ ਨਹੀਂ ਕਰਦੇ। ਦਸਵੇਂ ਪਾਤਿਸ਼ਾਹ ਨੇ 'ਚੁਲੀਆਂ ਕਰਨ' ਤੇ 'ਅੰਦਰ ਲੰਘਾਉਣ' ਦੀ ਮਿਸਾਲ ਸੁਚੱਜੇ ਤਰੀਕੇ ਨਾਲ ਦਿੱਤੀ ਹੋਈ ਹੈ।

ਪੰਜਾਬ ਵਿਚ ਵੀ ਤੇ ਪਰਦੇਸਾਂ ਵਿਚ ਵੀ ਕਈ ਬੜੇ-ਬੜੇ ਦੀਦਾਰੀ ਪਗੜੀਧਾਰੀ ਮਿਲ ਜਾਣਗੇ। ਉਨ੍ਹਾਂ ਵਿਚੋਂ ਕਈ ਤਾਂ ਆਪਣੇ ਆਪ ਨੂੰ 'ਅੰਮ੍ਰਿਤਧਾਰੀ' ਵੀ ਆਖਦੇ ਹਨ। ਪਰ ਜੇ ਉਨ੍ਹਾਂ ਦਾ ਕਿਰਦਾਰ ਵੇਖੋ ਤਾਂ ਸ਼ਰਮ ਨਾਲ ਸਿਰ ਝੁਕ ਜਾਏਗਾ। ਦੂਜਿਆਂ ਵਾਸਤੇ ਨਸੀਹਤਾਂ ਬੇਸ਼ੁਮਾਰ ਮਿਲਣਗੀਆਂ, ਉਨ੍ਹਾਂ ਦੀ ਤਾਂ ਉਹ ਹਾਲਤ ਹੈ :

ਅਵਰ ਉਪਦੇਸੈ, ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥

(ਸ਼ਫ਼ਾ ੨੬੯)

ਅਜਿਹੇ ਪਗੜੀਧਾਰੀ ਬਾਰੇ ਗਿਆਨੀ ਦਿੱਤ ਸਿੰਘ ਜੀ ਨੇ 'ਨਕਲੀ ਸਿੱਖ ਪਰਬੋਧ' ਵਿਚ ਬਥੇਰਾ ਕੁਝ ਦਸਿਆ ਸੀ। ਸ: ਮਨੋਹਰ ਸਿੰਘ ਮਾਰਕੋ ਨੇ "ਚਿੱਠੀਆਂ ਲਿਖ ਸਤਿਗੁਰ ਵੱਲ ਪਾਈਆਂ" ਵਿਚ ਖ਼ੂਬਸੂਰਤ ਟਕੋਰਾਂ ਲਾਈਆਂ ਹਨ। ਦਸਵੇਂ ਪਾਤਿਸ਼ਾਹ ਨੇ ਤਾਂ ਸਾਫ਼ ਆਖਿਆ ਹੈ ਕਿ ਇਹ 'ਰਹਿਣੀ ਨਾ ਰਹਿਣ ਵਾਲੇ' ਸਿੱਖ ਤਾਂ ਕਿਸੇ ਵੀ ਦਰਜੇ ਦੇ ਸਿੱਖ ਨਹੀਂ। ਬੇਅੰਮ੍ਰਿਤੀਏ ਤੇ ਸਹਿਜਧਾਰੀ ਤਾਂ ਅਧੂਰੇ ਤੇ ਅਪੂਰਨ ਹਨ। ਪਤਿਤ, ਸਜ਼ਾ ਦਾ ਹੱਕਦਾਰ ਹੈ। ਪਰ ਜੋ ਲੋਕ ਪੱਗ ਤੇ ਕੇਸਾਂ (ਤੇ ਖ਼ਾਸ ਕਰ ਕੇ ਅੰਮ੍ਰਿਤਧਾਰੀ ਹੋਣ) ਦਾ ਦਿਖਾਵਾ ਕਰਦੇ ਹਨ, ਉਹ ਸਿੱਖ ਫ਼ਲਸਫ਼ੇ ਮੁਜਬ ਸਭ ਤੋਂ ਘਟੀਆ ਹਨ। ਉਹ ਸਿੱਖ ਪੰਥ ਦੇ ਓਨੇ ਹੀ ਮੁਜਰਿਮ ਹਨ, ਜਿੰਨਾ ਕੋਈ ਸਿੱਖੀ ਦੇ ਖ਼ਿਲਾਫ਼ ਕਾਰਵਾਈ ਕਰਨ ਵਾਲਾ ਗ਼ੈਰ-ਸਿੱਖ ਹੈ। ਅਜਿਹੇ ਲੋਕ ਸਿੱਖ ਫ਼ਲਸਫ਼ੇ ਵਿਚ ਸਭ ਤੋਂ ਹੇਠਲੇ ਦਰਜੇ ਵਾਲੇ ਹਨ।

ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥
ਨਾਨਕ ਹੁਕਮੁ ਨ ਬੁਝਈ, ਅੰਧਾ ਕਹੀਐ ਸੋਇ ॥

(ਸ਼ਫ਼ਾ ੯੫੪)

ਇਸੇ ਕਰ ਕੇ ਮੌਜੂਦਾ ਸਿਆਸਤ, ਮਗ਼ਰਬੀ ਸਿਆਸਤ ਸਿੱਖ ਫ਼ਲਸਫ਼ੇ ਮੁਤਾਬਿਕ ਅ-ਸਿੱਖ ਤਰੀਕਾ ਹੈ। ਸਿੱਖੀ ਵਿਚ ਸੱਚੇ ਤੇ ਨਿਰਮਲ ਕਰਮ, ਸਚਿਆਰਾ ਹੋਣਾ, ਸੱਚ ਆਚਾਰ, ਸੱਚ ਕਰਣੀ, ਸੱਚ ਰਹਿਣੀ, ਮਨ ਤੇ ਮੁਖ ਇਕ ("ਮਨ ਹੋਰ ਮੁਖ ਹੋਰ" ਨਹੀਂ), ਸਿੱਖੀ ਰਹਿਤ ਪਹਿਲੀ ਤੇ ਆਖ਼ਰੀ ਗੱਲ ਹੈ। ਇਸ ਮਸਲੇ ਵਿਚ ਕੋਈ ਰਿਆਇਤ, ਕੋਈ ਸਮਝੌਤਾ ਨਹੀਂ ਹੋ ਸਕਦਾ। ਇਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਸੰਤ-ਸਿਪਾਹੀ ਕੱਚਾ ਨਹੀਂ ਹੋ ਸਕਦਾ। ਉਸ ਨੂੰ 'ਧਰਮ ਪਿਆਰਾ" ਹੈ। ਇਹ "ਧਰਮ" ਕੀ ਹੈ ? ਇਹ ਜਪੁਜੀ ਸਾਹਿਬ ਦਾ "ਸਚਿਆਰ" ਹੈ, ਇਹ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਹੈ, ਇਹ ਅਕਾਲ ਪੁਰਖ ਦਾ 'ਖਾਲਸਾ' ਹੈ, ਇਹ "ਸੰਤ-ਸਿਪਾਹੀ" ਹੈ ਪਰ ਦੂਜੇ ਪਾਸੇ ਪੱਛਮ ਦੀ ਸਿਆਸਤ ਵਿਚ ਧਰਮ ਨਾਲੋਂ ਧੜਾ ਪਿਆਰਾ ਹੈ; ਕਬੀਲਾ, ਧੜਾ, ਪਾਰਟੀ, ਜਥੇਬੰਦੀ, ਇਲਾਕਾ, ਗੁੱਟ ਇਹ ਮਗ਼ਰਬੀ ਸਿਆਸਤ ਦਾ ਧੁਰਾ ਹਨ। ਪਰ ਸਿੱਖੀ ਅਸੂਲਾਂ 'ਚ ਇਹ

ਸਭ ਰੱਦ ਹਨ ਤੇ 'ਧਰਮ' ਪਹਿਲੀ ਗੱਲ ਹੈ। ਇੰਞ ਹੀ ਚਾਲਾਕੀ, ਉਸਤਾਦੀ, ਬੇਈਮਾਨੀ, ਪੈਂਤੜੇ, 'ਨੀਤੀ', ਇਹ ਸਾਰਾ ਕੁਝ, ਮਗ਼ਰਬੀ ਤਰੀਕੇ ਦੀ ਸਿਆਸਤ ਦਾ ਦਾਰੋਮਦਾਰ ਹੈ। ਪਰ ਸਿੱਖ ਰਿਵਾਇਤਾਂ ਇਸ ਦੇ ਬਿਲਕੁਲ ਉਲਟ ਹਨ। ਕਾਜ਼ੀ ਨੂਰ ਮੁਹੰਮਦ, ਮਾਲਕਮ, ਕਨਿੰਘਮ, ਮੈਕਾਲਿਫ਼ ਤੇ ਹੋਰਨਾਂ ਨੇ ਸਿੱਖ ਰਿਵਾਇਤਾਂ ਦਾ ਖ਼ੂਬਸੂਰਤ ਜ਼ਿਕਰ ਕੀਤਾ ਹੈ ਕਿ ਸਿੱਖ ਦਾ ਕਿਰਦਾਰ ਕਿਹੋ ਜਿਹਾ ਹੋਵੇਗਾ ? ਰਹਿਤਨਾਮਿਆਂ ਵਿਚ ਫ਼ਲਸਫ਼ਾ ਬਿਆਨ ਕੀਤਾ ਹੋਇਆ ਹੈ ਕਿ ਸਿੱਖ ਦਾ ਜੀਵਨ ਕਿਹੋ ਜਿਹਾ ਹੋਵੇਗਾ ? ਗੁਰੂ ਸਾਹਿਬਾਨ ਦੀਆਂ ਜ਼ਿੰਦਗੀਆਂ ਦੇ ਵਾਕਿਆਤ ਸਾਹਵੇਂ ਹਨ ਕਿ ਸਿੱਖ ਕਿੰਞ ਵਿਚਰਦਾ ਹੈ ? ਤੇ ਇਹ ਸਾਰੀਆਂ ਗੱਲਾਂ ਮਗ਼ਰਬੀ ਤਰੀਕੇ ਤੋਂ ਬਿਲਕੁਲ ਦੂਜੇ ਪਾਸੇ ਦੀਆਂ ਗੱਲਾਂ ਹਨ।

ਇਹੀ ਵਜ੍ਹਾ ਹੈ ਕਿ ਜਦੋਂ ਅਸੀਂ ਮਗ਼ਰਬੀ ਤਰੀਕੇ ਦੇ ਪੈਂਤੜੇ ਸਿੱਖ ਤਹਿਜ਼ੀਬ, ਸਿੱਖ ਇਖ਼ਲਾਕ, ਸਿੱਖ ਜੀਵਨ-ਜਾਚ ਅਤੇ ਸਿੱਖ ਸਿਆਸਤ 'ਤੇ ਢੁਕਾਉਂਦੇ ਹਾਂ ਤਾਂ ਯਕੀਨਨ ਨੁਕਸਾਨ ਹੀ ਹੋਣਾ ਹੈ। ਤੇਲ ਤੇ ਸਿਰਕੇ ਦਾ ਮੇਲ ਨਹੀਂ ਹੋ ਸਕਦਾ। 'ਬੇਰੜਾ' ਕੋਈ 'ਉੱਚਾਪਣ' ਨਹੀਂ ਹੈ। ਨਕਲੀ ਤੇ ਅਸਲੀ ਦੀ ਕੋਈ ਸਾਂਝ ਨਹੀਂ ਹੋ ਸਕਦੀ। ਪਰਾ ਤੇ ਪੱਛੋਂ ਵੱਖ-ਵੱਖ ਪਾਸੇ ਹਨ। ਲਹਿੰਦਾ ਤੇ ਚੜ੍ਹਦਾ ਕਦੇ ਇਕ ਨਹੀਂ ਹੋ ਸਕਦੇ। ਇੰਞ ਹੀ ਸਿੱਖ ਫ਼ਲਸਫ਼ਾ ਅਤੇ ਮਗ਼ਰਬੀ ਸਿਆਸਤ ਵਿਚ ਕੋਈ ਸਾਂਝ ਨਹੀਂ ਹੋ ਸਕਦੀ। ਸਿੱਖ ਸਿਆਸਤ ਤਾਂ ਸੱਚੀ-ਸੁੱਚੀ ਹੈ। ਸਿੱਖ ਸਿਆਸਤ ਵਿਚ ਤਾਂ ਅਸੂਲ ਹੈ, ਖਾਲਸਾ ਸੇਧ ਹੈ; ਚਾਲਾਕੀ ਨਹੀਂ, ਵਿੰਗ-ਟੇਢ ਨਹੀਂ ਹੈ, ਵਲੇਵੇਂ ਨਹੀਂ ਹਨ। ਇਸੇ ਕਰ ਕੇ ਸਿੱਖ ਸਿਆਸਤਦਾਨਾਂ ਨੇ ਜਦੋਂ ਵੀ ਮਗ਼ਰਬੀ ਤਰੀਕਾ ਅਪਣਾਇਆ ਹੈ, ਪੰਥ ਦਾ ਸੁਧਾ ਹੀ ਨੁਕਸਾਨ ਕੀਤਾ ਹੈ। ਸਿਆਸੀ ਅਤੇ ਸਮਾਜੀ ਤਰਜ਼ੇ-ਜ਼ਿੰਦਗੀ ਵਿਚ ਜੋੜ-ਤੋੜ, ਸੌਦੇਬਾਜ਼ੀ, ਸਾਜ਼ਿਸ਼ ਨੇ ਸਿੱਖ ਪੰਥ ਵਿਚੋਂ 'ਸਿੱਖੀ' ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਤਰੀਕੇ ਨਾਲ 'ਧੜਾ ਪਿਆਰਾ' ਜਾਂ 'ਮੁਫ਼ਾਦ ਪਿਆਰਾ' ਜਾਂ 'ਨਿਜ ਦੀ ਪਹਿਲ' ਅਪਣਾਈ ਗਈ ਹੈ, ਉਹ ਨਿਘਾਰ ਦਾ ਰਸਤਾ ਹੈ। ਇਸੇ ਰਸਤੇ 'ਤੇ ਤੁਰਦਿਆਂ ਦਾ ਕੋਈ ਅਖ਼ੀਰ ਨਹੀਂ ਹੁੰਦਾ। ਜੋ ਸ਼ਖ਼ਸ ਕਦੇ 'ਧੜੇ' ਵਾਸਤੇ 'ਧਰਮ' ਜਾਂ ਅਸੂਲ ਜਾਂ ਫ਼ਲਸਫ਼ਾ ਛੱਡ ਦੇਂਦੇ ਹਨ, ਉਹ ਉਸ ਧੜੇ ਦੇ ਵੀ ਵਫ਼ਾਦਾਰ ਨਹੀਂ ਹੋ ਸਕਦੇ। ਇਹ ਛੋਟ, ਚੋਣ, ਨਿਘਾਰ, ਇਖ਼ਲਾਕੀ ਸੁਭਾਅ ਬਣ ਜਾਂਦਾ ਹੈ। ਅਜਿਹਾ ਬੰਦਾ ਕਦੇ ਵੀ ਸਮਝੌਤਾ ਕਰ ਸਕਦਾ ਹੈ, ਡਿਗ ਸਕਦਾ ਹੈ। ਨੀਵਾਂ ਜਾਣ ਦੀ ਕੋਈ ਹੱਦ ਨਹੀਂ ਹੈ। ਨਿਘਾਰ ਤਾਂ ਹੇਠਾਂ ਵੱਲ ਨੂੰ ਵਧਣਾ ਹੈ। ਨਿਘਾਰ ਨੇ ਉਪਰ ਨਹੀਂ ਆ ਸਕਣਾ, ਹੇਠਾਂ ਵੱਲ ਹੀ ਜਾਣਾ ਹੈ। ਅਜਿਹੇ ਅੰਨ੍ਹਿਆਂ ਵਾਸਤੇ ਗੁਰਬਾਣੀ ਦਾ ਵਾਕ ਹੈ ?

ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਹਿ॥

(ਸਫ਼ਾ ੯੫੪)

ਇਸ ਨਿਘਾਰ 'ਚੋਂ ਨਿਕਲਣ ਦਾ ਇਕੋ-ਇਕ ਰਸਤਾ ਹੈ ਕਿ ਅਜਿਹਾ ਰਾਹ ਛੱਡ ਦਿੱਤਾ ਜਾਏ, ਅਤੇ "ਮਨ ਹੋਰ ਮੁਖ ਹੋਰ" ਦੀ ਬਜਾਏ "ਗੁਰਮਤਿ ਗਾਡੀ ਰਾਹ" ਅਪਣਾਇਆ ਜਾਏ। ਸਿੱਖ ਪੰਥ ਦੀਆਂ ਪੁਰਾਣੀਆਂ ਅਤੇ ਨਵੀਆਂ ਮੁਸ਼ਕਿਲਾਂ ਦਾ ਹੱਲ

ਗੁਰਮਤਿ ਦੇ ਰਾਹ 'ਚੋਂ ਹੀ ਮਿਲਣਾ ਹੈ। "ਸਚਿਆਰ" ਹੋਣਾ, "ਨਿਰਮਲ ਕਰਮ", "ਸੱਚ ਅਚਾਰ" ਇਸ ਰਸਤੇ 'ਤੇ ਤੁਰਨ ਦਾ ਤਰੀਕਾ ਹਨ। ਸਿੱਖੀ ਸਚਾਈ ਦਾ ਰਸਤਾ ਹੈ, ਨਾ ਕਿ ਮਗ਼ਰਬੀ ਡਿਪਲੋਮੇਸੀ ਦਾ। ਸਿੱਖ ਵਿਚ ਪੈਂਤੜਾ ਮਨਜ਼ੂਰ ਹੈ ਪਰ ਬੇਈਮਾਨੀ ਨਹੀਂ। ਸਿੱਖੀ ਵਿਚ "ਮਤ ਉੱਚੀ" ਦੀ ਗੱਲ ਹੈ, ਬਦਦਿਆਨਤੀ ਦੀ ਨਹੀਂ। ਸਿੱਖੀ ਵਿਚ ਕੌਮੀ ਬੇਹਤਰੀ ਦੀ ਚੋਣ ਹੈ, ਨਿੱਜ ਦੀ ਜਾਂ ਧੜੇ ਦੀ ਨਹੀਂ। ਜਿਥੇ ਵੀ ਜਥੇਬੰਦੀਆਂ, ਆਗੂਆਂ, ਸੰਪਰਦਾਵਾਂ, ਜਥਿਆਂ, ਡੇਰਿਆਂ, ਜਮਾਤਾਂ, ਟੋਲਿਆਂ ਨੇ ਕੌਮ ਦਾ ਸਮੁੱਚਾ ਭਲਾ, "ਸਰਬੱਤ ਦਾ ਭਲਾ" ਤੇ "ਸਰਬੱਤ ਖਾਲਸਾ" ਦਾ ਭਲੇ ਦਾ ਰਾਹ ਛੱਡਿਆ ਹੈ ਉੱਥੇ ਅਜਿਹਾ ਕਰ ਕੇ ਇਕ ਤਰੀਕੇ ਨਾਲ ਗੁਰਮਤਿ ਨੂੰ ਫ਼ਾਰਖ਼ਤੀ ਦਿੱਤੀ ਹੈ। ਗੁਰਮਤਿ ਨੂੰ ਪਿੱਠ ਦਿਖਾਉਣ ਵਾਲੇ ਗੁਰਮਤਿ ਦਾ ਭਲਾ ਕਿਂਵ ਕਰ ਸਕਦੇ ਹਨ। ਸਿੱਖ ਦੀ ਤਾਂ ਅਰਦਾਸ ਹੀ "ਸਮੂਹ ਖਾਲਸਾ" ਦੀ ਹੈ, "ਸਰਬਤ ਖਾਲਸਾ" ਵਾਸਤੇ ਹੈ ਅਤੇ "ਭਲਾ" ਵੀ "ਸਰਬਤ" ਦਾ ਮੰਗਦੀ ਹੈ। ਗੁਰਮਤਿ ਨੂੰ ਪਿੱਠ ਦੇਣ ਵਾਲੇ, ਪਰ ਸਿੱਖ ਅਖਵਾਉਣਾ ਚਾਹੁਣ ਵਾਲੇ ਦੁਬਾਜਰੇ ਹਨ। ਸ਼ੇਖ ਫਰੀਦ ਨੇ ਇਨ੍ਹਾਂ ਦੁਬਾਜਰਿਆਂ ਬਾਰੇ ਸਾਫ਼ ਆਖਿਆ ਹੈ :

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥

(ਸਫਾ ੪੮੮)

ਭਾਈ ਗੁਰਦਾਸ ਇਨ੍ਹਾਂ ਦੁਬਾਜਰਿਆਂ ਨੂੰ ਵਿਭਚਾਰਣ ਔਰਤ ਨਾਲ ਮਿਲਾਉਂਦੇ ਹਨ। ਜੋ ਆਪਣਾ ਇਸ਼ਟ ਛੱਡ ਕੇ ਹੋਰ ਦਰਾਂ ਵੱਲ ਵੇਖਦੀ ਹੈ, ਉਹ ਧ੍ਰਿਕਾਰਾਂ ਹੀ ਲੈਂਦੀ ਹੈ। ਉਹ ਔਰਤ ਨਹੀਂ ਵੇਸਵਾ ਬਣ ਜਾਂਦੀ ਹੈ (ਵਾਰ ੩੩, ਪਉੜੀ ੬)। ਇੰਵ ਹੀ ਗੁਰਮਤਿ ਦਾ ਰਸਤਾ ਛੱਡ ਕੇ ਪੱਛਮੀ ਪੈਂਤੜੇ ਦੀ ਸਿਆਸਤ ਨੂੰ ਗੁਰਧਾਮਾਂ ਤੇ ਸਿੱਖ ਜਥੇਬੰਦੀਆਂ ਵਿਚ ਲਿਆਉਣ ਵਾਲੇ ਕਾਲੇ ਕਾਂ, ਭਾਵੇਂ ਉਤੋਂ ਬੀਬੀਆਂ ਦਾੜ੍ਹੀਆਂ ਵਾਲੇ ਦਿਸਦੇ ਹੋਣ, ਉਹ "ਖਸਮਹੁ ਘੁੱਥੇ" ਜਾਂਦੇ ਹਨ। ਗੁਰਮਤਿ ਦਾ ਗਾਡੀ ਰਾਹ ਸੱਚਾ-ਸੁੱਚਾ ਹੀ ਰਹੇਗਾ ਭਾਵੇਂ ਦੁਬਾਜਰੇ ਜਿੰਨਾ ਮਰਜ਼ੀ ਕੂੜ ਇਕੱਠਾ ਕਰ ਲੈਣ।

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥

(ਸਫ਼ਾ ੯੫੬)

ਭੇਖੀ ਨੂੰ ਵਾਹਿਗੁਰੂ ਕਬੂਲ ਨਹੀਂ ਕਰਦੇ :

ਰਹਤ ਅਵਰ, ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ, ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥

(ਸਫ਼ਾ ੨੬੯)

ਅਤੇ :

ਓਥੈ ਸਚੇ ਹੀ ਸਚਿ ਨਿਬੜੈ

(ਸਫ਼ਾ ੪੬੩)

ਗੁਰਬਾਣੀ ਅਜਿਹੇ ਕਚਿਆਂ, ਜਿਨ੍ਹਾਂ ਦੀ ਦੋਸਤੀ ਛਿਣ ਭੰਗਰ ਦੀ, ਪਾਣੀ ਦੇ ਬੁਲਬੁਲੇ ਵਾਂਗ ਹੈ, ਨਾਲੋਂ ਨਾਤਾ ਤੋੜਨ ਦਾ ਹੁਕਮ ਦੇਂਦੀ ਹੈ :

ਨਾਨਕ ਕਚੜਿਆ ਸਿਉ ਤੋੜਿ
ਢੂਢਿ ਸਜਣ ਸੰਤ ਪਕਿਆ ॥

(ਸਫ਼ਾ ੧੧੦੨)

ਅਤੇ :

ਜਿਨਾ ਦਿਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ,
ਜਨ ਨਾਨਕ ਵਿਰਲੇ ਕੇਈ ॥

(ਸਫ਼ਾ ੫੨੦)

ਇਸੇ ਤਰ੍ਹਾਂ ਸਿੱਖੀ ਵਿਚ ਮਲਿਕ ਭਾਗੋ ਵੀ ਕਬੂਲ ਨਹੀਂ ਹੈ। ਭਾਈ ਲਾਲੋ ਤਾਂ ਆਪਣੇ ਜੀਵਨ ਕਰ ਕੇ (ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ) ਹੀ ਸਿੱਖ ਹੈ। ਉਸ ਨੂੰ ਤਾਂ ਮੁੱਢਲੀ ਸਿੱਖੀ ਉਸ ਦੇ ਰੋਜ਼ਨਾਮਚੇ ਵਿਚ ਹੀ ਮਿਲ ਜਾਂਦੀ ਹੈ। ਪਰ ਦੂਜੇ ਪਾਸੇ ਮਲਿਕ ਭਾਗੋ ਨੂੰ ਸਿੱਖੀ ਅਪਣਾਉਣੀ ਪੈਂਦੀ ਹੈ। ਮਲਿਕ ਭਾਗੋ ਨੂੰ ਆਪਣਾ ਮਨਮਤ, ਪਾਪ, ਗੁਨਾਹ, ਬਦਦਿਆਨਤੀ, ਹਉਮੈ, ਹੰਕਾਰ ਸਭ ਕੁਝ ਛੱਡਣਾ ਪੈਂਦਾ ਹੈ ਅਤੇ ਉਹ ਇਸ ਮਗਰੋਂ ਗੁਰਮਤਿ ਵੱਲ ਤੁਰਨ ਦੀ ਪਹਿਲੀ ਪੌੜੀ ਤਾਂ ਚੜ੍ਹਦਾ ਹੈ। ਉਦੋਂ ਤੱਕ ਉਹ ਸਿੱਖ ਨਹੀਂ ਹੈ। ਪਰ ਜੇ ਮਲਿਕ ਭਾਗੋ ਸਿੱਖੀ ਵੱਲ ਤੁਰ ਕੇ ਫੇਰ ਪੁਰਾਣੀ ਕਰਤੂਤ ਵੱਲ ਚਲ ਪੈਂਦਾ ਹੈ ਤਾਂ ਉਹ ਦੰਭੀ ਹੈ, ਪਾਖੰਡੀ ਹੈ, ਨਕਲੀ ਹੈ, ਭੇਖੀ ਹੈ। ਭੇਖੀ ਪਗੜੀਧਾਰੀ ਸਿੱਖ ਨਹੀਂ ਹੋ ਸਕਦਾ। ਸਿੱਖੀ ਜੀਵਨ ਜਾਚ ਹੈ, ਰਹਿਤ ਹੈ, ਇਖ਼ਲਾਕ ਹੈ, ਸੱਚ ਹੈ, ਉੱਚਾਪਣ ਹੈ। ਇਸੇ ਕਰ ਕੇ ਗੁਰੂ ਨਾਨਕ ਸਾਹਿਬ ਨੇ ਦਸਵੇਂ ਜਾਮੇ ਵਿਚ ਗੁਰਮਤਿ ਦਾ ਐਲਾਨਨਾਮਾ ਫੇਰ ਦੁਹਰਾਇਆ ਸੀ :

ਹਮ ਲੈ ਜਾਇਓ ਪੰਥ ਉਚੇਰੇ ॥

ਤੇ ਪੰਥ ਉਚੇਰੇ ਤਾਂ ਹੀ ਜਾ ਸਕਦਾ ਹੈ, ਜੇ ਕਰ ਰਸਤਾ ਗੁਰਮਤਿ ਦਾ ਹੋਏ ਨਾ ਕਿ ਅਨਮਤ, ਮਨਮਤ, ਪੱਛਮ ਦੀ ਮਤ ਦਾ।

ਜਦੋਂ "ਸਿੱਖ ਕੌਣ ਹਨ ?" ਸਵਾਲ ਦਾ ਜਵਾਬ ਢੂੰਢਣਾ ਹੋਏ ਤਾਂ "ਰਹਿਣੀ ਰਹੇ ਸੋਈ ਸਿੱਖ ਮੇਰਾ......" ਵਿਚੋਂ ਮਿਲੇਗਾ, ਨਾ ਕਿ ਸਿਰਫ਼ ਕੇਸ, ਦਸਤਾਰ, ਕਕਾਰਾਂ ਵਿਚੋਂ। ਕੇਸ, ਦਸਤਾਰ ਤੇ ਕਕਾਰ ਤਾਂ ਵਰਦੀ ਹਨ; ਜ਼ਾਬਤਾ ਨਾ ਹੋਏ ਤਾਂ ਵਰਦੀ ਦੰਭ ਹੈ, ਅਸਲ ਨਹੀਂ।

✡ ✡ ✡

ਸਿੱਖ ਫ਼ਲਸਫ਼ੇ ਵਿਚ ਗੁਰੂ

ਕੀ ਸਿੱਖ ਫ਼ਲਸਫ਼ੇ ਵਿਚ ਰੂਹਾਨੀਅਤ ਦੇ ਰਸਤੇ ਵਿਚ "ਗੁਰੂ" ਦੀ ਜ਼ਰੂਰਤ ਹੈ ? ਇਸ ਨੁਕਤੇ ਬਾਰੇ ਲੇਖਕਾਂ ਨੇ ਕਈ ਗੱਲਾਂ ਆਖੀਆਂ ਹਨ। ਕਈਆਂ ਨੇ ਤਾਂ ਗੁਰਬਾਣੀ ਵਿਚੋਂ ਸ਼ਬਦ ਚੁਣ ਕੇ ਉਨ੍ਹਾਂ ਦਾ ਮਤਲਬ, ਪਿਛੋਕੜ, ਮੁੱਦਾਅ ਸਮਝੇ ਬਿਨਾਂ ਹੀ (ਜਾਂ ਕਿਸੇ ਹੋਰ ਇਰਾਦੇ ਨਾਲ) ਮਨਮਤ ਜਾਂ ਅ-ਸਿੱਖ ਰਾਹ ਵੱਲ ਤੁਰਨ ਦੀ ਗ਼ਲਤੀ ਕੀਤੀ। ਮਿਸਾਲ ਵਜੋਂ :-

ਨਿਗੁਰੇ ਕਉ ਗਤਿ ਕਾਈ ਨਾਹੀ ॥
ਅਵਗਣਿ ਮੁਠੇ ਚੋਟਾ ਖਾਹੀ ॥

(ਸਫ਼ਾ ੩੬੧)

ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ, ਮੈ ਅਵਰੁ ਨ ਦੂਜਾ ਕੋਇ ॥

(ਸਫ਼ਾ ੨੦)

ਬਿਨੁ ਗੁਰ ਭਗਤਿ ਨ ਪਾਈਐ, ਜੇ ਲੋਚੈ ਸਭੁ ਕੋਇ ॥

(ਸਫ਼ਾ ੩੧)

ਇਸ ਤਰ੍ਹਾਂ ਗੁਰੂ ਗਰੰਥ ਸਾਹਿਬ 'ਚੋਂ ਹੋਰ ਵੀ ਕਿੰਨੇ ਹੀ ਸ਼ਬਦਾਂ ਵਿਚੋਂ ਕੁਝ ਫ਼ਿਕਰੇ "ਗੁਰੂ" ਦੀ ਜ਼ਰੂਰਤ ਤੇ ਮਹਾਨਤਾ ਵਾਸਤੇ ਪੇਸ਼ ਕੀਤੇ ਜਾਂਦੇ ਹਨ।

ਰਾਧਾ ਸੁਆਮੀ, ਨਕਲੀ ਨਿਰੰਕਾਰੀ, ਨਾਮਧਾਰੀ, ਦੋਦੜੇ ਅਤੇ ਹੋਰ ਡੇਰੇਦਾਰਾਂ ਨੇ ਗੁਰਬਾਣੀ ਵਿਚੋਂ ਸ਼ਬਦ ਚੁਣ-ਚੁਣ ਕੇ ਕਈ ਵਾਰ ਡੇਰੇਦਾਰ ਨੂੰ ਅਜਿਹਾ "ਗੁਰੂ" ਸਾਬਿਤ ਕਰਨ ਦੀ ਸਾਜਿਸ਼ ਹੇਠ ਇਨਸਾਨ ਵਾਸਤੇ ਗੁਰੂ ਦੀ (ਤੇ ਉਹ ਵੀ ਦੇਹ-ਧਾਰੀ ਗੁਰੂ ਦੀ) ਜ਼ਰੂਰਤ ਤੇ ਜ਼ੋਰ ਦਿੱਤਾ ਹੈ। ਅਜਿਹੀ ਸਾਜਿਸ਼ ਹੋਰ ਵੀ ਕਈ ਮਸਲਿਆਂ ਬਾਰੇ ਹੁੰਦੀ ਰਹੀ ਹੈ ਅਤੇ ਹੋ ਰਹੀ ਹੈ। ਕੁਝ ਇਸ ਨੂੰ ਭੋਲੇਪਨ 'ਚ ਕਰਦੇ ਹਨ ਅਤੇ ਕੁਝ ਸਾਜਿਸ਼ ਹੇਠ। ਮੈਂ ਪਿੱਛੇ ਜਿਹੇ ਇਕ ਡੇਰੇਦਾਰ ਦੇ ਲੈਕਚਰ ਦੀ ਟੇਪ ਸੁਣੀ ਸੀ। ਉਸ ਵਿਚ ਉਹ ਆਖ ਰਿਹਾ ਸੀ ਕਿ ਕੜਾਹ ਪ੍ਰਸ਼ਾਦ ਅਤੇ ਲੰਗਰ ਨੂੰ "ਭੋਗ" ਲਾਉਣਾ ਚਾਹੀਦਾ ਹੈ। ਵੇਖੋ ਨਾ ਬਾਣੀ ਵਿਚ ਲਿਖਿਆ ਹੈ "ਹੁਣ ਲਾਉ ਭੋਗ ਹਰਿ ਰਾਇ"। ਹੁਣ ਇਸ ਸ਼ਬਦ ਦਾ ਮਾਅਨਾ ਪਰਸ਼ਾਦ ਜਾਂ ਲੰਗਰ ਦੇ ਭੋਗ ਦਾ ਨਹੀਂ ਹੈ। ਇਸ ਵਿਚ ਰੂਹਾਨੀਅਤ ਦੇ ਮੇਲ ਦੀ ਸ਼ਿੱਦਤ ਨੂੰ ਇਸ ਤਸਵੀਰ ਰਾਹੀਂ ਪੇਸ਼ ਕੀਤਾ ਹੈ। ਪਰ ਡੇਰੇਦਾਰਾਂ ਨੂੰ ਤਾਂ "ਭੋਗ" ਲਫ਼ਜ਼ ਲੱਭ ਪਿਆ (ਜਾਂ ਕਿਸੇ ਬ੍ਰਾਹਮਣ ਨੇ ਦਸ ਦਿੱਤਾ) ਅਤੇ ਅੱਖਾਂ ਮੀਟ ਕੇ ਇਸ ਤੁਕ ਨੂੰ ਪਰਸ਼ਾਦ ਅਤੇ ਲੰਗਰ ਦੇ "ਭੋਗ" ਨਾਲ ਜੋੜ ਦਿੱਤਾ। ਅਜੇ ਵੀ ਕੁਝ ਗੁਰਦੁਆਰਿਆਂ ਵਿਚ, ਜਿਥੇ ਪੰਥਕ ਮਰਿਆਦਾ ਨਹੀਂ ਚਲਦੀ, ਉੱਥੇ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਕਿਰਪਾਨ ਭੇਟ ਕਰਨ

ਵੇਲੇ (ਜਾਂ ਪਹਿਲੋਂ) ਇਹ ਤੁਕ ਪੜ੍ਹੀ ਜਾਂਦੀ ਹੈ "ਹੁਣ ਲਾਉ ਭੋਗ ਹਰਿ ਰਾਇ।" ਇਹੋ ਜਿਹਾ ਸਲੂਕ ਸਿੱਖ ਫ਼ਲਸਫ਼ੇ, ਸਿੱਖ ਤਰਜ਼ੇ-ਜ਼ਿੰਦਗੀ ਤੇ ਸਿੱਖ ਮਰਿਆਦਾ ਨਾਲ ਕਈ ਲੋਕ ਕਰਦੇ ਹੀ ਰਹਿੰਦੇ ਹਨ। ਇਹੋ ਜਿਹੇ ਦਰਜਨਾਂ ਨੁਕਤੇ ਹਨ।

ਇੰਞ ਹੀ ਗੁਰੂ ਤੇ ਸਤਿਗੁਰੂ ਲਫ਼ਜ਼ ਵਾਲੇ ਸ਼ਬਦ ਲੱਭ ਕੇ, ਡੇਰੇਦਾਰਾਂ ਨੇ ਇਹ ਪਾਖੰਡ ਰਚਿਆ ਹੈ ਕਿ ਉਨ੍ਹਾਂ ਸ਼ਬਦਾਂ ਵਿਚ ਦੇਹਧਾਰੀ ਗੁਰੂ ਦੀ ਜ਼ਰੂਰਤ ਦਰਸਾਈ ਗਈ ਹੈ।

ਸਿੱਖ ਫ਼ਲਸਫ਼ੇ ਵਿਚ, ਗੁਰਬਾਣੀ ਵਿਚ ਗੁਰੂ ਦੀ ਜ਼ਰੂਰਤ ਦੁਨਿਆਵੀ ਰਸਤੇ 'ਤੇ ਚਲਣ ਵਾਲੇ ਦੀ ਪਹਿਲੀ ਜ਼ਰੂਰਤ ਆਖੀ ਗਈ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਪਰ ਸਿੱਖ ਫ਼ਲਸਫ਼ੇ ਵਿਚ ਗੁਰੂ ਕੀ ਹੈ, ਇਸ ਬਾਰੇ ਭੁਲੇਖੇ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੋਰ ਤਾਂ ਹੋਰ ਇਕ ਲੇਖਕ ਨੇ ਤਾਂ ਇਹ ਵੀ ਲਿਖ ਦਿੱਤਾ ਕਿ ਗੁਰੂ ਅਰਜਨ ਸਾਹਿਬ ਨੇ ਤਾਂ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਵੱਡਾ ਆਖ ਕੇ ਆਪਣਾ ਸਤਿਗੁਰੂ, ਤੇ "ਰੱਬ" ਆਖਿਆ ਹੈ। ਉਹ ਲੇਖਕ ਗੁਰੂ ਗ੍ਰੰਥ ਸਾਹਿਬ ਦੇ ਸਫ਼ਾ ੭੫੦ ਤੇ "ਸਭ ਤੇ ਵਡਾ ਸਤਿਗੁਰੂ, ਨਾਨਕ, ਜਿਨ ਕਲ ਰਾਖੀ ਮੇਰੀ" ਵਿਚਲੇ ਲਫ਼ਜ਼ "ਸਤਿਗੁਰੂ" ਨੂੰ ਗੁਰੂ ਨਾਨਕ ਸਾਹਿਬ ਨਾਲ ਜੋੜਦਾ ਹੈ ਨਾ ਕਿ ਵਾਹਿਗੁਰੂ ਨਾਲ।

ਸਿੱਖ ਫ਼ਲਸਫ਼ਾ ਸਾਫ਼ ਲਫ਼ਜ਼ਾਂ ਵਿਚ ਗੁਰੂ ਦੀ ਜ਼ਰੂਰਤ ਆਖਦਾ ਹੈ ਪਰ ਨਾਲ ਹੀ ਇਹ ਬਿਆਨ ਕਰਦਾ ਹੈ ਕਿ ਗੁਰੂ ਕੌਣ ਹੈ ? ਗੁਰੂ ਕੀ ਹੈ ? ਗੁਰੂ ਕਿਥੇ ਹੈ :

ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥
ਆਠ ਪਹਰ ਨਾਨਕ ਗੁਰ ਜਾਪਿ ॥

(ਸਫ਼ਾ ੩੮੭)

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ, ਸੋ ਪਰਵਾਣੁ ॥

(ਸਫ਼ਾ ੮੬੪)

ਗੁਰੁ ਪਰਮੇਸਰੁ ਏਕੁ ਹੈ, ਸਭ ਮਹਿ ਰਹਿਆ ਸਮਾਇ ॥

(ਸਫ਼ਾ ੫੩)

ਆਦਿ ਮਧਿ ਅੰਤਿ ਪ੍ਰਭੁ ਸੋਈ, ਸੁੰਦਰ ਗੁਰ ਗੋਪਾਲਾ ॥

(ਸਫ਼ਾ ੪੫੪)

ਹਾਲਾਂ ਕਿ ਬਾਣੀ ਵਿਚ ਜਗ੍ਹਾ ਜਗ੍ਹਾ ਤੇ ਆਉਂਦਾ ਹੈ ਕਿ ਗੁਰੂ ਸਾਹਿਬ "ਵਾਹਿਗੁਰੂ" ਨੂੰ ਹੀ "ਗੁਰੂ" ਆਖਦੇ ਹਨ। ਗੁਰੂ ਸਾਹਿਬ ਜਦੋਂ ਵਾਹਿਗੁਰੂ ਅਤੇ ਗੁਰੂ ਲਫ਼ਜ਼ ਦੋ ਵੱਖ-ਵੱਖ ਮੁੱਦਿਆਂ ਵਾਸਤੇ ਵਰਤਦੇ ਹਨ ਤਾਂ ਉਥੇ ਵੀ ਵਾਹਿਗੁਰੂ ਅਤੇ ਗੁਰੂ ਵਿਚ ਵਖਰੇਵਾਂ ਨਜ਼ਰ ਨਹੀਂ ਆਉਂਦਾ। ਡੇਰੇਦਾਰਾਂ ਨੇ ਕੁਝ ਸ਼ਬਦ ਚੁਣ ਕੇ ਇਹ ਵਖਰੇਵਾਂ ਖੜ੍ਹਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਜਿਵੇਂ :

ਐਸਾ ਗੁਰੁ ਵਡਭਾਗੀ ਪਾਈਐ
ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥

(ਸਫ਼ਾ ੭੮੦)

ਹਉ ਕੁਰਬਾਨੀ ਗੁਰ ਆਪਣੇ

ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥

(ਸਫ਼ਾ ੧੬੭)

ਪਰ ਇਥੇ "ਗੁਰੂ" ਕਿਸ ਨੂੰ ਕਿਹਾ ਹੈ ? ਇਸ "ਗੁਰੂ" ਦੇ ਮਾਅਨੇ ਲੱਭਣ ਵਾਸਤੇ ਫਿਰ ਗੁਰਬਾਨੀ ਦੀ ਹੀ ਓਟ ਲੈਣੀ ਪਏਗੀ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥

(ਸਫ਼ਾ ੬੩੫)

ਏਸੁ ਕਥਾ ਕਾ ਦੇਇ ਬੀਚਾਰੁ ॥
ਭਵਜਲੁ ਸਬਦਿ ਲੰਘਾਵਣਹਾਰੁ ॥

(ਸਫ਼ਾ ੯੪੨)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

(ਸਫ਼ਾ ੯੮੨)

ਗੁਰੂ ਸਾਹਿਬ ਨੇ ਸਿੱਖ ਫ਼ਲਸਫ਼ੇ ਨੂੰ, ਗੁਰਬਾਨੀ ਵਿਚ, ਪੇਸ਼ ਕਰਦਿਆਂ ਬੜੇ ਸਾਫ਼ ਲਫ਼ਜ਼ਾਂ ਵਿਚ ਆਖਿਆ ਹੈ ਕਿ ਸਿੱਖਾਂ ਨੂੰ "ਗੁਰੂ" ਦੀ ਲੋੜ ਹੈ ਤੇ "ਗੁਰੂ" ਤੇ "ਸਤਿਗੁਰੂ" ਵਾਹਿਗੁਰੂ ਆਪ ਹੈ। "ਵਾਹਿਗੁਰੂ" ਦੇ ਸ਼ਬਦ ਤੇ "ਵਾਹਿਗੁਰੂ" 'ਚ ਫ਼ਰਕ ਨਹੀਂ ਹੈ। ਗੁਰੂ ਦਾ ਹੁਕਮ, ਵਾਹਿਗੁਰੂ ਦਾ ਭਾਣਾ, ਵਾਹਿਗੁਰੂ ਦੀ ਮਰਿਆਦਾ ਵਿਚ ਰਹਿਣਾ ਸਿੱਖੀ ਹੈ। ਸਿੱਖ ਗੁਰੂ ਸਾਹਿਬਾਨ ਦੇ ਰੋਲ ਬਾਰੇ ਦੋ ਨੁਕਤੇ ਬੜੇ ਸਾਫ਼ ਸਮਝਣ ਵਾਲੇ ਹਨ। ਪਹਿਲਾ ਤਾਂ ਇਹ ਕਿ ਦਸ ਗੁਰੂ ਸਾਹਿਬਾਨ ਅਕਾਲ ਪੁਰਖ ਦਾ ਨਾਮ ਜਪਣ ਦਾ ਪੈਗ਼ਾਮ ਦੇਣ ਵਾਲੇ ਸਨ ਪਰ ਸਾਰਿਆਂ ਵਿਚ ਇਕ ਜੋਤ ਸੀ। ਦੂਜਾ ਇਹ ਹੈ ਕਿ ਉਨ੍ਹਾਂ ਨੇ ਵਾਹਿਗੁਰੂ ਨੂੰ, ਸਤਿਗੁਰੂ ਨੂੰ, ਅਕਾਲ ਪੁਰਖ ਨੂੰ, ਉਸ ਦੀ ਬਾਣੀ (ਧੁਰ ਕੀ ਬਾਣੀ) ਨੂੰ, ਸ਼ਬਦ ਨੂੰ, ਇੱਕ ਸਿੱਖ, ਇਕ ਚੰਗੇ ਇਨਸਾਨ, ਇਕ ਜੀਵ ਵਾਸਤੇ ਆਦਿ ਤੇ ਅੰਤ ਤੇ ਸਭ ਕੁਝ ਆਖਿਆ ਹੈ।

ਫਿਰ ੧੭੦੮ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਦੇ ਕੇ ਐਲਾਨੀਆ ਫ਼ੈਸਲਾ ਵੀ ਦੇ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਬਣਾਏ ਜਾਣ ਦਾ ਮਤਲਬ ਸਾਫ਼ ਸੀ ਕਿ ਸਿੱਖ ਧਰਮ ਫ਼ਲਸਫ਼ੇ ਵਿਚ ਆਖ਼ਰੀ ਸ਼ਖ਼ਸੀਅਤ, ਰਹਿਬਰ ਜਾਂ ਆਗੂ ਨਹੀਂ ਬਲਕਿ ਫ਼ਲਸਫ਼ਾ ਹੈ, ਸ਼ਬਦ ਹੈ, ਅਸੂਲ ਹਨ, ਰੂਹਾਨੀਅਤ ਹੈ, ਬਾਣੀ ਹੈ। ਵਾਹਿਗੁਰੂ, ਸਤਿਗੁਰੂ, ਗੁਰੂ, ਸਿੱਖ ਨੁਕਤਿਆਂ ਦੀ ਆਖ਼ਰੀ, ਪੱਕਾ, ਐਲਾਨੀਆ ਤੇ ਸਾਫ਼-ਸਪਸ਼ਟ ਨਿਤਾਰਾ ਇਸੇ ਵਿਚ ਹੈ ਕਿ ਗੁਰੂ ਨਾਨਕ ਸਾਹਿਬ ਨੇ ਦਸ ਜਾਮਿਆਂ ਵਿਚ ਸਿੱਖਾਂ ਨੂੰ "ਸੰਤ ਸਿਪਾਹੀ" ਬਣਨ ਬਾਰੇ ਸਿਖਲਾਈ ਦੇਣ ਮਗਰੋਂ, ਸਿੱਖ ਪੰਥ ਦੇ ਪੈਰੋਕਾਰਾਂ ਦੀ ਸੂਝ ਨੂੰ ਹੋਰ ਸਿਖਲਾਈ ਦੀ ਜ਼ਰੂਰਤ ਨਾ ਮਹਿਸੂਸ ਕਰਦਿਆਂ, ਸਿੱਖ ਪੰਥ ਨੂੰ ਆਖ਼ਰੀ ਫ਼ਲਸਫ਼ੇ, "ਧੁਰ ਕੀ ਬਾਣੀ" ਦੇ ਨਾਲ ਜੋੜ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਦੁਨੀਆਂ ਭਰ ਵਿਚ ਮਜ਼ਹਬੀ ਫ਼ਲਸਫ਼ਿਆਂ ਦਾ ਆਖ਼ਿਰ ਹੈ, ਸਿਖਰ ਹੈ ਤੇ ਇਸ ਤੋਂ ਅਗਾਂਹ ਕੋਈ ਕਦਮ ਨਹੀਂ ਹੋ ਸਕਦਾ।

ਦੇਹਧਾਰੀਆਂ ਦੇ ਖੜੇ ਕੀਤੇ ਵਖਰੇਵੇਂ ਨੂੰ, ਬਾਣੀ ਮੁਤਾਬਿਕ, ਅਸੀਂ ਰੱਦ ਕਰ ਆਏ ਹਾਂ। ਉਨ੍ਹਾਂ ਨੇ ਕੁਝ ਸਵਾਲ ਅੰਞਾਣਿਆਂ ਵਾਲੇ ਖੜ੍ਹੇ ਕੀਤੇ ਹਨ। ਜਿਵੇਂ ਜੇ ਬਾਣੀ ਹੀ ਸਭ ਕੁਝ ਹੈ ਤਾਂ ਬਾਣੀ ਦਾ ਅਰਥ ਕੌਣ ਦੱਸੇਗਾ ? ਬਾਣੀ ਬੋਲਦੀ ਨਹੀਂ, ਦੇਹਧਾਰੀ ਬੋਲਦਾ ਹੈ, ਵਗ਼ੈਰਾ। ਕਿਸੇ ਵੀ ਸੂਝ ਵਾਲੇ ਨੂੰ ਇਨ੍ਹਾਂ ਅੰਞਾਣਿਆਂ ਵਾਲੇ ਸਵਾਲਾਂ ਤੇ ਹੈਰਾਨੀ ਨਹੀਂ ਹੁੰਦੀ। ਕੀ ਸੁਕਰਾਤ, ਪਲੈਟੋ, ਅਰਸਤੂ ਨੂੰ ਪੜ੍ਹਾਉਣ ਵਾਲਾ ਉਨ੍ਹਾਂ ਦੇ ਬਰਾਬਰ ਹੋ ਜਾਏਗਾ ? ਕੀ ਗੁਰਬਾਣੀ ਦਾ ਟੀਕਾ ਕਰਨ ਵਾਲੇ (ਪ੍ਰੋ: ਸਾਹਿਬ ਸਿੰਘ, ਸ: ਮਨਮੋਹਣ ਸਿੰਘ, ਸ: ਕਪੂਰ ਸਿੰਘ ਵਗ਼ੈਰਾ) ਭਲਕੇ ਗੁਰੂ ਜਾਂ ਉਸ ਦੇ ਨੇੜੇ ਪਹੁੰਚੇ ਹੋਏ ਮੰਨੇ ਜਾਣਗੇ ? ਦੂਜਾ ਨੁਕਤਾ ਕਿ "ਬਾਣੀ ਬੋਲਦੀ ਨਹੀਂ", ਵੀ ਬੇਸਮਝੀ ਹੈ। ਬਾਣੀ ਬੋਲਦੀ ਹੈ, ਪਰ ਸੁਣਨ ਵਾਲੇ ਕੰਨ ਹੋਰ ਹੁੰਦੇ ਹਨ। ਬਾਣੀ ਤਾਂ ਰਗ-ਰਗ ਵਿਚ ਸਮਾ ਜਾਂਦੀ ਹੈ। ਕੰਨ, ਅੱਖਾਂ, ਦਿਲ, ਦਿਮਾਗ਼, ਰੂਹ, ਸਭ ਵਿਚ ਬਾਣੀ ਗੂੰਜਦੀ ਹੈ। ਪਰ ਜਿਨ੍ਹਾਂ ਦੀ ਰੂਹ ਪੰਜ "ਚੋਰਾਂ" (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵਸ ਹੋਵੇ, ਉਨ੍ਹਾਂ ਦੇ ਕੰਨਾਂ ਤੇ ਵੀ ਅਖ਼ਤਿਆਰ ਚੋਰਾਂ ਦਾ ਹੀ ਹੁੰਦਾ ਹੈ। ਉਹ ਚੋਰ ਸੁਣਨ ਨਹੀਂ ਦੇਂਦੇ। ਬਾਣੀ ਪੜ੍ਹਨ ਵਾਲਿਆਂ ਨੂੰ ਤਾਂ ਬਾਣੀ ਹਰ ਵੇਲੇ ਰੂਹ ਤਕ ਉਤਰ ਕੇ ਗੁੰਜਾਰ ਕਰਦੀ ਮਹਿਸੂਸ ਹੁੰਦੀ ਹੈ।

ਜਦੋਂ ਦਸਮ ਪਾਤਿਸ਼ਾਹ ਨੇ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪ੍ਰਗਟ ਕੀਤਾ ਸੀ ਤਾਂ ਡੇਰੇਦਾਰਾਂ ਅਤੇ ਦੇਹਧਾਰੀ ਗੁਰੂ ਦੀ ਜ਼ਰੂਰਤ ਦਾ ਦੰਭ ਰਚਨ ਵਾਲਿਆਂ ਦਾ ਵਹਿਮ ਨਾਲ ਹੀ ਤੋੜ ਦਿੱਤਾ ਸੀ। ਖਾਲਸਾ "ਅਕਾਲ ਪੁਰਖ ਦੀ ਫ਼ੌਜ" ਹੈ। ਖਾਲਸਾ ਰੂਹਾਨੀ ਤੇ ਦੁਨਿਆਵੀ ਤੌਰ 'ਤੇ ਖੁਦਮੁਖ਼ਤਿਆਰ ਹੈ। ਖਾਲਸਾ ਅਤੇ ਵਾਹਿਗੁਰੂ ਦੇ ਵਿਚਕਾਰ ਵਿਚੋਲਾ ਹੋ ਹੀ ਨਹੀਂ ਸਕਦਾ। ਖਾਲਸਾ ਲਫ਼ਜ਼ ਦੇ ਮਾਅਨੇ ਸਮਝਦਿਆਂ ਸਾਫ਼ ਹੋ ਜਾਂਦਾ ਹੈ ਕਿ ਖਾਲਸੇ ਤੇ ਵਾਹਿਗੁਰੂ ਦੇ ਵਿਚਕਾਰ ਕੋਈ ਦੇਹਧਾਰੀ ਹਰਗਿਜ਼ ਨਹੀਂ ਹੋ ਸਕਦਾ। ਵਿਚਕਾਰ ਤਾਂ ਸਿਰਫ਼ ਵਾਹਿਗੁਰੂ ਦਾ ਹੁਕਮ ਹੈ। ਖਾਲਸੇ ਨੂੰ ਦੇਹਧਾਰੀ ਦਾ ਜਾਦੂ ਨਹੀਂ ਬਲਕਿ "ਪਰਚਾ ਸ਼ਬਦ ਦਾ" ਤੋਹਫ਼ਾ ਮਿਲਿਆ ਹੈ। ਇਹੀ ਗੱਲ ਵਾਹਿਗੁਰੂ ਨੇ ਗੁਰੂ ਸਾਹਿਬਾਨ ਦੇ ਛੇਵੇਂ ਜਾਮੇ ਵਿਚ "ਅਕਾਲ ਤਖ਼ਤ ਸਾਹਿਬ" ਵਿਚ ਸਮਝਾਈ ਸੀ। ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ ਵੀ ਅਕਾਲ ਪੁਰਖ ਅਤੇ ਸਿੱਖ ਵਿਚਕਾਰ ਕਿਸੇ ਹਸਤੀ ਦਾ ਵਜੂਦ ਨਹੀਂ ਮੰਨਦਾ। ਜਿੱਥੇ ਅਕਾਲ ਪੁਰਖ ਦਾ ਪੈਰੋਕਾਰ ਹੈ, ਉੱਥੇ ਉਸ ਦਾ ਉਸ ਦੇ ਤਖ਼ਤ ਨਾਲ ਸਿੱਧਾ ਮੇਲ ਹੈ।

ਉਂਞ ਦਿਲਚਸਪ ਹਨ ਅੱਜ ਦੇ ਦੇਹਧਾਰੀ ਸਾਧ। ਕਿਸੇ ਨੂੰ ਵਾਰੰਟ ਨਿਕਲਣ ਮਗਰੋਂ ਕੋਈ ਦਿਲ ਦੀ ਬੀਮਾਰੀ ਹੋ ਜਾਂਦੀ ਹੈ ਤੇ ਕਿਸੇ ਨੂੰ ਪੁੱਤਰ ਤੇ ਮੁਕੱਦਮਾ ਦਾਇਰ ਹੋਣ ਤੇ ਮਗਰੋਂ ਦਸਤ ਲੱਗ ਜਾਂਦੇ ਹਨ। ਇੰਞ ਹੀ ਰਾਧਾ ਸੁਆਮੀਏ, ਕਲੇਰਾਂ ਵਾਲੀਏ, (ਨਾਨਕ ਸਰੀਏ) ਸੱਚੇ ਸੌਦੇ ਵਾਲੇ, ਨਾਮਧਾਰੀਏ ਦੋਦੜੇ ਵਾਲੇ ਤੇ ਹੋਰ ਮਨਮਤੀਏ ਸਾਧਾਂ ਦਾ ਹਾਲ ਹੈ। ਇਨ੍ਹਾਂ ਮਦਾਰੀਆਂ ਦੰਭੀਆਂ, ਬੇਮਾਅਨਾ ਲੋਕਾਂ ਦੀ ਜ਼ਿੰਦਗੀ ਦੇ ਤਰੀਕਿਆਂ ਤੋਂ ਹੀ ਦੇਹਧਾਰੀ ਡੇਰੇਦਾਰਾਂ ਤੇ ਸਾਧਾਂ ਦੀ ਔਕਾਤ ਪਤਾ ਲੱਗ ਜਾਂਦੀ ਹੈ। ਵਾਹਿਗੁਰੂ ਤਾਂ ਇਨ੍ਹਾਂ ਦਾ ਸੱਚ ਜ਼ਾਹਿਰ ਕਰਦੇ ਹਨ ਪਰ ਭੋਲੇ ਲੋਕ ਇਸ ਨੂੰ ਸਮਝਦੇ ਨਹੀਂ। ਇਕ ਸਿੱਖ ਕਦੇ ਵੀ ਕਿਸੇ ਦੇਹਧਾਰੀ ਨੂੰ ਕਬੂਲ ਨਹੀਂ ਕਰਦਾ, ਉਸ ਅੱਗੇ ਸਿਰ ਨਹੀਂ ਝੁਕਾਉਂਦਾ।

ਸਿਖ ਦੀਆਂ ਖ਼ੂਬੀਆਂ

ਕਿਸੇ ਨੇ ਪੁੱਛਿਆ "ਸਿੱਖ ਦੀ ਖ਼ੂਬੀ ਕੀ ਹੈ ?" ਇਸ ਸਵਾਲ ਦਾ ਜਵਾਬ ਦੇਣਾ ਆਸਾਨ ਨਹੀਂ ਸੀ। ਸਿੱਖ ਤਾਂ ਅਕਾਲ ਪੁਰਖ ਵਲੋਂ ਇਕ ਸੱਚੇ-ਸੁੱਚੇ ਇਨਸਾਨ ਦੇ ਬਣਾਏ ਸਕੈੱਚ ਦਾ ਅਕਸ ਹੈ। ਕਿਸੇ ਨੇ ਸਿੱਖ ਨੂੰ 'ਸੰਤ ਸਿਪਾਹੀ' ਆਖਿਆ। ਫਿਰ ਸਵਾਲ ਆਇਆ "ਸੰਤ" ਦੀਆਂ ਖ਼ੂਬੀਆਂ ਕੀ ਹੋਣੀਆਂ ਚਾਹੀਦੀਆਂ ਹਨ ? ਸਵਾਲ 'ਚੋਂ ਸਵਾਲ ਨਿਕਲਦੇ ਜਾਣੇ ਸਨ। ਅਖ਼ੀਰ ਫ਼ੈਸਲਾ ਹੋਇਆ ਕਿ ਸਿੱਖ ਬਾਰੇ ੨੦ ਨੁਕਤੇ ਦੱਸੇ ਜਾਣ। ਉਹ ਵੀਹ ਨੁਕਤੇ ਇੰਞ ਹਨ :

੧. ਸਿੱਖ ਇਕ ਰੱਬ 'ਚ ਯਕੀਨ ਰੱਖਦਾ ਹੈ; ਰੱਬ ਜਿਹੜਾ ਹਰ ਜਗ੍ਹਾ ਹੈ; ਹਰ ਤਾਕਤ ਦਾ ਮਾਲਕ ਹੈ ਅਤੇ ਸਿਰਫ਼ ਤੇ ਸਿਰਫ਼ ਇਕ ਹੈ। ਉਹ ਰੱਬ ਜੋ ਇਨਸਾਨੀ ਜਾਮੇ ਵਿਚ ਨਹੀਂ ਆਉਂਦਾ। ਉਹ ਜੋ ਸ਼ੁਰੂ ਤੋਂ ਹੀ ਸੀ ਅਤੇ ਹਮੇਸ਼ਾ ਰਹੇਗਾ। ਉਹ ਜਿਸ ਦਾ ਨੁਮਾਇੰਦਾ ਜਾਂ ਵਿਚੋਲਾ ਕੋਈ ਨਹੀਂ। ਉਹ ਜੋ ਕਿਸੇ ਇਕ ਨਾਲ ਖ਼ਾਸ ਮਜ਼ਹਬ, ਜ਼ਾਤ, ਨਸਲ, ਫ਼ਿਰਕਾ, ਇਲਾਕਾ, ਰੰਗ ਦੇ ਵਧੇਰੇ ਨਜ਼ਦੀਕ ਨਹੀਂ। ਉਹ ਜੋ ਕਿਸੇ ਨੂੰ ਘੱਟ ਜਾਂ ਵਧੇਰੇ ਮੁਹੱਬਤ ਨਹੀਂ ਕਰਦਾ। ਉਹ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਤੇ ਉਹ ਜਿਸ ਨੂੰ ਇਨ੍ਹਾਂ ਅੱਖਾਂ ਨਾਲ ਤੱਕਿਆ ਨਹੀਂ ਜਾ ਸਕਦਾ। ਸਿੱਖ ਅਜਿਹੇ ੧ੴ ਵਿਚ ਯਕੀਨ ਰੱਖਦਾ ਹੈ, ਤੇ ਪੂਰਾ ਭਰਪੂਰ ਯਕੀਨ ਰੱਖਦਾ ਹੈ।

੨. ਸਿੱਖ ਨਿਰਭਉ ਹੈ। ਸਿੱਖ ਵਾਹਿਗੁਰੂ ਤੋਂ ਸਿਵਾ ਕਿਸੇ ਤੋਂ ਵੀ ਨਹੀਂ ਡਰਦਾ। "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ" (ਨੌਵੇਂ ਨਾਨਕ ਸਾਹਿਬ, ਸਫ਼ਾ ੧੪੨੭)। ਗੁਰੂ ਨਾਨਕ ਸਾਹਿਬ ਲਿਖਤ ਬਾਬਰ ਵਾਣੀ ਤੇ ਸਿੱਖ ਤਵਾਰੀਖ਼ ਪੜ੍ਹਨ ਵਾਲਾ ਸਿੱਖ ਯਕੀਨਨ ਨਿਰਭਉ ਹੈ।

੩. ਸਿੱਖ ਨਿਰਵੈਰ ਹੈ। ਸਿੱਖ ਦਾ ਦੁਸ਼ਮਣ ਕੋਈ ਨਹੀਂ। ਸਿੱਖਾਂ ਦਾ ਤਾਂ ਵਜੂਦ ਹੀ ਮੁਹੱਬਤ ਹੈ। ਸਿੱਖ ਕਿਸੇ ਨੂੰ ਨਫ਼ਰਤ ਨਹੀਂ ਕਰਦਾ। ਪਰ, ਸਿੱਖ ਜ਼ਾਲਮ ਨੂੰ ਮੁਆਫ਼ ਨਹੀਂ ਕਰਦਾ ਕਿਉਂਕਿ ਜ਼ੁਲਮ ਇਨਸਾਨੀਅਤ ਨਹੀਂ। ਜ਼ੁਲਮ ਦੀ ਸੋਚ, ਗ਼ੈਰ-ਇਨਸਾਨੀ ਸੋਚ ਹੈ। ਇਨਸਾਨੀਅਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਰੁਕਾਵਟ ਨੂੰ ਹਟਾਉਣਾ ਜ਼ਰੂਰੀ ਹੈ। ਉਂਞ ਸਿੱਖ ਦੀ ਇਹ ਸਿਫ਼ਤ ਹੈ ਕਿ ਸਿੱਖ ਕਿਸੇ ਨਾਲ ਨਫ਼ਰਤ, ਈਰਖਾ, ਸਾੜਾ, ਖਹਿਬਾਜ਼ੀ ਨਹੀਂ ਰੱਖਦਾ। ਸਿੱਖ ਹਰ ਇਕ ਨੂੰ ਗਲੇ ਨਾਲ ਲਾਉਂਦਾ ਹੈ। ਸਿੱਖ ਭੁੱਲਾਂ ਬਖ਼ਸ਼ਦਾ ਹੈ। ਸੱਚੇ ਦਿਲੋਂ ਆਪਣੀ ਭੁੱਲ ਮੰਨਣ ਵਾਲੇ ਨੂੰ ਸਿੱਖ ਬਖਸ਼ ਦੇਂਦਾ ਹੈ। (ਪਰ ਜ਼ਾਲਮ ਵਾਸਤੇ ਮੁਆਫ਼ੀ ਨਹੀਂ)।

੪. ਸਿੱਖ ਨਫ਼ੀ ਦੀ ਕਾਰਵਾਈ ਨਹੀਂ ਕਰਦਾ। ਸਿੱਖ ਦੀ ਸੋਚ ਜਮ੍ਹਾਂ ਪੱਖੀ ਹੈ। ਸਿੱਖ ਉਸਾਰੂ ਤਬੀਅਤ ਰੱਖਦਾ ਹੈ, ਢਾਹੂ ਨਹੀਂ। ਸਿੱਖ ਦੀ ਬਦੀ ਦੇ ਖ਼ਿਲਾਫ਼ ਜੰਗ, ਨਫ਼ੀ ਵਾਲੀ

ਨਹੀਂ, ਬਲਕਿ ਜਮ੍ਹਾਂ ਵਾਲੀ ਹੈ। ਝੂਠ ਨੂੰ ਖ਼ਤਮ ਕਰ ਕੇ ਸੱਚ ਨੂੰ ਤਾਕਤ ਦੇਣਾ, ਜ਼ਿੰਦਗੀ ਦੇਣਾ, ਨਫ਼ੀ ਨਹੀਂ ਬਲਕਿ ਜਮ੍ਹਾਂ ਦੀ ਕਾਰਵਾਈ ਹੈ।

੫. ਸਿੱਖ ਸਦਾ ਖੇੜੇ 'ਚ ਰਹਿੰਦਾ ਹੈ, ਭਾਣੇ ਵਿਚ ਰਹਿੰਦਾ ਹੈ। ਜੰਮਣ, ਮਰਨ, ਵਿਆਹ, ਔਲਾਦ ਕੋਈ ਵੀ ਮੌਕਾ ਹੋਵੇ, ਸਿੱਖ ਗੁਰੂ ਦੀ ਹਜ਼ੂਰੀ ਵਿਚ ਜਾ ਕੇ ਕੀਰਤਨ ਕਰਦਾ ਹੈ। ਕੀਰਤਨ, ਸਿੱਖ ਦੀ ਰੂਹਾਨੀ, ਸ਼ਖ਼ਸ਼ੀ ਤੇ ਭਾਈਚਾਰਕ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ।

੬. ਸਿੱਖ ਆਪਣੇ ਜਿਸਮ ਅਤੇ ਸਿਹਤ ਨੂੰ ਵੀ ਰੂਹਾਨੀਅਤ ਨਾਲ ਜੋੜਦਾ ਹੈ। ਸਿੱਖ ਵਾਸਤੇ ਦਲਿੱਦਰ 'ਬਦੀ' ਹੈ ਅਤੇ ਉੱਦਮ ਕਰਨਾ, ਸਿੱਖ ਦੀ ਖ਼ੂਬੀ ਹੈ। ਸਵੇਰੇ ਉੱਠਣਾ, ਇਸ਼ਨਾਨ (ਬਾਕਾਇਦਾ) ਕਰਨਾ ਤੇ ਰੱਬ ਨੂੰ ਚੇਤੇ ਕਰਨਾ, ਸਿੱਖ ਦਾ ਰੋਜ਼ਨਾਮਚਾ ਹੈ। ਥੋੜ੍ਹਾ ਅੰਨ ਖਾਣਾ ਸਿੱਖ ਦੀ ਸੋਚ ਹੈ। ਸਿੱਖ ਅਜਿਹੀ ਖ਼ੁਰਾਕ ਤੇ ਗ਼ਜ਼ਾ ਖਾਂਦਾ-ਪੀਂਦਾ ਨਹੀਂ ਜੋ ਮਨ ਵਿਚ ਵਿਕਾਰ ਪੈਦਾ ਕਰਦੀ ਹੈ। ਯਾਨਿ ਸਿੱਖ ਦੀ ਰੂਹਾਨੀਅਤ ਤੇ ਸਿਹਤ ਦਾ ਆਪਸ ਵਿਚ ਮੇਲ ਜ਼ਰੂਰੀ ਹੈ।

੭. ਸਿੱਖ ਭਾਈਚਾਰੇ ਵਿਚ ਵਿੱਥ ਨਹੀਂ ਪਾਉਂਦਾ। ਲੰਗਰ, ਸੰਗਤ, ਪੰਗਤ, ਸਿੱਖ ਤਹਿਜ਼ੀਬ ਦਾ ਵੱਡਾ ਜ਼ਰੂਰੀ ਹਿੱਸਾ ਹੈ। ਸਿੱਖ ਵਾਸਤੇ ਸੰਗਤ ਵਿਚ ਬੈਠਣਾ, ਬਰਾਬਰ ਹੋ ਕੇ ਬੈਠਣਾ, ਪਹਿਲੀ ਗੱਲ ਹੈ। ਸੰਗਤ ਤੋਂ ਪਹਿਲਾਂ ਲੰਗਰ ਵਿਚ, ਪੰਗਤ ਵਿਚ ਬੈਠ ਕੇ, ਸਾਂਝਾ ਪਵਿੱਤਰ ਪ੍ਰਸ਼ਾਦ ਛਕਣਾ, ਉਸ ਦੇ ਅੰਦਰ ਦਾ ਗ਼ਰੂਰ ਖ਼ਤਮ ਕਰਦਾ ਹੈ। ਲੰਗਰ ਤੇ ਪੰਗਤ ਸਿਰਫ਼ ਅਖੌਤੀ ਵੱਡੇ ਦਾ ਗ਼ਰੂਰ ਹੀ ਨਹੀਂ ਬਲਕਿ ਅਖੌਤੀ ਛੋਟੇ ਦਾ ਅਹਿਸਾਸੇ-ਕਮਤਰੀ (inferiority complex) ਵੀ ਖ਼ਤਮ ਕਰਦਾ ਹੈ। ਛੋਟਾ ਜਾਂ ਵੱਡਾ ਹੋਣ ਦਾ ਅਹਿਸਾਸ ਸਿੱਖ ਕਲਚਰ ਵਿਚ ਪਰਾਇਆ ਹੈ। ਸਿੱਖ ਭਾਈਚਾਰੇ ਵਿਚ ਦਰਜਾ, ਉਮਰ, ਰੰਗ, ਜ਼ਾਤ, ਜਿਨਸ ਦਾ ਕੋਈ ਫ਼ਰਕ ਨਹੀਂ। ਸਿੱਖ ਨੇ ਇਹ ਸੋਚ ਲੰਗਰ, ਸੰਗਤ, ਪੰਗਤ 'ਚੋਂ ਸਿਖਣੀ ਹੀ ਨਹੀਂ, ਬਲਕਿ ਅਪਣਾਉਣੀ ਵੀ ਹੈ। ਲੰਗਰ ਹਾਲ ਵਿਚੋਂ ਬਾਹਰ ਨਿਕਲਣ ਮਗਰੋਂ, ਦਰਜਾਬੰਦੀ ਫੇਰ ਸ਼ੁਰੂ ਨਹੀਂ ਹੋਣੀ ਚਾਹੀਦੀ। ਇਹ ਤਾਂ ਜ਼ਿੰਦਗੀ ਦਾ ਹਿੱਸਾ ਬਣਨੀ ਚਾਹੀਦੀ ਹੈ। ਸਿੱਖ ਦੁਨੀਆਂ ਦਾ ਸਭ ਤੋਂ ਵਧ ਬਾ-ਉਮੀਦ ਸ਼ਖ਼ਸ ਹੈ। ਸਿੱਖ ਦਾ ਸਬਕ ਹੀ "ਚੜ੍ਹਦੀ ਕਲਾ" ਹੈ। ਸਿੱਖ ਢਹਿੰਦੀ ਕਲਾ ਵਿਚ ਜੀਅ ਹੀ ਨਹੀਂ ਸਕਦਾ। ਸਿੱਖ ਨੂੰ ਹਨੇਰੇ ਵਿਚ ਵੀ ਅਹਿਸਾਸ ਹੈ ਕਿ ਸਵੇਰ ਆਉਣੀ ਹੀ ਹੈ। ੫ ਫ਼ਰਵਰੀ ੧੭੬੨ ਦੇ ਦਿਨ ਅੱਧੀ ਤੋਂ ਵੱਧ ਸਿੱਖ ਕੌਮ ਸ਼ਹੀਦ ਹੋਣ ਮਗਰੋਂ ਵੀ ਸਿੱਖ ਆਖਦੇ ਨੇ "ਸਾਡੇ ਅੰਦਰ ਦਾ ਖੋਟ ਝੜ ਗਿਆ ਹੈ।" ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਸਿਰਫ਼ ਦੋ ਹੋਣ ਤੇ ਵੀ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਦਾਅਵਾ ਕਰ ਦੇਂਦੇ ਹਨ। ਅਨੰਦਪੁਰ ਸਾਹਿਬ, ਚਮਕੌਰ ਦੀ ਗੜ੍ਹੀ ਤੇ ਗੁਰਦਾਸ ਨੰਗਲ ਦੀਆਂ ਔਖੀਆਂ ਜੰਗਾਂ ਸਿੱਖ ਨੂੰ ਕਮਜ਼ੋਰ ਨਹੀਂ ਕਰਦੀਆਂ। ਇਸ ਨਾਲ ਸਿੱਖ ਵਧੇਰੇ ਡਟਦਾ ਹੈ ਅਤੇ ਆਪਣੀ ਮੰਜ਼ਿਲ ਵੱਲ ਤੁਰਦਾ ਹੈ। ਸਿੱਖ ਲਈ ਚੜ੍ਹਦੀ ਕਲਾ ਹੀ ਜ਼ਿੰਦਗੀ ਹੈ। ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਸਿੱਖ ਲਈ ਫ਼ਰਜ਼ ਹੈ। ਸਿੱਖ ਵਾਹਿਗੁਰੂ ਦੀ ਬਖ਼ਸ਼ਿਸ਼ ਨੂੰ ਅਪਾਰ ਮੰਨਦਾ ਹੈ।

੮. ਸਿੱਖ ਦੁਨੀਆਂ ਦਾ ਜਮ੍ਹਾ ਵਾਲਾ ਹਿੱਸਾ ਹੈ। ਸਿੱਖ ਦੇਂਦਾ ਹੈ, ਲੈਂਦਾ ਨਹੀਂ।

ਸਿੱਖ ਪੰਡਤਾਂ ਵਾਂਗ 'ਹੰਦੇ' ਇਕੱਠੇ ਕਰ-ਕਰ ਕੇ ਨਹੀਂ ਜਿਉਂਦਾ। ਸਿੱਖ ਕਿਰਤ ਕਰਦਾ ਹੈ। ਮਿਹਨਤ ਤੇ ਈਮਾਨਦਾਰੀ ਨਾਲ ਰੋਜ਼ੀ ਕਮਾਉਂਦਾ ਹੈ। ਸਿੱਖ ਕਦੇ ਵੀ ਮੰਗਤਾ ਨਹੀਂ ਹੋ ਸਕਦਾ। ਸਿੱਖ ਦਾ ਹੱਥ ਅੱਡਿਆ ਹੋਇਆ ਨਹੀਂ ਦਿਸ ਸਕਦਾ।

੯. ਸਿੱਖ ਭਾਈਚਾਰਕ ਸੋਚ ਵਾਲਾ ਹੈ। ਵੰਡ ਕੇ ਛਕਣਾ ਸਿੱਖੀ ਦਾ ਬੁਨਿਆਦੀ ਨੁਕਤਾ ਹੈ। ਸਿੱਖ ਨੇ ਜਿਥੇ ਈਮਾਨਦਾਰੀ ਨਾਲ ਕਮਾਈ ਕਰਨੀ ਹੈ, ਉਥੇ ਅਜਿਹੀ ਕਮਾਈ ਵਿਚੋਂ ਵੀ ਵੰਡ ਕੇ ਛਕਣਾ ਹੈ। ਲੋੜਵੰਦ ਦੀ ਮਦਦ ਕਰਨਾ ਸਿੱਖ ਕਲਚਰ ਦੀਆਂ ਪਹਿਲੀਆਂ ਗੱਲਾਂ ਵਿਚੋਂ ਹੈ। ਆਪਣੀ ਹੈਸੀਅਤ ਮੁਤਾਬਿਕ ਕਿਸੇ ਦੀ ਮਦਦ ਨਾ ਕਰਨ ਦੀ ਖ਼ਾਹਿਸ਼ ਸਿੱਖੀ ਅਸੂਲਾਂ ਦੇ ਉਲਟ ਹੈ। ਸਿੱਖ ਖ਼ੁਦ-ਗਰਜ਼ ਨਹੀਂ। ਸਿੱਖ ਨਿਜ ਵਿਚ ਨਹੀਂ ਜਿਊਂਦਾ।

੧੦. ਸਿੱਖ ਖੜੋਤ ਵਿਚ ਰਹਿ ਹੀ ਨਹੀਂ ਸਕਦਾ। ਸਿੱਖ ਨੇ ਅੱਗੇ ਹੀ ਅੱਗੇ ਵਧਣਾ ਹੈ। ਅੱਜ ਦੁਨੀਆਂ ਭਰ ਵਿਚ ਸਿੱਖਾਂ ਵਲੋਂ ਕੀਤੀ ਗਈ ਤਰੱਕੀ ਸਾਬਿਤ ਕਰਦੀ ਹੈ ਕਿ ਸਿੱਖ ਖੜੋਤ 'ਚ ਨਹੀਂ ਰਹਿੰਦਾ ਬਲਕਿ ਅੱਗੇ ਵਧਣਾ ਚਾਹੁੰਦਾ ਹੈ। ਉਹ ਵੀ ਦੂਜੇ ਨੂੰ ਢਾਹ ਕੇ ਨਹੀਂ, ਬਲਕਿ ਮਿਹਨਤ ਕਰ ਕੇ। ਸਿੱਖ ਦੀ ਤਰੱਕੀ ਕਿਸੇ ਤੋਂ ਖੋਹ ਕੇ ਨਹੀਂ ਬਲਕਿ ਆਪਣੀ ਜਿਸਮਾਨੀ ਜਾਂ ਦਿਮਾਗ਼ੀ ਮਿਹਨਤ ਕਰਕੇ ਹੈ। ਸਿੱਖ ਲੁਟੇਰਾ, ਭੁੱਖਾ, ਖੋਹ ਕਰਨ ਵਾਲਾ ਨਹੀਂ ਹੈ, ਬਲਕਿ ਉਹ ਆਪਣੇ ਖ਼ੂਨ ਪਸੀਨੇ ਨਾਲ ਆਪਣਾ ਘਰ ਬਣਾਉਂਦਾ ਅਤੇ ਸੰਵਾਰਦਾ ਹੈ। ਸਿੱਖ ਵਿਚ ਚਲਦੇ ਰਹਿਣਾ, ਵਧਦੇ ਰਹਿਣਾ, ਅੱਗੇ ਜਾਣਾ, ਵੱਡੀਆਂ ਪੁਲਾਂਘਾਂ ਪੁਟਣਾ, ਜਿੱਥੇ ਜਮ੍ਹਾ ਦੀ ਸੋਚ ਹੈ, ਉਥੇ ਇਸ ਵਿਚ ਦੁਨੀਆਂ ਭਰ 'ਚ ਤਰੱਕੀ ਲਿਆਉਣ ਅਤੇ ਬੇਹਤਰੀ (ਸੁਧਾਰ) ਦੀ ਖ਼ਾਹਿਸ਼ ਵੀ ਹੈ। ਪਰ ਸਿੱਖ ਦੀ ਸੋਚ ਮਲਿਕ ਭਾਗੋ ਦੀ ਸੋਚ ਨਹੀਂ ਹੋ ਸਕਦੀ। ਸਿੱਖ ਸੌਖਾ ਤੇ ਖ਼ੁਸ਼ਹਾਲ ਤਾਂ ਹੋ ਸਕਦਾ ਹੈ, ਪਰ ਮਲਿਕ ਭਾਗੋ ਨਹੀਂ। ਸਿੱਖ ਦੀ ਖ਼ੁਸ਼ਹਾਲੀ ਆਪਣੀ, ਟੱਬਰ ਦੀ, ਭਾਈਚਾਰੇ ਦੀ, ਚੌਗਿਰਦੇ ਦੀ ਤੇ ਪੰਥ ਦੀ ਬੇਹਤਰੀ ਵਾਸਤੇ ਹੈ ਨਾ ਕਿ ਕਾਰੂੰ ਵਾਂਗ ਦੌਲਤ ਤੇ ਪਕੜ ਰੱਖਣ ਦੀ।

੧੧. ਸਿੱਖ ਮੌਤ ਤੋਂ ਡਰਦਾ ਨਹੀਂ। ਜਿਸ ਮਰਨ ਤੋਂ ਦੁਨੀਆਂ ਡਰਦੀ ਹੈ, ਉਸ ਮੌਤ ਨੂੰ ਸਿੱਖ ਵਾਹਿਗੁਰੂ ਦਾ ਭਾਣਾ ਮੰਨਦਾ ਹੈ। ਸਿੱਖ ਜਿਸਮ ਨੂੰ ਮਿੱਟੀ ਹੀ ਮੰਨਦਾ ਹੈ ਅਤੇ ਜਿਸਮ 'ਚੋਂ ਰੂਹ ਦਾ ਨਿਕਲ ਜਾਣਾ ਉਸ ਵਾਸਤੇ ਇਕ ਪੜਾਅ ਦਾ ਖ਼ਤਮ ਹੋ ਜਾਣਾ ਹੈ। ਮਰਨਾ, ਸਿੱਖ ਵਾਸਤੇ, ਚੜ੍ਹਾਈ ਕਰਨਾ ਹੈ, ਪੂਰਾ ਹੋ ਜਾਣਾ ਹੈ, ਚਲਾਣਾ ਕਰ ਜਾਣਾ ਹੈ। ਵਾਹਿਗੁਰੂ ਦਾ ਭਾਣਾ ਮੰਨਣਾ ਸਿੱਖ ਦਾ ਮੁੱਢਲਾ ਫ਼ਰਜ਼ ਹੈ।

੧੨. ਸਿੱਖ ਕੌਲ ਪਾਲਦਾ ਹੈ। ਜਿਸ ਦੀ ਬਾਂਹ ਫੜਦਾ ਹੈ, ਆਪਣੀ ਜਾਨ ਦੇ ਕੇ ਵੀ ਉਸ ਦੀ ਹਿਫ਼ਾਜ਼ਤ ਕਰਦਾ ਹੈ। ਕਿਸੇ ਨੇ ਕੌਲ ਪਾਲਣਾ ਹੋਏ ਤਾਂ ਸਿੱਖ ਦੀ ਜ਼ਿੰਦਗੀ 'ਚੋਂ ਸਿੱਖੇ, ਸਿੱਖ ਫ਼ਲਸਫ਼ਾ ਸਮਝੇ ਜਾਂ ਸਿੱਖ ਤਵਾਰੀਖ਼ ਫਰੋਲੇ। ਸਿੱਖ ਵਾਅਦਾ ਕਰ ਕੇ ਹਮੇਸ਼ਾ ਨਿਭਾਉਂਦਾ ਹੈ।

੧੩. ਸਿੱਖ ਵਿਤਕਰਾ ਨਹੀਂ ਕਰਦਾ। ਦੁਨੀਆਂ ਭਰ ਵਿਚ ਰੈੱਡ-ਕਰਾਸ ਦੀ ਪਹਿਲੀ ਮੁਹਿੰਮ ਦੇ ਮੋਢੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਰਨੈਲ ਭਾਈ ਘਨੱਈਆ ਸਿੰਘ ਦੀ ਸਾਖੀ ਸਾਫ਼ ਲਫ਼ਜ਼ਾਂ ਵਿਚ ਬਿਆਨ ਕਰਦੀ ਹੈ ਕਿ ਸਿੱਖ ਵਿਤਕਰਾ ਨਹੀਂ ਕਰ ਸਕਦਾ।

ਜਿਸ ਸੇਵਾ (ਡਿਊਟੀ) ਤੇ ਸਿੱਖ ਬੈਠਾ ਹੈ, ਉੱਥੇ ਬੈਠ ਕੇ ਉਹ ਰਿਆਇਤ, ਲਿਹਾਜ਼, ਵਿਤਕਰਾ, ਫ਼ਰਕ ਨਹੀਂ ਪਾ ਸਕਦਾ। ਇਨਸਾਨੀਅਤ, ਨਫ਼ਾਸਤ, ਹਮਦਰਦੀ, ਮੁਹੱਬਤ, ਸੱਜਣਤਾ ਦਾ ਸਬਕ ਸਿਖਣਾ ਹੋਵੇ ਤਾਂ ਸਿੱਖਾਂ ਕੋਲੋਂ ਹੀ ਮਿਲੇਗਾ।

੧੪. ਸਿੱਖ ਸਭ ਤੋਂ ਵੱਡਾ ਮਹਿਮਾਨ ਨਿਵਾਜ਼ ਹੈ। "ਗੁਰਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ" ਸਿੱਖ ਦੀ ਜ਼ਿੰਦਗੀ ਹੈ। ਇਸ ਲੇਖਕ ਨੂੰ ਆਪਣੀ ਅੰਮੀ ਦੇ ਲਫ਼ਜ਼ ਅੱਜ ਵੀ ਚੇਤੇ ਹਨ ਕਿ "ਜਿਸ ਦਿਨ ਸਾਡੇ ਘਰੋਂ ਕੋਈ ਰੋਟੀ ਨਹੀਂ ਖਾਂਦਾ ਉਹ ਦਿਨ ਸਾਨੂੰ ਅਧੂਰਾ ਜਾਪਦਾ ਹੈ। "ਸਿੱਖ ਕਲਚਰ ਦੀ ਇਹ ਸਿਫ਼ਤ ਦੁਨੀਆਂ ਭਰ 'ਚ ਮੰਨੀ ਪਰਮੰਨੀ ਹੈ ਕਿ ਮਹਿਮਾਨ-ਨਿਵਾਜ਼ੀ ਵਿਚ ਸਿੱਖ ਸਾਰੇ ਗਲੋਬ ਵਿਚ ਸਭ ਤੋਂ ਵੱਧ ਅਗੇਰੇ ਹੈ।" ਇਹ "ਸੱਚਾ ਸੌਦਾ" ਸਿੱਖ ਦੇ ਮਨ ਦਾ ਚਾਉ ਹੈ।

੧੫. ਸਿੱਖ ਆਪਣੀ ਕਮਾਈ 'ਚੋਂ ਦਸਵੰਧ ਜ਼ਰੂਰ ਕੱਢਦਾ ਹੈ। ਆਪਣੀ ਆਮਦਨੀ, ਤਨਖ਼ਾਹ, ਵਕਤ ਵਿਚੋਂ ਇਸ ਲੋਕਾਈ ਦੇ ਭਲੇ ਵਾਸਤੇ ਖ਼ਰਚ ਕਰਨਾ ਹਰ ਸਿੱਖ ਦਾ ਫ਼ਰਜ਼ ਹੈ। ਜੋ ਸਿੱਖ ਦਸਵੰਧ ਨਹੀਂ ਕੱਢਦਾ ਉਹ ਕਰਜ਼ਦਾਰ ਹੈ। ਸਿੱਖ ਨੂੰ ਇਹ ਕਰਜ਼ਾ, ਜਿੰਨੀ ਛੇਤੀ ਹੋ ਸਕੇ, ਉਤਾਰਨਾ ਚਾਹੀਦਾ ਹੈ। ਦਸਵੰਧ ਸਿਰਫ਼ ਪੈਸੇ ਹੀ ਨਹੀਂ ਹੁੰਦੇ, ਬੇਕਾਰ, ਲਾਚਾਰ, ਮਜਬੂਰ, ਖਾਲੀ ਬੋਝੇ ਵਾਲੇ, ਆਪਣੇ ਵਕਤ, ਆਪਣੇ ਹੁਨਰ ਵਿਚੋਂ ਵੀ ਦਸਵੰਧ ਕੱਢ ਸਕਦੇ ਹਨ। ਉਹ ਵੀ ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੁੰਦਾ ਹੈ। ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੀ ਹੁੰਦਾ ਹੈ। ਦਸਵੰਧ ਦੇਣਾ, "ਜ਼ਿੰਮੇਦਾਰੀ ਦਾ ਅਹਿਸਾਸ" ਕਰਨਾ ਹੈ। ਇਹ ਆਪਣੇ ਆਪ ਨੂੰ ਭਾਈਚਾਰੇ ਦਾ ਅਹਿਮ, ਜ਼ਰੂਰੀ ਤੇ ਫ਼ਾਇਦੇ ਵਾਲਾ ਹਿੱਸਾ ਸਮਝਣਾ ਹੈ।

੧੬. "ਸੇਵਾ" ਸਿੱਖ ਭਾਈਚਾਰੇ ਦਾ ਵਧੀਆ ਹਿੱਸਾ ਹੈ। ਸੇਵਾ ਕਰਨਾ ਸਿੱਖ ਦੀ ਸਭ ਤੋਂ ਵੱਡੀ ਖ਼ੁਸ਼ੀ ਹੈ। ਸੇਵਾ ਦਾ ਮੌਕਾ ਆਏ ਤਾਂ ਸਿੱਖ ਨੂੰ ਚਾਅ ਚੜ੍ਹ ਜਾਂਦਾ ਹੈ। ਜੇ ਸਿੱਖ ਨੂੰ ਸੇਵਾ ਦਾ ਮੌਕਾ ਨਾ ਮਿਲੇ ਤਾਂ ਉਸ ਨੂੰ ਆਪਣੇ ਆਪ ਵਿਚ ਕੋਈ ਥੁੜ ਜਿਹੀ ਮਹਿਸੂਸ ਹੁੰਦੀ ਰਹਿੰਦੀ ਹੈ। ਸੇਵਾ ਕਰਨ ਵੇਲੇ ਸਿੱਖ ਆਪਣੇ ਆਪ ਨੂੰ ਰੂਹਾਨੀਅਤ ਦੇ ਮਾਹੌਲ ਵਿਚ ਤੇ ਭਾਈਚਾਰੇ ਦੇ ਕੀਮਤੀ ਹਿੱਸੇ ਵਜੋਂ ਮਹਿਸੂਸਦਾ ਹੈ। ਸਿੱਖ ਉਡੀਕਦਾ ਹੈ ਕਿ ਕਦੋਂ ਸੇਵਾ ਦਾ ਮੌਕਾ ਮਿਲੇ। ਸੇਵਾ, ਸਿੱਖ ਦੀ ਤੜਪ ਹੈ ਜਿਵੇਂ ਕਿਸੇ ਖ਼ਜ਼ਾਨੇ ਦੀ ਤਲਬ ਰਹਿੰਦੀ ਹੋਏ, ਸਿੱਖ ਨੂੰ ਸੇਵਾ ਇੰਵ ਜਾਪਦੀ ਹੈ।

੧੭. ਸਿੱਖ ਮੀਰੀ ਤੇ ਪੀਰੀ ਨੂੰ ਇਕ ਜਾਣਦਾ ਹੈ। ਸਿੱਖ ਸਿਆਸੀ ਰੋਲ ਕਰਦਿਆਂ ਧਰਮ ਨੂੰ ਅੱਗੇ ਰੱਖਦਾ ਹੈ। ਸਿੱਖ ਦੀ ਸਿਆਸਤ ਧਰਮ ਤੋਂ ਬਿਨਾਂ ਨਹੀਂ ਹੈ। ਉਹ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਸਿਆਸੀ ਸੇਵਾ ਨੂੰ ਧਰਮ ਦੀ ਕਸਵੱਟੀ ਤੇ ਪਰਖ ਕੇ ਕਾਰਵਾਈ ਕਰਦਾ ਹੈ।

੧੮. ਸਿੱਖ ਸਰਬਤ ਦਾ ਭਲਾ ਮੰਗਦਾ ਹੈ। ਨਿਜ ਵਾਸਤੇ ਮੰਗਣ ਦੀ ਸਿੱਖ ਨੂੰ ਮਨਾਹੀ ਹੈ। ਕੁਝ ਭੋਲੇ ਬੰਦੇ "ਕਿਰਤ ਕਮਾਈ 'ਚ ਬਰਕਤ" ਤੇ ਹੋਰ ਮੌਕਿਆਂ ਤੇ ਕਾਮਯਾਬੀ ਦੀ "ਅਰਦਾਸਿ" ਕਰਦੇ, ਕਰਵਾਉਂਦੇ, ਸਿੱਖੀ ਤੋਂ ਨਾਵਾਕਫ਼ੀ ਤੇ ਬੇਸਮਝੀ ਦਾ ਇਜ਼ਹਾਰ ਕਰ ਰਹੇ ਹੁੰਦੇ ਹਨ। ਸਿੱਖ ਦਾ ਆਪਣਾ-ਆਪ ਤਾਂ ਹੈ ਈ ਨਹੀਂ। ਸਿੱਖ ਨਿਜ ਦੀ, ਟੱਬਰ,

ਮੁਲਕ ਦੀ, ਕੌਮ ਦੀ ਭਲਾਈ ਵੀ ਨਹੀਂ ਮੰਗਦਾ। ਉਹ "ਸਰਬਤ ਦਾ ਭਲਾ" ਮੰਗਦਾ ਹੈ। ਆਪਣੀ ਤੇ ਭਾਈਚਾਰੇ ਦੀ ਚੜ੍ਹਦੀ ਕਲਾ ਤਾਂ ਉਸ ਦਾ ਅਸਲਾ ਹੈ।

੧੯. ਸਿੱਖ "ਸੰਤ" ਹੈ। ਰੱਬ ਦਾ ਨਾਂ ਜਪਣਾ ਉਸ ਦੀ ਖ਼ੁਰਾਕ ਹੈ। ਜੋ ਸਿੱਖ ਨਾਮ ਨਹੀਂ ਜਪਦਾ, ਉਸ ਨੂੰ ਤਾਂ "ਲਾਜ ਨਾਲ ਹੀ ਮਰ ਜਾਣਾ ਚਾਹੀਦਾ ਹੈ।" (ਗੁਰੂ ਗ੍ਰੰਥ ਸਾਹਿਬ, ਸਫ਼ਾ ੧੧੪੯)। ਨਾਮ ਜਪਣਾ ਤਾਂ ਸਿੱਖ ਦੀ ਜ਼ਿੰਦਗੀ ਦਾ ਮਕਸਦ ਹੈ। ਪਰ ਨਾਮ ਜਪਣਾ ਸਿਰਫ਼ ਪਾਠ ਕਰਨਾ ਨਹੀਂ। "ਪਾਠ ਕਰਨਾ, ਪਾਠ ਦਾ ਮਾਅਨਾ ਸਮਝਣਾ ਅਤੇ ਉਸ ਫ਼ਲਸਫ਼ੇ ਮੁਤਾਬਿਕ ਜ਼ਿੰਦਗੀ ਜੀਣ ਦੀ ਕੋਸ਼ਿਸ਼ ਕਰਨਾ" ਹੀ ਨਾਮ ਜਪਣਾ ਹੈ। ਨਾਮ ਜਪਣਾ ਉੱਚੇ ਇਖ਼ਲਾਕ ਦੀ, ਸੱਚ-ਆਚਾਰ ਦੀ ਜ਼ਿੰਦਗੀ ਜੀਣਾ ਹੈ। ਹਰ ਕਾਰਵਾਈ ਕਰਨ ਵੇਲੇ ਰੱਬ ਨੂੰ ਚੇਤੇ ਰਖਣਾ ਵੀ ਨਾਮ ਜਪਣਾ ਹੈ।

੨੦. ਸਿੱਖ ਦੀ ਜ਼ਿੰਦਗੀ, ਸਿੱਖ ਇਖ਼ਲਾਕ, ਸਿੱਖ ਕਲਚਰ, ਸਿੱਖ ਤਰਜ਼ੇ-ਜ਼ਿੰਦਗੀ ਇਨ੍ਹਾਂ ਨੁਕਤਿਆਂ (ਅਤੇ ਹੋਰ ਨੁਕਤਿਆਂ) ਦੁਆਲੇ ਘੁੰਮਦੀ ਹੈ। ਸਿੱਖ ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਮੁਕਤੀ ਹਾਸਿਲ ਕਰਦਾ ਹੈ। ਸਿੱਖੀ ਅਜਿਹੀ ਫ਼ਿਲਾਸਫ਼ੀ ਹੈ। ਸਿੱਖ ਮਜ਼ਹਬ ਅਮਲੀ ਜ਼ਿੰਦਗੀ ਦਾ ਮਜ਼ਹਬ ਹੈ। ਇਹ ਕਾਗ਼ਜ਼ੀ, ਦਿਖਾਵੇ ਦਾ, ਕਰਮ ਕਾਂਡ ਦਾ, ਜਾਅਲੀ ਫ਼ਲਸਫ਼ਾ ਨਹੀਂ। ਨਿਜ, ਟੱਬਰ, ਭਾਈਚਾਰਾ, ਕੌਮ, ਵਤਨ, ਦੁਨੀਆਂ ਦੇ ਸਾਰਾ ਕੁਝ ਦਾ ਭਲਾ ਇਸ ਦੀ ਬੁੱਕਲ ਵਿਚ ਹੈ। ਦਰਅਸਲ ਜਿਸ "ਮਹਾਨ ਇਨਸਾਨ" (Superman) ਦਾ ਜ਼ਿਕਰ ਅਫ਼ਸਾਨਿਆਂ ਅਤੇ ਕਿਆਸ-ਅਰਾਈਆਂ ਵਿਚ ਆਉਂਦਾ ਹੈ, ਸਿੱਖ ਉਹ "ਸੁਪਰਮੈਨ" ਹੈ। ਪਰ ਉਹ "ਸੁਪਰਮੈਨ" ਤਾਂ ਹੈ ਜੇ ਉਸ ਵਿਚ ਸਿੱਖ ਵਾਲੀਆਂ ਖ਼ੂਬੀਆਂ ਹੋਣ, ਨਾ ਕਿ ਮੇਰੇ ਵਰਗਾ ਦੰਭੀ ਬੰਦਾ "ਸੁਪਰਮੈਨ" ਹੈ।

✡ ✡ ✡

ਸਿੱਖ ਦੀ ਦਸਤਾਰ

ਸੈਂਕੜੇ ਤੇ ਹਜ਼ਾਰਾਂ ਦੀ ਭੀੜ ਵਿਚ ਦਸਤਾਰ ਦੀ ਪਛਾਣ ਇਕ ਦਮ ਹੋ ਜਾਂਦੀ ਹੈ। ਅੱਜ ਦਸਤਾਰ ਦਾ ਜ਼ਿਕਰ ਛਿੜਦਿਆਂ ਹੀ ਸਿੱਖ ਕੌਮ ਦੀ ਗੱਲ ਚਲ ਪੈਂਦੀ ਹੈ। ਉਂਞ, ਪਗੜੀ ਭਾਵੇਂ ਹੋਰ ਮਜ਼ਹਬਾਂ ਤੇ ਇਲਾਕਿਆਂ ਵਿਚ ਵੀ ਵਰਤੋਂ ਵਿਚ ਆਉਂਦੀ ਰਹੀ ਹੈ ਪਰ ਉਨ੍ਹਾਂ ਵਾਸਤੇ ਇਸ ਨੂੰ ਨਜ਼ਰ-ਅੰਦਾਜ਼ ਕਰਨਾ ਔਖਾ ਨਹੀਂ। ਸਿੱਖ ਮਜ਼ਹਬ ਵਿਚ ਦਸਤਾਰ ਤਾਂ ਇਕ ਨਾ ਬਦਲਿਆ ਜਾਣ ਵਾਲਾ ਹਿੱਸਾ ਹੈ। ਇਕ ਕੇਸਧਾਰੀ ਸਿੱਖ ਦਸਤਾਰ ਤੋਂ ਬਿਨਾਂ ਇੰਞ ਹੈ, ਜਿਵੇਂ ਕੋਈ ਟੁੱਟਿਆ ਹੋਇਆ ਬੁੱਤ ਹੋਵੇ।

ਸਿੱਖ ਪੰਥ ਦੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਤਾਂ ਭਾਵੇਂ ਸਤਾਰਵੀਂ ਸਦੀ ਦੇ ਅਖ਼ੀਰ ਵਿਚ ਪ੍ਰਗਟ ਕੀਤਾ ਸੀ, ਪਰ ਦਸਤਾਰ ਤਾਂ ਸਿੱਖ ਪੰਥ ਨਾਲ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਜੁੜੀ ਹੋਈ ਹੈ। ਗੁਰੂ ਹਰਿਗੋਬਿੰਦ ਸਾਹਿਬ ਵੇਲੇ ਨੱਥ ਮਲ ਤੇ ਅਬਦੁਲਾ ਢਾਡੀ (ਸੁਰ ਸਿੰਘ, ਅੰਮ੍ਰਿਤਸਰ ਜ਼ਿਲ੍ਹੇ, ਦੇ ਰਹਿਣ ਵਾਲੇ) ਨੇ ਵੀ ਜੋ ਵਾਰ ਲਿਖੀ ਸੀ ਉਸ ਵਿਚ ਗੁਰੂ ਸਾਹਿਬ ਦੀ ਦਸਤਾਰ ਦਾ ਜ਼ਿਕਰ ਇੰਞ ਕੀਤਾ ਸੀ :

> ਦੋ ਤਲਵਾਰਾਂ ਬਧੀਆਂ, ਇਕ ਮੀਰ ਦੀ ਇਕ ਪੀਰ ਦੀ।
> ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
> ਹਿੰਮਤ ਬਾਰਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਦੀ।
> ਕਟਕ ਸਿਪਾਹੀ ਨੀਲ ਨਾਲ ਮਾਰ ਦੁਸ਼ਟਾਂ ਕਰੇ ਤਗੀਰ ਦੀ।
> ਪੱਗ ਤੇਰੀ ਕੀ ਜਹਾਂਗੀਰ ਦੀ।

ਰਹਿਤਨਾਮਿਆਂ ਵਿਚ ਵੀ ਸਿੱਖ ਨੂੰ ਦਸਤਾਰ ਸਜਾਉਣ ਤੇ ਫਬਾਉਣ ਦਾ ਹੁਕਮ ਹੈ। ਭਾਈ ਨੰਦ ਲਾਲ ਨੇ 'ਤਨਖਾਹਨਾਮਾ' ਵਿਚ ਲਿਖਿਆ ਹੈ :

> ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ। (ਸੋਰਠਾ, ਨੰਬਰ ੧੩)

ਹੋਰਨਾਂ ਰਹਿਤਨਾਮਿਆਂ ਵਿਚ ਵੀ ਦਸਤਾਰ ਦੀ ਬੰਦਸ਼ ਦਾ ਜ਼ਿਕਰ ਹੈ। ਸਿੱਖ ਵਾਸਤੇ ਹੁਕਮ ਹੈ ਕਿ ਉਹ ਟੋਪੀ ਨਹੀਂ ਰੱਖ ਸਕਦਾ। ਦਸਤਾਰ ਦੀ ਬੰਦਸ਼ ਤਾਂ ਏਨੀ ਹੈ ਕਿ ਸਿੰਘ ਨੂੰ ਤਾਂ ਪ੍ਰਸ਼ਾਦ ਛਕਣ ਵੇਲੇ, ਆਰਾਮ ਕਰਦਿਆਂ, ਬੈਠਿਆਂ ਵੀ ਦਸਤਾਰ ਉਤਾਰਨ ਦੀ ਇਜਾਜ਼ਤ ਨਹੀਂ :

> ਪਗੜੀ ਲਾਹਿ ਕਰ ਸਿੱਖ ਪ੍ਰਸਾਦਿ ਖਾਏ, ਸੋ ਤਨਖਾਹੀਆ ॥

(ਚਉਪਾ ਸਿੰਘ ਛਿਬਰ-'ਤਨਖਾਹਨਾਮਾ' ਤੇ ਭਾਈ ਨੰਦ ਲਾਲ 'ਤਨਖ਼ਾਹਨਾਮਾ')

ਸਿੱਖ ਦੀ ਦਸਤਾਰ ਤੋਂ ਪਹਿਲੋਂ ਪੱਗ

ਬੇਸ਼ਕ 'ਦਸਤਾਰ' ਸਿੱਖ ਮਜ਼ਹਬ ਦਾ ਇਕ ਅਟੁੱਟ ਹਿੱਸਾ ਹੈ ਪਰ ਪੱਗ ਸਿੱਖ ਮਜ਼ਹਬ ਤੋਂ ਪਹਿਲਾਂ ਵੀ ਵਰਤੋਂ ਵਿਚ ਆਉਂਦੀ ਰਹੀ ਹੈ। ਭਾਵੇਂ ਇਸ ਦੇ ਜਨਮ ਬਾਰੇ ਕੋਈ

ਪੱਕਾ ਦਾਅਵਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਹ ਕਿਆਸ ਲਾਇਆ ਜਾਂਦਾ ਹੈ ਕਿ ਪੱਗ ਮਸ਼ਰਿਕ ਵਿਚੋਂ ਸ਼ੁਰੂ ਹੋਈ ਹੈ। ਪੰਜਾਬ ਦੇ ਸੂਫ਼ੀ, ਫ਼ਕੀਰ ਤੇ ਭਾਰਤ ਦੇ ਸਾਧੂ ਵੀ ਪੱਗ ਬੰਨ੍ਹਦੇ ਹੁੰਦੇ ਸਨ। ਇਸੇ ਤਰ੍ਹਾਂ ਅਰਬ ਲੋਕ ਵੀ ਪੱਗ ਬੰਨ੍ਹਣ ਦੇ ਸ਼ੌਕੀਨ ਹੋਇਆ ਕਰਦੇ ਸੀ। ਮੁਸਲਮਾਨਾਂ ਦੇ ਨਬੀ ਹਜ਼ਰਤ ਮੁਹੰਮਦ ਸਾਹਿਬ ਖ਼ੁਦ ਪੱਗ ਬੰਨ੍ਹਿਆ ਕਰਦੇ ਸੀ। ਉੱਨੀਵੀਂ ਸਦੀ ਤੱਕ ਮੁਸਲਮਾਨ ਪੱਗ ਨੂੰ ਬਾਕਾਇਦਾ ਇਸਤੇਮਾਲ ਕਰਦੇ ਹੁੰਦੇ ਸੀ। ਅਰਬੀ ਵਿਚ ਪੱਗ ਨੂੰ ਇਮਾਮਾ (Imamah) ਆਖਿਆ ਜਾਂਦਾ ਹੈ।

ਯੂਰਪ ਵਿਚ ਪੱਗ ਪੰਦਰਵੀਂ ਸਦੀ ਤੋਂ ਪਹਿਲਾਂ ਵੀ ਇਸਤੇਮਾਲ ਹੁੰਦੀ ਰਹੀ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਯੂਰਪ ਵਿਚ ਪੱਗ ਟਰਕੀ ਤੋਂ ਪਹੁੰਚੀ ਹੈ। ਪੰਦਰਵੀਂ ਸਦੀ ਵਿਚ ਟਾਵਾਂ-ਟਾਵਾਂ ਟਰਕੀ ਵਾਸੀ ਪੱਗ ਬੰਨ੍ਹਦਾ ਹੁੰਦਾ ਸੀ ਪਰ ਜਦੋਂ ੧੪੫੩ ਵਿਚ ਸੁਲਤਾਨ ਨੇ ਟਰਕੀ ਤੇ ਕਬਜ਼ਾ ਕਰ ਲਿਆ, ਤਾਂ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਅੰਦਾਜ਼ ਵਿਚ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਪੱਗ ਸਾਰੇ ਟਰਕੀ ਵਿਚ ਤੇ ਫਿਰ ਯੂਰਪ ਵਿਚ ਵੀ ਜਾਣੀ ਪਛਾਣੀ ਚੀਜ਼ ਬਣ ਗਈ। ਹਾਲਾਂ ਕਿ ਚੌਧਵੀਂ ਸਦੀ ਵਿਚ ਵੀ ਯੂਰਪ ਵਾਲਿਆਂ ਨੂੰ ਪੱਗ ਬਾਰੇ ਪਤਾ ਸੀ। ਲੰਡਨ ਵਿਚਲੀ ਨੈਸ਼ਨਲ ਗੈਲਰੀ ਵਿਚ ਇਕ ਪੇਂਟਿੰਗ ਸੰਭਾਲੀ ਪਈ ਹੈ। ਇਹ ਪੇਂਟਿੰਗ ਯਾਂ ਵਾਂ ਆਇਕ ਨੇ ੧੪੩੩ ਵਿਚ ਤਿਆਰ ਕੀਤੀ ਸੀ। ਇਸ ਦਾ ਉਨਵਾਨ ਹੈ "ਏ ਮੈਨ ਇਨ ਏ ਟਰਬਨ" ਯਾਨੀ "ਪੱਗ ਵਾਲਾ ਆਦਮੀ।" ਇਹ ਪੱਗ ਕਿਸੇ ਤਰੀਕੇ ਨਾਲ ਬੰਨ੍ਹੀ ਨਹੀਂ ਦਿਖਾਈ ਹੋਈ ਬਲਕਿ ਕਪੜੇ ਦਾ ਸਿਰ ਦੁਆਲੇ ਲਪੇਟਣਾ ਹੀ ਦਿਖਾਇਆ ਗਿਆ ਹੈ।

ਅੰਗਰੇਜ਼ੀ ਦਾ ਟਰਬਨ (Turban) ਲਫ਼ਜ਼ ਸ਼ੈਕਸਪੀਅਰ ਨੇ ਵੀ ਆਪਣੀ ਇਕ ਲਿਖਤ ਵਿਚ ਵਰਤਿਆ ਹੈ। 'ਟਰਬਨ' ਅੰਗਰੇਜ਼ੀ ਵਿਚ ਫ਼ਾਰਸੀ, ਟਰਕੀ ਤੇ ਫਰੈਂਚ ਵਿਚੋਂ ਹੁੰਦਾ ਹੋਇਆ ਪਹੁੰਚਿਆ ਜਾਪਦਾ ਹੈ। ਫ਼ਾਰਸੀ ਵਿਚ ਪੱਗ ਵਾਸਤੇ ਦੁਲਬੰਦ ਲਫ਼ਜ਼ ਹੈ। ਇਸ ਦਾ ਲਫ਼ਜ਼ੀ ਮਾਅਨਾ ਹੈ। 'ਪੱਟੀਆਂ ਦੀਆਂ ਤਹਿਆਂ'। ਦਸਤਾਰ ਵੀ ਸ਼ਾਇਦ ਇਸੇ ਤਰਜ਼ ਤੇ 'ਦਸਤਾ' ਦੀ ਜਮ੍ਹਾ ਹੋਵੇ, ਯਾਨੀ ਤਹਿਆਂ। ਫ਼ਾਰਸੀ ਤੋਂ ਦੁਲਬੰਦ ਟਰਕੀ ਵਿਚ ਜਾ ਕੇ ਤੁਲਬੰਦ ਬਣ ਗਿਆ। ਫਰੈਂਚ ਵਿਚ ਇਹੀ ਵਿਗੜ ਕੇ ਤੁਰਬੰ ਅਤੇ ਇਟਾਲੀਅਨ ਵਿਚ ਤੁਰਬਾਂਤੇ ਬਣ ਗਿਆ ਸੀ। ਅੰਗਰੇਜ਼ੀ ਵਿਚ ਇਸ ਦਾ ਤਲਾਫ਼ਜ਼ "ਟਰਬਨ" ਹੋਣ ਕਰ ਕੇ ਇਹ ਪੱਕਾ ਹੀ ਟਰਬਨ ਹੀ ਬਣ ਗਿਆ। ਰੂਸੀ ਜ਼ਬਾਨ ਵਿਚ ਇਸ ਵਾਸਤੇ ਚਮਲਾ/ ਛਮਲਾ ਲਫ਼ਜ਼ ਵਰਤਿਆ ਜਾਂਦਾ ਹੈ।

ਮੁਸਲਮਾਨਾਂ ਵਿਚ ਪੱਗ ਕਾਫ਼ੀ ਸਦੀਆਂ ਤੱਕ ਵਰਤੋਂ ਵਿਚ ਆਉਂਦੀ ਰਹੀ ਹੈ। ਹਜ਼ਰਤ ਮੁਹੰਮਦ ਸਾਹਿਬ ਅਤੇ ਉਨ੍ਹਾਂ ਤੋਂ ਬਾਅਦ ਦੀਆਂ ਪੀੜ੍ਹੀਆਂ ਵਿਚ, ਸਾਰੇ ਹੀ, ਪੱਗ ਬੰਨ੍ਹਿਆ ਕਰਦੇ ਸੀ। ਮੁਸਲਮਾਨਾਂ ਵਿਚ ਖ਼ਲੀਫਾ ਅਤੇ ਉਹਨਾਂ ਦੇ ਹੋਰ ਵਾਰਿਸ ਹਰੇ ਰੰਗ ਦੀ ਪੱਗ ਤੇ ਬਾਕੀ ਮੁਸਲਮਾਨ ਚਿੱਟੇ ਰੰਗ ਦੀ ਪੱਗ ਬੰਨ੍ਹਿਆਂ ਕਰਦੇ ਸੀ। ਹੱਜ ਤੇ ਜਾਣ ਵਾਲੇ ਮੁਸਲਮਾਨਾਂ ਨੂੰ ਵੀ ਹਰੇ ਰੰਗ ਦੀ ਪੱਗ ਬੰਨ੍ਹਣ ਦੀ ਹਦਾਇਤ ਸੀ। ਜੇ ਕੋਈ ਮੁਸਲਮਾਨ ਹੱਜ ਕਰਨ ਗਿਆ, ਸਫ਼ਰ ਵਿਚ ਮਰ ਜਾਂਦਾ ਸੀ ਤਾਂ ਉਸ ਦੀ ਪੱਗ ਨੂੰ ਉਸ ਦੇ ਕਫ਼ਨ ਵਜੋਂ ਵਰਤ ਲਿਆ ਜਾਂਦਾ ਸੀ।

ਮੁਸਲਮਾਨਾਂ ਦੀ ਮਜ਼ਹਬੀ ਜ਼ਰੂਰਤ ਤੋਂ ਇਲਾਵਾ ਦੁਨੀਆਂ ਭਰ ਦੇ ਰਾਜੇ ਮਹਾਰਾਜੇ ਵੀ ਪੱਗ ਬੰਨ੍ਹਦੇ ਸਨ। ਪੱਗ ਉਨ੍ਹਾਂ ਵਾਸਤੇ ਬਾਦਸ਼ਾਹਤ, ਤਾਜ, ਸਿਰਦਾਰੀ, ਇੱਜ਼ਤ, ਉੱਚਾ ਹੋਣ, ਵੱਡਾ ਹੋਣ, ਆਗੂ ਹੋਣ ਦਾ ਇਜ਼ਹਾਰ ਮੰਨੀ ਜਾਂਦੀ ਹੈ।

ਪੱਗ ਤੇ ਦਸਤਾਰ 'ਚ ਫ਼ਰਕ (ਬੰਨ੍ਹਣ ਦਾ ਅੰਦਾਜ਼)

ਸਿੱਖ ਦੀ ਦਸਤਾਰ ਤੇ ਗ਼ੈਰ-ਸਿੱਖ ਦੀ ਪੱਗ ਵਿਚ ਬੰਨ੍ਹਣ ਦੇ ਅੰਦਾਜ਼ ਦਾ ਵੀ ਫ਼ਰਕ ਹੈ। ਆਮ ਬੰਦੇ ਦੀ ਪੱਗ ਸਿਰ 'ਤੇ ਬੰਨ੍ਹਿਆ ਹੋਇਆ ਸਾਫ਼ਾ ਹੈ। ਉਸ ਦੀ ਤਰਤੀਬ ਦਾ ਕੋਈ ਖ਼ਾਸ ਖ਼ਿਆਲ ਨਹੀਂ ਰਖਿਆ ਹੁੰਦਾ। ਪਰ ਸਿੱਖ ਨੂੰ ਦਸਤਾਰ 'ਚੁਨਹਿ ਕਰ ਬਾਂਧਈ' ਦੀ ਹਦਾਇਤ ਹੈ। ਜਿੰਨੀ ਫੱਬਵੀਂ, ਸਜਾ ਕੇ, ਖ਼ੂਬਸੂਰਤ ਦਸਤਾਰ ਸਿੱਖ ਸਜਾ ਸਕਦਾ ਹੈ, ਓਨਾ ਹੀ ਚੰਗਾ ਹੈ।

ਮੁਸਲਮਾਨਾਂ ਨੂੰ ਇਹ ਹਦਾਇਤ ਸੀ ਕਿ ਪੱਗ ਜਿਵੇਂ ਮਰਜ਼ੀ ਬੰਨ੍ਹੀ ਜਾਏ ਪਰ ਮੱਥਾ ਕਾਫ਼ੀ ਹੱਦ ਤਕ ਨੰਗਾ ਹੋਵੇ ਤਾਂ ਜੋ ਸਜਦਾ ਕਰਦਿਆਂ ਮੱਥਾ ਜ਼ਮੀਨ ਨਾਲ ਲੱਗ ਸਕੇ, ਨਾ ਕਿ ਪੱਗ ਦਾ ਕੱਪੜਾ ਜ਼ਮੀਨ ਨਾਲ ਲੱਗੇ।

ਸਿੱਖਾਂ ਵਿਚ ਦਸਤਾਰ ਬੰਨ੍ਹਣ 'ਚ ਜਿਥੇ ਫੱਬਵਾਂ ਤੇ ਸਜਾਇਆ ਹੋਇਆ ਹੋਣਾ ਇਕ ਆਮ ਕਾਇਦਾ ਹੈ, ਉੱਥੇ ਇਸ ਦੇ ਬੰਨ੍ਹਣ ਦੇ ਅੰਦਾਜ਼ ਵੀ ਵੱਖ-ਵੱਖ ਹਨ। ਦੋ ਅੰਦਾਜ਼ ਸਿੱਖਾਂ ਵਿਚ ਜ਼ਿਆਦਾ ਹਰਮਨ ਪਿਆਰੇ ਹਨ : ਗੋਲ ਦਸਤਾਰ ਤੇ ਕੋਣ ਵਾਲੀ ਦਸਤਾਰ। ਗੋਲ ਦਸਤਾਰ ਜ਼ਿਆਦਾਤਰ ਅਖੰਡ ਕੀਰਤਨੀ ਜੱਥਾ ਅਤੇ ਭਿੰਡਰਾਂ-ਮਹਿਤਾ ਜੱਥਾ ਦੇ ਸੇਵਾਦਾਰ ਤੇ ਹਮਦਰਦ ਬੰਨ੍ਹਦੇ ਹਨ ਤੇ ਕੋਣ ਵਾਲੀ ਦਸਤਾਰ ਸਿੱਖਾਂ ਵਿਚੋਂ ਵੱਡੀ ਅਕਸਰੀਅਤ (ਤਕਰੀਬਨ ੯੦ ਫ਼ੀ ਸਦੀ) ਬੰਨ੍ਹਦੀ ਹੈ। ਕੋਣ ਵਾਲੀ ਦਸਤਾਰ ਵਿਚ ਮੱਥੇ ਦੇ ਦੋਹੀਂ ਪਾਸੀਂ ਦਸਤਾਰ ਦੀਆਂ ਤਹਿਆਂ ਚਾੜ੍ਹੀਆਂ ਜਾਂਦੀਆਂ ਹਨ ਤੇ ਵਿਚਕਾਰ ਕੋਣ ਬਣ ਜਾਂਦਾ ਹੈ। ਇਹ ਕੋਣ ਆਮ ਤੌਰ ਤੇ ੩੦ ਡਿਗਰੀ ਤੋਂ ੧੨੦ ਡਿਗਰੀ ਤੱਕ ਦਾ ਹੁੰਦਾ ਹੈ। ਪਰ ਇਸ ਬਾਰੇ ਕੋਈ ਬੰਦਿਸ਼ ਨਹੀਂ ਕਿ ਇਹ ਕੋਣ ਕਿੰਨੀ ਡਿਗਰੀ ਦਾ ਹੋਵੇ। ਅਖੰਡ ਕੀਰਤਨੀ ਜਥੇ ਵਾਲੇ ਆਮ ਤੌਰ ਤੇ ਦੋ ਦਸਤਾਰਾਂ ਸਜਾਉਂਦੇ ਹਨ। ਛੋਟੀ ਦਸਤਾਰ, ਕੇਸਕੀ, ਗੋਲ ਸ਼ਕਲ ਦੀ ਅਤੇ ਉਪਰਲੀ ਦਸਤਾਰ ਕੋਣ ਵਾਲੀ ਸ਼ਕਲ ਦੀ। ਇੰਞ ਹੀ ਨਿਹੰਗ ਸਿੰਘਾਂ ਦੀਆਂ ਦਸਤਾਰਾਂ ਵੀ ਇਕ ਤੋਂ ਵੱਧ ਹੁੰਦੀਆਂ ਹਨ। ਇਕ ਆਮ ਸਿੰਘ ਨਾਲੋਂ ਨਿਹੰਗ ਸਿੰਘਾਂ ਦੀ ਦਸਤਾਰ ਦੁਗਣੀ ਹੁੰਦੀ ਹੈ ਤੇ ਕਈ ਵਾਰੀ ਇਸ ਤੋਂ ਕਈ ਗੁਣਾਂ ਵੱਧ ਵੀ ਸਜਾਈਆ ਜਾਂਦੀਆਂ ਹਨ।

ਇਨ੍ਹਾਂ ਦੋ ਤਰੀਕਿਆਂ ਤੋਂ ਇਲਾਵਾ ਨਾਮਧਾਰੀਏ ਵੀ ਵੱਖ ਤਰੀਕੇ ਦੀ ਪੱਗ ਬੰਨ੍ਹਦੇ ਹਨ। ਉਨ੍ਹਾਂ ਦੀ ਪੱਗ ਨੂੰ "ਪੁੱਠੀ ਪੱਗ" ਆਖਿਆ ਜਾਂਦਾ ਹੈ। ਉਨ੍ਹਾਂ ਦੀ ਪੱਗ ਦੇ ਲੜਾਂ ਵਿਚਲਾ ਕੋਣ ਮੱਥੇ ਤੇ ਆਉਣ ਦੀ ਬਜਾਇ ਇਕ ਪਾਸੇ ਵੱਲ ਜਾਂ ਪਿੱਠ ਪਾਸੇ ਵੱਲ ਹੁੰਦਾ ਹੈ। ਦਸਤਾਰ ਸਜਾਉਣ ਦੇ ਤਰੀਕਿਆਂ ਵਿਚ ਹੇਠ ਲਿਖੇ ਫ਼ਰਕ ਪਾਏ ਜਾਂਦੇ ਹਨ : ਤੁਰਲਾ (ਸਿਰ ਤੋਂ ਉਪਰ ਵੱਲ ਨੂੰ ਵਧਾਇਆ ਹੋਇਆ ਇਕ ਸਿਰਾ), ਸ਼ਮਲ੍ਹਾ (ਪਿੱਠ ਵੱਲ ਨੂੰ ਛੱਡਿਆ ਹੋਇਆ ਪੱਗ ਦਾ ਇਕ ਸਿਰਾ)। ਇਸ ਤੋਂ ਇਲਾਵਾ ਆਮ ਲਪੇਟੇ ਹੋਏ ਕੱਪੜੇ ਨੂੰ 'ਸਾਫ਼ਾ', ਵਿਹਲ ਜਾਂ ਛੋਟੇ ਮੋਟੇ ਕੰਮ ਕਰਦਿਆਂ ਬੰਨ੍ਹੀ ਨਿੱਕੀ ਦਸਤਾਰ ਨੂੰ 'ਦਸਤਾਰਾ' ਕਿਹਾ ਜਾਂਦਾ

ਹੈ। ਛੋਟੇ ਬੱਚਿਆਂ ਲਈ ਨਿੱਕੀ ਦਸਤਾਰ ਨੂੰ ਵੀ 'ਛੋਟੀ ਦਸਤਾਰ' ਆਖਿਆ ਜਾਂਦਾ ਹੈ। ਕੁਝ ਅਣਜਾਣ ਬੰਦੇ ਇਸ ਨੂੰ 'ਪਟਕਾ' ਵੀ ਆਖਦੇ ਹਨ, ਜੋ ਗ਼ਲਤ ਹੈ। ਪਤਾ ਨਹੀਂ ਪਟਕਾ ਲਫ਼ਜ਼ ਕਿਸ ਤਰ੍ਹਾਂ ਸ਼ੁਰੂ ਹੋ ਗਿਆ; ਪਰ ਹੈ ਇਹ ਗ਼ਲਤ। ਸਿੱਖ ਵਾਸਤੇ ਤਾਂ ਪੱਗ (ਹਿੰਦੀ 'ਚ ਪਗੜੀ) ਵੀ ਢੁੱਕਵਾਂ ਨਹੀਂ ਹੈ। ਸਿੱਖ ਤਾਂ ਪੱਗ ਨੂੰ 'ਦਸਤਾਰ' ਅਤੇ ਬੰਨ੍ਹਣ ਨੂੰ 'ਦਸਤਾਰ ਸਜਾਉਣਾ' ਆਖਦੇ ਹਨ। ਨਿਹੰਗ ਸਿੰਘਾਂ ਵਿਚ ਆਗੂ ਦੀ ਦਸਤਾਰ ਵਿਚ 'ਫੱਰਰਾ' (ਫਰਲ੍ਹਾ) ਵੀ ਹੁੰਦਾ ਹੈ। ਇਹ ਨਿਸ਼ਾਨ ਸਾਹਿਬ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਆਮ ਤੌਰ ਤੇ ਨਿਹੰਗ ਆਗੂ ਫੱਰਰਾ ਰਖਦੇ ਹਨ। ਇਸ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬ ਜਨਵਰੀ ੧੭੦੪ ਦੇ ਦਿਨ ਅਨੰਦਪੁਰ ਸਾਹਿਬ ਵਿਚ ਕੀਤੀ ਸੀ।

ਅੱਜ ਤੋਂ ਕੋਈ ੩੦ ਕੁ ਸਾਲ ਪਹਿਲਾਂ (੧੯੭੦ ਤੱਕ) ਸਿੱਖਾਂ ਦਾ ਬਹੁਤਾ ਹਿੱਸਾ ਦਸਤਾਰ ਨੂੰ ਮਾਂਡੀ (ਮਾਇਆ) ਲਾਇਆ ਕਰਦਾ ਸੀ। ਸ਼ਹਿਰਾਂ ਅਤੇ ਕਸਬਿਆਂ ਵਿਚ ਲਲਾਰੀ (ਰੰਗਰੇਜ਼) ਮੈਦੇ ਜਾਂ ਅਰਾਰੋਟ ਨਾਲ ਪੱਗ ਨੂੰ ਮਾਂਡੀ ਲਾਇਆ ਕਰਦੇ ਸੀ। ਪਰ ਹੁਣ ਬਹੁਤ ਹੀ ਘੱਟ ਲੋਕ ਦਸਤਾਰ ਨੂੰ 'ਲੇਵੀ' ਲਾਉਂਦੇ ਹਨ। ਅਸੂਲੀ ਤੌਰ ਤੇ ਇਹ ਗ਼ਲਤ ਹੈ ਕਿਉਂਕਿ ਸਿੱਖ ਨੂੰ ਹਦਾਇਤ ਹੈ ਕਿ ਦਸਤਾਰ ਹਰ ਵਾਰ ਨਵੇਂ ਸਿਰਿਓਂ ਬੰਨ੍ਹੀ ਜਾਏ।

ਦਸਤਾਰ ਦਾ ਕੱਪੜਾ ਵੀ ਬੰਨ੍ਹਣ ਦੇ ਅੰਦਾਜ਼ ਵਾਂਗ ਵੱਖ-ਵੱਖ ਹੁੰਦਾ ਰਿਹਾ ਹੈ। ਕੋਈ ਜ਼ਮਾਨਾ ਸੀ (੧੯੬੫-੭੦ ਤਕ) ਕਿ ਦਸਤਾਰ ਵਧੇਰੇ ਕਰ ਕੇ ਮਲਮਲ ਦੀ ਹੁੰਦੀ ਸੀ। ਕੋਈ-ਕੋਈ ਵਾਇਲ, ਆਰਕੰਡੀ ਤੇ ਸਿਲਕ ਦੀ ਦਸਤਾਰ ਵੀ ਸਜਾ ਲੈਂਦਾ ਸੀ। ਉਹ ਵੀ ਦਿਨ ਸਨ ਜਦੋਂ (੧੯੪੭ ਤੋਂ ਪਹਿਲਾਂ) ਢਾਕੇ ਦੀ ਮਲਮਲ ਬੜੀ ਮਸ਼ਹੂਰ ਸੀ। ੧੯੪੭ ਤੋਂ ੧੯੬੫-੭੦ ਤਕ ਐਫ਼-੭੪, ਅਤੇ ਫਿਰ ਉਸੇ ਦਾ ਨਾਂ ਏ-੩੭੬ ਬਦਲ ਕੇ ਬਹੁਤ ਹੀ ਮਸ਼ਹੂਰ ਤੇ ਹਰਮਨ-ਪਿਆਰੀ ਮਲਮਲ ਸੀ। ਸੰਨ ੧੯੭੦ ਤੋਂ ਮਗਰੋਂ ਮਲਮਲ ਦੀ ਵਰਤੋਂ ਬਹੁਤ ਘਟ ਗਈ ਤੇ ਆਮ ਸਿੱਖ ਵਾਇਲ ਦੀ ਦਸਤਾਰ ਸਜਾਉਣ ਲੱਗ ਪਏ। ਹੁਣ ਤਾਂ ਕਈ ਕਿਸਮ ਦੇ ਕੱਪੜਿਆਂ ਦੀਆਂ ਦਸਤਾਰਾਂ ਬੰਨ੍ਹੀਆਂ ਜਾਂਦੀਆਂ ਹਨ।

ਰਾਜੇ, ਜਗੀਰਦਾਰ ਤੇ ਕੁਝ ਸ਼ਾਦੀਆਂ ਵਿਚ ਲਾੜੇ, ਸਿਲਕ ਦੀ ਦਸਤਾਰ ਸਜਾ ਲਿਆ ਕਰਦੇ ਹਨ। ਰਾਜੇ ਤਾਂ ਦਸਤਾਰ ਵਿਚ ਮੋਤੀ, ਹੀਰੇ ਤੇ ਹੋਰ ਜੜਾਊ ਸਜਾਵਟਾਂ ਵਾਲੀ ਸ਼ੁਕੀਨੀ ਵੀ ਰੱਖਦੇ ਸਨ। ਪਹਿਲੋਂ-ਪਹਿਲ ਕਈ ਸਿੱਖ ਤਾਂ ਦਸਤਾਰ ਦੇ ਉਪਰਲੇ ਲੜ ਹੇਠ, ਕੋਈ ਚਮਕੀਲਾ ਕਾਗ਼ਜ਼ ਵੀ ਰੱਖ ਲਿਆ ਕਰਦੇ ਸਨ। ਦਸਤਾਰ ਵਿਚ ਪਿੰਨ ਤੇ ਮੋਤੀ ਵਾਲੀ ਪਿੰਨ ਦਾ ਰਿਵਾਜ ਵੀ ਕਾਫ਼ੀ ਦੇਰ ਰਿਹਾ ਹੈ। ਕਾਂਗਰਸ ਪਾਰਟੀ ਨਾਲ ਜੁੜੇ ਬੰਦੇ, ਜੋ ਸਿੱਖ ਗੁਰੂਆਂ ਤੇ ਸਿੱਖ ਪੰਥ ਦੀ ਬਜਾਇ ਗਾਂਧੀ ਤੇ ਨਹਿਰੂ ਪਰਿਵਾਰਾਂ 'ਤੇ ਆਪਣਾ ਅਕੀਦਾ ਰੱਖਦੇ ਹਨ, ਉਹ ਖੱਦਰ ਦੀ ਪੱਗ ਵੀ ਬੰਨ੍ਹ ਲੈਂਦੇ ਹਨ।

ਦਸਤਾਰ ਦੇ ਕੱਪੜੇ ਦੇ ਨਾਲ-ਨਾਲ ਹੀ ਇਸ ਦੇ ਸਾਈਜ਼ 'ਚ ਵੀ ਵਕਤ ਦੇ ਨਾਲ-ਨਾਲ ਫ਼ਰਕ ਪੈਂਦਾ ਰਿਹਾ ਹੈ। ਪਹਿਲੋਂ-ਪਹਿਲ ਸਿੱਖਾਂ ਵਿਚ ਪੰਜ ਗਜ਼ (ਸਾਢੇ ਚਾਰ ਮੀਟਰ) ਦਸਤਾਰ ਦਾ ਰਿਵਾਜ ਸੀ। ਹੁਣ ਜਦੋਂ ਵਾਇਲ ਨੇ ਮਲਮਲ ਦੀ ਜਗ੍ਹਾ ਲੈ ਲਈ ਹੈ ਤਾਂ ਦਸਤਾਰ ਦੀ ਲੰਬਾਈ ਵੀ ਪੰਜ ਗਜ਼ ਤੋਂ ੮ ਗਜ਼ ਦੇ ਕਰੀਬ ਹੋ ਗਈ ਹੈ। ਛੋਟੀ ਦਸਤਾਰ

ਡੇਢ ਤੋਂ ਢਾਈ ਗਜ਼ ਹੁੰਦੀ ਹੈ। ਨਿਹੰਗਾਂ ਦੀਆਂ ਸਾਰੀਆਂ ਦਸਤਾਰਾਂ ਦੀ ਲੰਬਾਈ ੧੦-੧੫ ਗਜ਼ ਆਮ ਹੋ ਜਾਇਆ ਕਰਦੀ ਹੈ।

ਮੁਸਲਮਾਨਾਂ ਵਿਚ ਵੱਡੀਆਂ-ਵੱਡੀਆਂ ਪੱਗਾਂ ਦਾ ਰਿਵਾਜ ਰਿਹਾ ਹੈ। ਭਾਈਚਾਰੇ ਤੇ ਕੌਮ ਵਿਚ ਜਿਸ ਦਾ ਜਿੰਨਾ ਵੱਡਾ ਦਰਜਾ ਹੁੰਦਾ ਸੀ, ਓਨੀ ਹੀ ਲੰਬਾਈ ਪੱਗ ਦੇ ਕੱਪੜੇ ਦੀ ਵੱਧ ਜਾਂਦੀ ਸੀ। ਰਿਕਾਰਡ ਮੁਤਾਬਿਕ ੫੦ ਗਜ਼ (੪੫ ਮੀਟਰ) ਦੀਆਂ ਪੱਗਾਂ ਵੀ ਮੁਸਲਮਾਨ ਬੰਨ੍ਹਿਆ ਕਰਦੇ ਸਨ।

ਸਿੱਖਾਂ ਵਿਚ ਔਰਤ ਵਾਸਤੇ ਦਸਤਾਰ ਲਾਜ਼ਮੀ ਨਹੀਂ ਹੈ ਪਰ ਅਖੰਡ ਕੀਰਤਨੀ ਜਥੇ ਦੀਆਂ ਔਰਤਾਂ ਵਾਸਤੇ 'ਕੇਸਕੀ' ਅਟੁੱਟ ਹਿੱਸਾ ਹੈ। ਉਂਞ ਕੇਸਕੀ ਸਜਾਈ ਬੀਬੀ ਇਕ ਸ਼ਹਿਜ਼ਾਦੀ ਵਾਂਗ ਖ਼ੂਬਸੂਰਤ ਲਗਦੀ ਹੈ। ਯੂਰਪ 'ਚ ਬੁੱਢੀਆਂ ਔਰਤਾਂ ਸਰਦੀਆਂ ਵਿਚ ਬਣੀ ਬਣਾਈ ਪੱਗ ਸਿਰ ਤੇ ਰੱਖਦੀਆਂ ਹਨ।

ਬੰਨ੍ਹਣ ਦੇ ਅੰਦਾਜ਼, ਕੱਪੜਾ ਤੇ ਲੰਬਾਈ ਤੋਂ ਇਲਾਵਾ ਦਸਤਾਰ ਦਾ ਰੰਗ ਵੀ ਵੱਖ-ਵੱਖ ਲੋਕਾਂ ਵਿਚ ਵੱਖ-ਵੱਖ ਹੋਇਆ ਕਰਦਾ ਹੈ। ਮੁਸਲਮਾਨਾਂ ਵਿਚ ਹਰਾ (ਆਮ ਮੁਸਲਮਾਨ ਵਾਸਤੇ ਸਫ਼ੈਦ), ਹਿੰਦੂਆਂ ਵਿਚ ਭਗਵਾ ਰੰਗ ਵਧੇਰੇ ਚਲਦਾ ਹੈ। ਸਿੱਖਾਂ ਵਿਚ ਕਈ ਰੰਗ ਵਰਤੇ ਜਾਂਦੇ ਹਨ। ਭਾਵੇਂ ਸਿੱਖ ਨੂੰ ਦਸਤਾਰ ਬੰਨ੍ਹਣ ਵੇਲੇ ਰੰਗ ਦਾ ਵਹਿਮ ਨਹੀਂ ਹੁੰਦਾ ਪਰ ਫਿਰ ਵੀ ਕੁਝ ਚਿਰ ਤੋਂ ਕੁਝ ਰੰਗ ਵੱਖ-ਵੱਖ ਜਥੇਬੰਦੀਆਂ ਦੇ ਖ਼ਿਆਲਾਤਾਂ ਨਾਲ ਜੁੜ ਗਏ ਹਨ। ਬਾਕੀ ਤਾਂ ਭਾਵੇਂ ਰੰਗ ਕਿਸੇ ਹਾਲਤ ਵਿਚ ਬਦਲ ਵੀ ਜਾਣ ਪਰ ਪੰਜਾਬ 'ਚ ਸਫ਼ੈਦ ਰੰਗ ਬੁਢਾਪੇ 'ਚ ਆ ਕੇ ਦਾਨਾ ਰੰਗ ਵਜੋਂ ਪੱਕੇ ਤੌਰ ਤੇ ਮਨਜ਼ੂਰ ਹੋ ਗਿਆ ਹੈ। ਅਕਾਲੀ ਪਾਰਟੀ ਦੇ ਹਮਦਰਦ ਨੀਲਾ ਰੰਗ ਬੰਨ੍ਹਦੇ ਹਨ।

ਅੱਜ ਕਲ੍ਹ ਸਿੱਖਾਂ ਵਿਚ ਨੀਲਾ ਰੰਗ ਅਕਾਲੀ ਪਾਰਟੀ ਦਾ, ਕੇਸਰੀ ਖਾੜਕੂ ਜਥੇਬੰਦੀਆਂ ਦਾ, ਚਿੱਟਾ ਕਾਂਗਰਸੀਆਂ ਤੇ ਨਾਮਧਾਰੀਆਂ ਦਾ, ਲਾਲ ਕਮਿਊਨਿਸਟਾਂ ਦਾ ਹਿੱਸਾ ਬਣ ਗਿਆ ਹੈ। ਉਂਞ ਇਨ੍ਹਾਂ ਪਾਰਟੀਆਂ ਦੇ ਮੈਂਬਰ ਹੋਰ ਰੰਗ ਵੀ ਬੰਨ੍ਹਦੇ ਹਨ। ਕਾਲਾ ਰੰਗ ਸੋਗ ਤੇ ਰੋਸ ਨਾਲ ਜੁੜ ਗਿਆ ਹੈ। ਸਿੱਖਾਂ ਵਿਚ ਵੀ ਇਹ ਕਾਰਵਾਈ ੧੯੨੧ ਵਿਚ ਹੋਈ ਸੀ। ੨੦ ਫਰਵਰੀ ੧੯੨੧ ਦੇ ਦਿਨ ਨਨਕਾਣਾ ਸਾਹਿਬ ਵਿਚ ਹਿੰਦੂ ਮਹੰਤ ਨੇ ਪੌਣੇ ਦੋ ਸੌ ਦੇ ਕਰੀਬ ਸਿੰਘ ਸ਼ਹੀਦ ਕਰ ਦਿੱਤੇ। ਰੋਸ ਵਜੋਂ ਸਿੰਘਾਂ ਨੇ ਇਕ ਪੂਰਾ ਸਾਲ ਕਾਲੇ ਦਸਤਾਰੇ ਸਜਾਏ। ਉਦੋਂ ਤੋਂ ਕਈਆਂ ਨੇ ਕਾਲਾ ਰੰਗ ਪੱਕੇ ਤੌਰ ਤੇ ਹੀ ਅਪਣਾ ਲਿਆ। ਉਦੋਂ ਕਾਲੀ ਦਸਤਾਰ ਤੇ ਕਈ ਨਜ਼ਮਾਂ ਵੀ ਲਿਖੀਆਂ ਗਈਆਂ ਸਨ। ਉਨ੍ਹਾਂ ਵਿਚੋਂ ਇਕ ਹਾਜ਼ਿਰ ਹੈ :

ਕਾਲਾ ਦਸਤਾਰਾ ਖ਼ੂਬ ਸੋਭਦਾ ਹੈ

ਸਿਰ ਉਤੇ ਕਾਲਾ ਦਸਤਾਰਾ ਖ਼ੂਬ ਸੋਭਦਾ ਹੈ
ਕਾਲੀ ਘਟਾ ਬੰਨ੍ਹ, ਮਾਨੋਂ ਤੋਪ ਬੀੜ ਆਂਦੀ ਹੈ।
ਵੈਰੀਆਂ ਦੀ ਛਾਤੀ, ਵੇਖ ਕੰਬਦੀ ਹੈ ਥਰ-ਥਰ
ਮੂੰਹ ਉਤੋਂ ਲਾਲੀ, ਉਸੇ ਘੜੀ ਉੱਡ ਜਾਂਦੀ ਹੈ।
ਉਂਞ ਸਾਨੂੰ 'ਕਾਲਾ' ਕਹਿੰਦੇ

ਕਾਲਾ ਦਸਤਾਰ ਵੇਖ ਡਰ ਕਾਹਨੂੰ ਲਗੇ
ਅਤੇ ਹੋਸ਼ ਕਿਉਂ ਨਾ ਰਹਿੰਦੀ ਹੈ।
ਕਾਲੇ ਦਸਤਾਰੇ ਸਾਡੇ ਬੰਨ੍ਹਦੇ ਸ਼ਹੀਦ ਆਏ
ਕਾਲੇ ਜੰਡ ਭਾਰੇ ਹੋਏ ਯਾਦ ਇਹ ਦਿਲਾਂਦੀ ਹੈ।

(ਸੰਤੋਖ ਸਿੰਘ (ਪਰਦੇਸੀ ਖਾਲਸਾ, ੧੧ ਜੂਨ ੧੯੨੨)

ਨੀਲੇ, ਕੇਸਰੀ, ਕਾਲੇ ਤੇ ਸਫ਼ੈਦ ਤੋਂ ਇਲਾਵਾ ਪੰਜਾਬ ਵਿਚ ਗੁਲਾਬੀ, ਤੋਰੀ-ਫੁੱਲਾ ਰੰਗ ਵੀ ਪੱਗ ਦੇ ਰੰਗ ਮਕਬੂਲ ਹਨ। ਆਮ ਤੌਰ ਤੇ ਵਿਆਹ ਵਿਚ ਇਹ ਰੰਗ ਵਰਤੇ ਜਾਂਦੇ ਰਹੇ ਹਨ। ਭਾਵੇਂ ਹੁਣ ਇਹ ਰੰਗ ਘੱਟ ਰਹੇ ਹਨ ਪਰ ਫਿਰ ਵੀ ਕੁਝ ਲੋਕ ਇਸ ਰਸਮ ਨੂੰ ਛੱਡਣ ਨੂੰ ਤਿਆਰ ਨਹੀਂ।

ਇਥੇ ਇਹ ਜ਼ਿਕਰ ਕਰਨਾ ਦਿਲਚਸਪੀ ਭਰਿਆ ਹੋਵੇਗਾ ਕਿ ਕਿਸੇ ਜ਼ਮਾਨੇ ਵਿਚ ਪ੍ਰਿੰਟ, ਫੁੱਲਾਂ ਵਾਲੀਆਂ ਤੇ ਡੱਬੀਆਂ ਵਾਲੇ ਡਿਜ਼ਾਇਨ ਵਾਲੀਆਂ, ਪੱਗਾਂ ਦਾ ਰਿਵਾਜ ਵੀ ਹੋਇਆ ਕਰਦਾ ਸੀ।

ਦਸਤਾਰ ਸਿੱਖ ਕਲਚਰ ਦਾ ਏਨਾ ਜ਼ਰੂਰੀ ਹਿੱਸਾ ਹੈ ਕਿ ਇਹ ਮੋਨੇ ਹੋ ਗਏ ਲੋਕਾਂ ਵਿਚ ਵੀ ਅਲੋਪ ਨਹੀਂ ਹੋਇਆ। ਬਹੁਤੇ ਜਣੇ ਗੁਰਦੁਆਰੇ ਜਾਣ ਲੱਗਿਆਂ ਅਕਸਰ ਪੱਗ ਬੰਨ੍ਹ ਲੈਂਦੇ ਹਨ, ਹਾਲਾਂ ਕਿ ਗੁਰਦੁਆਰਿਆਂ ਵਿਚ ਸਿਰ ਢਕਣ ਵਾਸਤੇ ਰੁਮਾਲ ਆਮ ਤੌਰ ਤੇ ਮਿਲ ਜਾਂਦੇ ਹਨ। ਸਿੱਖ ਦੀ ਰੋਜ਼ਾਨਾ ਜ਼ਿੰਦਗੀ ਵਿਚ ਦਸਤਾਰ ਇਥੋਂ ਤਕ ਅਹਿਮ ਹੈ ਕਿ ਜੇ ਕਰ ਘਰ ਵਿਚ ਕਿਸੇ ਵੱਡੇ ਦੀ ਮੌਤ ਹੋ ਜਾਏ ਤਾਂ ਵੱਡੇ ਪੁੱਤਰ ਦੀ 'ਦਸਤਾਰ ਬੰਦੀ' ਕੀਤੀ ਜਾਂਦੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਚੜ੍ਹਾਈ ਕਰ ਗਏ ਵੱਡੇ ਦੀਆਂ ਜ਼ਿੰਮੇਵਾਰੀਆਂ ਅਤੇ ਅਖ਼ਤਿਆਰ ਹੁਣ ਉਸ ਦੇ ਹੋ ਗਏ ਹਨ। ਯਾਨੀ ਦਸਤਾਰ ਘਰ ਦੇ ਆਗੂ ਹੋਣ ਦੀ ਨਿਸ਼ਾਨੀ ਹੈ।

ਸਿੱਖਾਂ ਵਿਚ ਵਿਆਹ ਵੇਲੇ ਮਿਲਣੀ ਦੀ ਰਸਮ ਵੇਲੇ ਵੀ ਧੇਤੇ ਤੇ ਪੁਤੇਤੇ ਇਕ ਦੂਜੇ ਨੂੰ ਪੱਗ ਤੋਹਫ਼ੇ ਵਿਚ ਦਿਆ ਕਰਦੇ ਹਨ। ਜਦੋਂ ਕਿਤੇ ਦੋ ਪੰਜਾਬੀ ਦੋਸਤ ਆਪਸ ਵਿਚ ਚੋਖੇ ਪੀਡੇ ਤਾਅਲੁੱਕ ਵਾਲੇ ਹੋ ਜਾਣ ਤਾਂ ਉਹ ਇਕ ਦੂਜੇ ਨੂੰ ਪੱਗ ਪੇਸ਼ ਕਰ ਕੇ ਭਰਾ ਬਣ ਜਾਂਦੇ ਹਨ। ਇਸ ਨੂੰ "ਪੱਗ ਵੱਟ ਭਰਾ" ਦਾ ਨਾਂ ਦਿੱਤਾ ਜਾਂਦਾ ਹੈ। ਪੱਗ ਵਟਣਾ ਸਿਰ ਤੋਂ ਲਾਹ ਕੇ ਪੱਗ ਦੇਣਾ ਨਹੀਂ ਨਵੀਂ ਦਸਤਾਰ ਪੇਸ਼ ਕਰਨਾ ਹੈ। ਅੱਜ ਕਲ੍ਹ ਕਈ ਘਰਾਂ ਵਿਚ ਬੱਚਿਆਂ ਦੀ 'ਦਸਤਾਰ ਬੰਦੀ' ਇਕ ਰਸਮ ਵਜੋਂ ਵੀ ਮਨਾਈ ਜਾਂਦੀ ਹੈ।

ਪੱਗ ਸਿੱਖ ਦੀ ਰੂਹਾਨੀਅਤ, ਮਜ਼ਹਬ, ਇੱਜ਼ਤ ਦਾ ਮੁਜੱਸਮਾ ਹੈ। ਪੱਗ ਦਾ ਉਤਰਨਾ ਬੇਇਜ਼ਤੀ ਹੋਣਾ ਹੈ। ਇਕ ਸਿੱਖ ਨੂੰ ਹਦਾਇਤ ਹੈ ਕਿ ਉਹ ਦੂਜੇ ਸਿੱਖ ਦੀ ਪੱਗ ਨੂੰ ਖ਼ਾਬ ਵਿਚ ਵੀ ਹੱਥ ਨਾ ਪਾਵੇ। ਅਜਿਹਾ ਕਰਨ ਵਾਲਾ ਸਿੱਖ "ਤਨਖਾਹੀਆ" ਹੈ ਤੇ ਉਸ ਦਾ ਭਾਈਚਾਰਕ (ਸੋਸ਼ਲ) ਬਾਈਕਾਟ ਕੀਤਾ ਜਾਂਦਾ ਹੈ। ਵੱਖ-ਵੱਖ ਰਹਿਤਨਾਮਿਆਂ ਵਿਚ ਸਿੱਖ ਦੀ ਪੱਗ ਨੂੰ ਹੱਥ ਪਾਉਣਾ ਬੜਾ ਵੱਡਾ ਗੁਨਾਹ ਆਖਿਆ ਗਿਆ ਹੈ। (ਭਾਈ ਦਯਾ ਸਿੰਘ ਤੇ ਭਾਈ ਚਉਪਾ ਸਿੰਘ ਛਿੱਬਰ ਦੇ ਰਹਿਤਨਾਮੇ)। ਸ਼ਰਮ ਦੀ ਗੱਲ ਇਹ ਹੈ ਕਿ

੧੯੮੪ ਤੋਂ ਮਗਰੋਂ ਇੰਗਲੈਂਡ, ਅਮਰੀਕਾ, ਕਨੇਡਾ, ਨਾਰਵੇ 'ਚ ਬੂਝੜ ਤੇ ਭੇਖੀ ਸਿੱਖਾਂ ਨੇ ਗੁਰਦੁਆਰਿਆਂ ਵਿਚ ਨਿਜੀ ਮੁਖ਼ਾਲਿਫ਼ਾਂ ਦੀਆਂ ਦਸਤਾਰਾਂ ਲਾਹੀਆਂ ਤੇ ਹੋਰ ਜੁਰਮ ਕੀਤੇ ਪਰ ਕੁਝ ਦੰਭੀ ਸਿੱਖਾਂ ਨੇ ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਇ ਚੌਧਰੀ ਬਣਾਇਆ।

ਸਿੱਖ ਕੌਮ ਨੂੰ ਦਸਤਾਰ ਵਾਸਤੇ ਬਹੁਤ ਸਾਰੇ ਮੁਲਕਾਂ ਵਿਚ ਜੱਦੋ-ਜਹਿਦ ਵੀ ਕਰਨੀ ਪਈ ਹੈ। ਸਭ ਤੋਂ ਪਹਿਲੀ ਜੱਦੋ-ਜਹਿਦ ਇੰਗਲੈਂਡ ਵਿਚ "ਮਾਂਡਲਾ ਕੇਸ" ਵਿਚ ਹੋਈ ਸੀ। ਉਥੇ 'ਹਾਊਸ ਆਫ਼ ਲਾਰਡਜ਼' ਤਕ ਇਸ ਬਾਰੇ ਕੇਸ ਲਿਜਾਇਆ ਗਿਆ। ਇੰਗਲੈਂਡ ਵਿਚ ਦਸਤਾਰ ਵਾਸਤੇ ਤੇ ਹੋਰ ਵੀ ਕਈ ਮਸਲਿਆਂ ਵਿਚ ਵੀ ਤੇ ਲੋਹ-ਟੋਪ ਤੋਂ ਛੋਟ ਵਾਸਤੇ ਵੀ ਛੋਟੀਆਂ-ਵੱਡੀਆਂ ਮੁਹਿੰਮਾਂ ਚਲਾਉਣੀਆਂ ਪਈਆਂ ਤੇ ਸਾਰੀਆਂ ਵਿਚ ਹੀ ਕਾਮਯਾਬੀ ਹਾਸਿਲ ਹੋਈ। ਸਵਿਡਨ, ਨਾਰਵੇ ਤੇ ਹੋਰ ਮੁਲਕਾਂ ਵਿਚ ਵੀ ਛੋਟੇ-ਛੋਟੇ 'ਮੋਰਚੇ' ਲਾਏ ਗਏ। ਇੰਗਲੈਂਡ ਤੋਂ ਬਾਅਦ ਦੂਜਾ ਵੱਡਾ ਮੋਰਚਾ ੧੯੮੯-੯੦ ਵਿਚ ਕਨੇਡਾ ਵਿਚ ਲਾਉਣਾ ਪਿਆ। ਆਰ. ਸੀ. ਐਮ. ਪੀ. (ਪੁਲੀਸ) ਵਿਚ ਦਸਤਾਰ ਦਾ ਹੱਕ ਹਾਸਿਲ ਕਰਨ ਵਾਸਤੇ ਜੱਦੋ-ਜਹਿਦ ਕਰਨੀ ਪਈ ਸੀ। ਅਲਬਰਟਾ ਦੀਆਂ ਦੋ ਕੁੜੀਆਂ ਨੇ ਲੱਖ ਤੋਂ ਵੱਧ ਦਸਤਖ਼ਤ ਕਰਵਾ ਕੇ ਸਿੱਖਾਂ ਦੀ ਦਸਤਾਰ ਦਾ ਹੱਕ ਖੋਹਣਾ ਚਾਹਿਆ ਪਰ ੧੪ ਮਾਰਚ ੧੯੯੦ ਨੂੰ ਪੰਥ ਨੇ ਇਹ ਧੱਕਾ ਵੀ ਖ਼ਤਮ ਕਰਵਾ ਲਿਆ। ਅਜੇ ਸਿੱਖ ਕੌਮ ਨੂੰ ਅਜਿਹੀਆਂ ਹੋਰ ਮੁਹਿੰਮਾਂ ਵੀ ਚਲਾਉਣੀਆਂ ਪੈ ਸਕਦੀਆਂ ਹਨ। ਜਿਨ੍ਹਾਂ ਕੌਮਾਂ ਦਾ ਆਪਣਾ ਮੁਲਕ ਨਾ ਹੋਵੇ, ਉਨ੍ਹਾਂ ਨਾਲ ਅਜਿਹਾ ਹੁੰਦਾ ਹੀ ਹੈ। ਜੇ ਭਾਰਤ ਸਿੱਖਾਂ ਦਾ ਹਮਦਰਦ ਹੁੰਦਾ ਤਾਂ ਭਾਰਤ ਸਰਕਾਰ ਏਨਾ ਤਾਂ ਆਖ ਸਕਦੀ ਸੀ ਕਿ ਸਿੱਖ ਵਾਸਤੇ ਦਸਤਾਰ ਮਜ਼ਹਬੀ ਜ਼ਰੂਰਤ ਹੈ। ਪਰ ਉਲਟਾ ਕਈ ਹਿੰਦੁਸਤਾਨੀਆਂ ਨੇ ਸਿੱਖਾਂ ਦੇ ਖ਼ਿਲਾਫ਼ ਦੁਸ਼ਮਣਾਂ ਵਾਲਾ ਰੋਲ ਅਦਾ ਕੀਤਾ।

✲ ✲ ✲

ਸਿੱਖ ਦੀ ਕਿਰਪਾਨ

ਵੱਖ-ਵੱਖ ਧਰਮਾਂ, ਮੁਲਕਾਂ ਅਤੇ ਕਲਚਰਜ਼ ਵਿਚ ਕਿਰਪਾਨ ਦੀ ਖ਼ਾਸ ਜਗ੍ਹਾ ਹੈ। ਸਿੱਖ ਵਾਸਤੇ ਕਿਰਪਾਨ ਉਸ ਦਾ ਅਕੀਦਾ (Faith) ਹੈ। ਅੰਮ੍ਰਿਤਧਾਰੀ ਸਿੱਖ ਵਾਸਤੇ ਕਿਰਪਾਨ ਲਾਜ਼ਮੀ ਹੈ।

ਕਿਰਪਾਨ ਦੀ ਦੁਨੀਆਂ ਭਰ ਵਿਚ ਖ਼ਾਸ ਅਹਿਮੀਅਤ ਰਹੀ ਹੈ। ਯਹੂਦੀਆਂ, ਈਸਾਈਆਂ, ਮੁਸਲਮਾਨਾਂ, ਸਿੱਖਾਂ, ਜਪਾਨੀਆਂ ਅਤੇ ਹੋਰ ਕੌਮਾਂ ਤੇ ਧਰਮਾਂ ਵਿਚ ਵੀ ਕਿਰਪਾਨ ਦੀ ਆਪਣੀ ਖ਼ਾਸ ਤਵਾਰੀਖ਼ ਹੈ। ਮੈਥਿਉ ਦੀ ਗਾਸਪਲ ਵਿਚ ਈਸਾ ਮਸੀਹ ਦੇ ਲਫ਼ਜ਼ ਹਨ : "ਮੈਂ ਦੁਨੀਆਂ ਵਿਚ ਅਮਨ ਨਹੀਂ ਤਲਵਾਰ ਲੈ ਕੇ ਆਇਆ ਹਾਂ।" ਹਜ਼ਰਤ ਮੁਹੰਮਦ ਸਾਹਿਬ ਮੁਤਾਬਿਕ ਇਸਲਾਮ ਵਿਚ ਕਿਰਪਾਨ ਦੀ ਰੂਹਾਨੀ ਕੀਮਤ ਹੈ। ਹਿੰਦੂਆਂ ਦੀ ਦੁਰਗਾ ਦੇ ਹੱਥ ਵਿਚ ਉਂਞ ਤਾਂ ਹੋਰ ਹਥਿਆਰ ਵੀ ਹਨ, ਪਰ ਨਾਲ ਹੀ ਤਲਵਾਰ ਵੀ ਹੈ। ਪਰ ਸਿੱਖ ਕਿਰਪਾਨ ਈਸਾਈਆਂ, ਮੁਸਲਮਾਨਾਂ ਤੇ ਹਿੰਦੂਆਂ ਦੀ ਤਲਵਾਰ ਤੋਂ ਵੱਖਰੀ ਹੈ। ਈਸਾਈ ਤਲਵਾਰ ਅਮਨ ਦਾ ਬਦਲ ਹੈ, ਇਸਲਾਮੀ ਤਲਵਾਰ ਮਜ਼ਹਬੀ ਤੇ ਸਿਆਸੀ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਹੈ ਅਤੇ ਹਿੰਦੂ ਤਲਵਾਰ ਮੁਖ਼ਾਲਫ਼ਾਂ ਨੂੰ ਕਤਲ ਕਰਨ ਵਾਸਤੇ ਹੈ। ਯਾਨਿ ਇਨ੍ਹਾਂ ਧਰਮਾਂ ਵਿਚ ਤਲਵਾਰ ਇਕ ਹਥਿਆਰ ਹੈ। ਪਰ, ਸਿੱਖ-ਕਿਰਪਾਨ ਲਾਜ਼ਮੀ ਤੌਰ 'ਤੇ "ਮੁਹਾਫ਼ਿਜ਼" ਵਜੋਂ ਹੈ। ਇਹ ਹਥਿਆਰ ਨਹੀਂ, ਇਹ ਵਾਰ ਕਰਨ ਵਾਸਤੇ ਨਹੀਂ, ਇਹ ਜਾਨ ਦੀ ਹਿਫ਼ਾਜ਼ਤ ਵਾਸਤੇ ਹੈ ਅਤੇ ਇਨਸਾਨੀ ਹੱਕਾਂ ਦੀ ਰਾਖੀ ਵਾਸਤੇ ਹੈ। ਸਿੱਖ ਦੀ ਕਿਰਪਾਨ ਹਰ ਵੇਲੇ ਨੰਗੀ ਕਰ ਕੇ ਹੱਥ ਵਿਚ ਉਲਾਰੀ ਨਹੀਂ ਹੁੰਦੀ (ਜਿਵੇਂ ਦੁਰਗਾ ਦੀ ਹੈ) ਬਲਕਿ ਇਸ ਨੂੰ ਮਿਆਨ ਵਿਚ ਬੰਦ ਕਰ ਕੇ ਗਾਤਰੇ ਨਾਲ ਲਟਕਾਇਆ ਹੁੰਦਾ ਹੈ।

ਭਾਵੇਂ ਕਿਰਪਾਨ ਸਿੱਖ ਤਵਾਰੀਖ਼ 'ਚ ਪਹਿਲੇ ਦਿਨ ਤੋਂ ਹੀ ਮੌਜੂਦ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਸਨ, ਪਰ ਇਸ ਨੂੰ 'ਕਕਾਰ' ਵਜੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਲਾਜ਼ਮੀ ਕੀਤਾ ਸੀ। ਗੁਰੂ ਸਾਹਿਬ ਨੇ ਕਿਰਪਾਨ ਨੂੰ ਸਿੱਖ ਦੇ ਵਜੂਦ ਦਾ ਇੱਕ ਅਟੁੱਟ ਹਿੱਸਾ ਬਣਾ ਦਿੱਤਾ। ਸਿੱਖ ਦੀ ਕਿਰਪਾਨ ਇਨਸਾਫ਼ ਕਾਇਮ ਕਰਨ ਵਾਸਤੇ ਹੈ। ਇਹ ਧਰਮ ਬਚਾਉਣ ਵਾਸਤੇ ਹੈ, ਇਹ ਕਮਜ਼ੋਰ ਤੇ ਗ਼ਰੀਬ ਦੀ ਹਿਫ਼ਾਜ਼ਤ ਵਾਸਤੇ ਹੈ। ਪਰ ਸਿੱਖ ਕਿਰਪਾਨ ਹਮਲਾ ਕਰਨ ਵਾਸਤੇ, ਧੱਕੇ ਵਾਸਤੇ, ਬਦਲਾਂ ਲੈਣ ਵਾਸਤੇ ਨਹੀਂ। ਦਬਿਸਤਾਨੇ-ਮਜ਼ਾਹਿਬ ਦਾ ਲੇਖਕ ਮੁਹਸਿਨ ਫ਼ਾਨੀ (ਜੋ ਛੇਵੇਂ ਤੇ ਸਤਵੇਂ ਪਾਤਿਸ਼ਾਹ ਦਾ ਸਮਕਾਲੀ ਸੀ) ਲਿਖਦਾ ਹੈ ਕਿ ਗੁਰੂ ਸਾਹਿਬ ਨੇ ਕਦੇ ਵੀ ਗ਼ੁੱਸੇ ਵਿਚ ਕਿਰਪਾਨ ਨੂੰ ਹੱਥ ਨਹੀਂ ਪਾਇਆ ਸੀ। ਦਸਵੇਂ ਪਾਤਿਸ਼ਾਹ ਨੇ ਵੀ ਆਪਣੀ ਜ਼ਿੰਦਗੀ ਵਿਚ ਕਦੇ ਹਮਲਾ ਨਹੀਂ ਕੀਤਾ ਸੀ ਬਲਕਿ ਹਮਲਾਵਰ ਤੋਂ ਆਪਣੇ

ਸਿੱਖਾਂ ਦੀ ਤੇ ਆਪਣੇ ਇਲਾਕੇ ਦੀ ਸਿਰਫ਼ ਹਿਫ਼ਾਜ਼ਤ ਹੀ ਕੀਤੀ ਸੀ।

ਸਿੱਖ ਦੀ ਕਿਰਪਾਨ ਦੋ ਲਫ਼ਜ਼ਾਂ ਦੇ ਮੇਲ ਤੋਂ ਬਣੀ ਹੈ : ਕਿਰਪਾ+ਆਨ। ਸੋ, ਇਸ ਵਿਚ ਮਿਹਰ ਤੇ ਤਰਸ ਸ਼ਾਮਿਲ ਹਨ ਅਤੇ ਆਨ, ਇੱਜ਼ਤ, ਗ਼ੈਰਤ, ਪਤਿ ਵੀ ਸ਼ਾਮਿਲ ਹੈ। ਯਾਨਿ ਆਨ, ਇੱਜ਼ਤ, ਗ਼ੈਰਤ, ਪਤਿ ਤੇ ਜ਼ਿੰਦਗੀ ਬਚਾਉਣ ਵਾਸਤੇ ਕਿਰਪਾਨ ਦਾ ਇਸਤੇਮਾਲ ਹੋ ਸਕਦਾ ਹੈ ਪਰ ਇਸ ਦੀ ਵਰਤੋਂ ਕਰਨ ਵੇਲੇ ਤਰਸ ਤੇ ਮਿਹਰ ਦਾ ਪਹਿਰਾ ਹੋਣਾ ਬਹੁਤ ਜ਼ਰੂਰੀ ਹੈ। ਕਿਰਪਾਨ ਆਖ਼ਰੀ ਹਥਿਆਰ ਹੈ ਨਾ ਕਿ ਪਹਿਲਾ। ਇਸ ਦੀ ਵਰਤੋਂ ਉਦੋਂ ਹੋਣੀ ਹੈ, ਜਦੋਂ ਸਾਰੇ ਹਥਿਆਰ ਬੇ-ਅਸਰ ਹੋ ਜਾਣ। ਇਸ ਦੀ ਵਰਤੋਂ ਉਦੋਂ ਤਕ ਕਰਨੀ ਹੈ, ਜਦੋਂ ਮੁਕਾਬਲੇ ਵਿਚ ਖੜੀ ਹਸਤੀ ਮੁਕਾਬਲਾ ਕਰੇ ਤੇ ਹਮਲਾਵਰ ਰਹੇ।

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਨੇ ਕਕਾਰ ਵਜੋਂ 'ਕਿਰਪਾਨ' ਲਾਜ਼ਮੀ ਕੀਤੀ ਸੀ ਨਾ ਕਿ ਨੇਜ਼ਾ, ਬੰਦੂਕ, ਤੋਪ, ਪਿਸਤੌਲ ਜਾਂ ਕੋਈ ਹੋਰ ਹਥਿਆਰ। ਕਿਉਂਕਿ ਇਹ ਸਾਰੇ ਹਥਿਆਰ ਹਨ, ਪਰ ਕਿਰਪਾਨ ਹਥਿਆਰ ਨਹੀਂ ਬਲਕਿ 'ਹਾਫ਼ਿਜ਼' (Defender) ਹੈ। ਇਹ ਇਨਸਾਫ਼ ਦੀ ਨਿਸ਼ਾਨੀ ਹੈ। ਇਹ ਖ਼ੁਦਮੁਖ਼ਤਿਆਰੀ ਨੂੰ ਕਾਇਮ ਰੱਖਣ ਦੀ ਨਿਸ਼ਾਨੀ ਹੈ। ਸਿੱਖੀ ਵਿਚ ਖੰਡੇ ਦੀ ਰੂਹਾਨੀ ਅਹਿਮੀਅਤ ਹੈ, ਪਰ ਕਿਰਪਾਨ ਸਿੱਖ ਵਾਸਤੇ 'ਕਕਾਰ' ਹੈ।

ਕੌਮ ਵਾਸਤੇ ਕੋਈ ਕਾਰਨਾਮਾ ਜਾਂ ਕੁਰਬਾਨੀ ਕਰਨ ਵਾਲੇ ਸਿੱਖ ਨੂੰ ਕਿਰਪਾਨ ਭੇਟਾ ਕੀਤੀ ਜਾਂਦੀ ਹੈ। ਅਜਿਹਾ ਸਿੱਖਾਂ ਤੋਂ ਇਲਾਵਾ ਹੋਰ ਕੌਮਾਂ ਵਿਚ ਵੀ ਹੈ। ਪਿੱਛੇ ਜਿਹੇ ਕੁਝ ਅਹਿਮਕ ਸਿੱਖਾਂ ਨੇ ਕੁਝ ਗ਼ਲਤ ਬੰਦਿਆਂ ਨੂੰ ਭੇਟ ਕਰ ਕੇ ਸਿਰੋਪੇ ਦੀ ਬੇਅਦਬੀ ਕਰਨ ਦੇ ਨਾਲ-ਨਾਲ ਕਿਰਪਾਨਾਂ ਵੀ ਭੇਟ ਕੀਤੀਆਂ ਸਨ ਤੇ ਉਹ ਵੀ ਉਨ੍ਹਾਂ ਨੂੰ ਜੋ ਸਿੱਖਾਂ ਦੇ ਕਾਤਲ, ਸਿੱਖੀ ਦੇ ਦੁਸ਼ਮਣ ਅਤੇ ਮੁਜਰਮਾਨਾ ਕਿਸਮ ਦੇ ਲੋਕ ਸਨ। ਅਜਿਹੀ ਚਾਪਲੂਸੀ ਸਿੱਖ ਵਾਸਤੇ ਬੜਾ ਵੱਡਾ ਗੁਨਾਹ ਹੈ।

ਅੰਗਰੇਜ਼ੀ ਸਰਕਾਰ ਵੇਲੇ ਸਿੱਖਾਂ ਨੂੰ ਕਿਰਪਾਨ ਦੇ ਹੱਕ ਵਾਸਤੇ ਬੜੀ ਜੱਦੋ-ਜਹਿਦ ਕਰਨੀ ਪਈ ਸੀ। ਕਈ ਗ੍ਰਿਫ਼ਤਾਰੀਆਂ, ਜੁਰਮਾਨੇ ਤੇ ਸਜ਼ਾਵਾਂ ਹੋਈਆਂ, ਪਰ ਅਖ਼ੀਰ ੫ ਜੂਨ, ੧੯੨੮ ਨੂੰ ਸਰਕਾਰ ਨੇ ਨੋਟੀਫ਼ਿਕੇਸ਼ਨ ਨੰਬਰ ੩੯੩-੮੨੧ ਰਾਹੀਂ ਸਿੱਖਾਂ ਵਾਸਤੇ ਕਿਰਪਾਨ ਦਾ ਹੱਕ ਤਸਲੀਮ ਕਰ ਲਿਆ। ਇਸ ਦੇ ਲਫ਼ਜ਼ ਹਨ ਕਿ "ਕਿਰਪਾਨ ਦੀ ਸ਼ਕਲ, ਲੰਬਾਈ ਤੇ ਸਾਈਜ਼ ਦੀ ਕੋਈ ਹੱਦ ਨਹੀਂ ਮਿੱਥੀ ਜਾ ਸਕਦੀ।" ੧੯੩੫ ਵਿਚ ਸਿੱਖਾਂ ਨੂੰ ਇਕ ਵਾਰ ਫੇਰ ਮੋਰਚਾ ਲਾਉਣਾ ਪਿਆ ਸੀ। ਮਗਰੋਂ ੧੯੩੬ ਵਿਚ, ਚਿੱਠੀ ਨੰਬਰ ੩੯੭੯ ਰਾਹੀਂ, ਇਹ ਵੀ ਆਖਿਆ ਗਿਆ ਕਿ ਸਿੱਖ ਕਿਸੇ ਵੀ ਸਾਈਜ਼ ਦੀਆਂ, ਜਿੰਨੀਆਂ ਵੀ ਕਿਰਪਾਨਾਂ ਚਾਹੇ, ਰੱਖ ਸਕਦਾ ਹੈ ਜਾਂ ਪਹਿਨ ਸਕਦਾ ਹੈ। ੧੯੮੯ ਵਿਚ ਭਾਰਤੀ ਪਾਰਲੀਮੈਂਟ ਦੇ ਮੈਂਬਰਾਂ ਸ੍ਰ: ਧਿਆਨ ਸਿੰਘ ਮੰਡ ਤੇ ਸ: ਸਿਮਰਨਜੀਤ ਸਿੰਘ ਮਾਨ 'ਤੇ ਪਾਰਲੀਮੈਂਟ ਵਿਚ ਕਿਰਪਾਨ ਲਿਜਾਣ 'ਤੇ ਪਾਬੰਦੀ ਲਾਈ ਗਈ ਤਾਂ ਉਨ੍ਹਾਂ ਪਾਰਲੀਮੈਂਟ 'ਚ ਜਾਣ ਤੋਂ ਨਾਂਹ ਕਰ ਦਿੱਤੀ ਤੇ ਕਦੇ ਵੀ ਪਾਰਲੀਮੈਂਟ ਵਿਚ ਨਾ ਵੜੇ। ਮਗਰੋਂ ੧੯੯੮ ਦੀਆਂ ਚੋਣਾਂ ਵਿਚ ਸ. ਸਿਮਰਨਜੀਤ ਸਿੰਘ ਮਾਨ ਇਸ ਸਵਾਲ ਤੋਂ ਪਿੱਛੇ ਹੱਟ ਗਿਆ ਤੇ ਕਿਰਪਾਨ ਤੋਂ ਬਿਨਾਂ ਹੀ ਸਹੁੰ ਚੁਕ ਲਈ। ✲ ✲ ✲

ਸਿੱਖ ਦੀ ਦਾੜ੍ਹੀ

ਸਿੱਖ ਦੀ ਰੋਜ਼ਾਨਾ ਅਰਦਾਸਿ ਵਿਚ ਇਹ ਮੰਗ ਵੀ ਸ਼ਾਮਿਲ ਹੈ......ਸਿੱਖੀ ਸਿਦਕ, ਕੇਸਾਂ, ਸੁਆਸਾਂ ਸੰਗ ਨਿਬਾਹੁਣਾ। "ਇਥੇ ਕੇਸ ਦਾ ਮਾਅਨਾ ਸਿਰ ਦੇ ਵਾਲ ਨਹੀਂ ਬਲਕਿ ਦਾੜ੍ਹੀ, ਮੁੱਛਾਂ ਤੇ ਸਰੀਰ ਦੇ ਬਾਕੀ ਸਾਰੇ ਹਿੱਸਿਆਂ ਦੇ ਰੋਮ ਵੀ ਸ਼ਾਮਿਲ ਹਨ। ਭਾਵੇਂ ਅਜੋਕੇ ਵੇਲਿਆਂ ਵਿਚ ਗ਼ੁਲਾਮੀ ਤੇ ਕਮਜ਼ੋਰੀ ਸਦਕਾ ਇਕ ਹਿੱਸੇ ਨੇ ਆਪਣੇ ਰੋਮਾਂ ਦੀ ਬੇਅਦਬੀ ਕਰ ਲਈ ਸੀ (ਤੇ ਹੁਣ ਘਟ ਰਹੀ ਹੈ) ਪਰ ਅਸੂਲੀ ਤੌਰ ਤੇ ਸਿਰ ਦੇ ਵਾਲ, ਦਾੜ੍ਹੀ, ਮੁੱਛਾਂ ਤੇ ਬਾਕੀ ਰੋਮਾਂ ਨੂੰ ਕੱਟਣਾ ਸਿੱਖ ਵਾਸਤੇ ਬੜਾ ਵੱਡਾ ਗੁਨਾਹ ਹੈ। ਜਦੋਂ ਸਿੱਖ ਅੰਮ੍ਰਿਤ ਛਕਦਾ ਹੈ ਤਾਂ ਉਸ ਨੂੰ ਸਿੱਖ ਜੀਵਨ ਜਾਚ ਤੋਂ ਇਲਾਵਾ ਚਾਰ ਬਜਰ ਕੁਰਹਿਤਾਂ ਤੋਂ ਬਚਣ ਵਾਸਤੇ ਹਦਾਇਤ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਵਿਚੋਂ ਇਕ ਹਦਾਇਤ ਇਹ ਵੀ ਹੈ ਕਿ "ਰੋਮਾਂ ਦੀ ਬੇਅਦਬੀ ਨਹੀਂ ਕਰਨੀ"। ਇਸ ਬਜਰ ਕੁਰਹਿਤ ਦੇ ਕਰਨ ਨਾਲ ਸਿੱਖ ਨੂੰ ਸਜ਼ਾ ਲੁਆ ਕੇ, ਪੂਰੀ ਕਰਨ ਮਗਰੋਂ, ਦੋਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।

ਸਿੱਖ ਅਦਬ ਵਿਚ ਦਾੜ੍ਹੀ ਦਾ ਸਭ ਤੋਂ ਪਹਿਲਾਂ ਜ਼ਿਕਰ ਗੁਰੂ ਅਮਰਦਾਸ ਸਾਹਿਬ ਜੀ ਦੀ ਬਾਣੀ ਵਿਚ ਮਿਲਦਾ ਹੈ :

'ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ ॥'

(ਸ.ਫਾ ੧੪੧੯)

ਮੁਖ ਸਚੇ ਸਚੁ ਦਾੜੀਆ
ਸਚੁ ਬੋਲਹਿ ਸਚੁ ਕਮਾਹਿ ॥

(ਸ.ਫਾ ੧੪੧੯)

ਗੁਰੂ ਅਰਜਨ ਸਾਹਿਬ ਦਾੜ੍ਹੀ ਲਫ਼ਜ਼ ਦੀ ਵਰਤੋਂ ਕਰਦਿਆਂ ਆਖਦੇ ਹਨ :

ਗਰੀਬਾ ਉਪਰਿ ਜਿ ਖਿੰਜੈ ਦਾੜੀ ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥

(ਸ.ਫਾ ੧੯੯)

ਗੁਰੂ ਗ੍ਰੰਥ ਸਾਹਿਬ ਵਿਚ ਦਾੜ੍ਹੀ ਦਾ ਸਭ ਤੋਂ ਪਹਿਲਾਂ ਜ਼ਿਕਰ ਸ਼ੇਖ ਫਰੀਦ ਜੀ ਦੇ ਸਲੋਕਾਂ ਵਿਚ ਆਉਂਦਾ ਹੈ :

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥

(ਸ.ਫਾ ੧੩੭੮)

ਗੁਰੂ ਰਾਮਦਾਸ ਸਾਹਿਬ ਦੀ ਦਾੜ੍ਹੀ ਬੜੀ ਖ਼ੂਬਸੂਰਤ, ਲੰਬੀ ਤੇ ਦਰਸ਼ਨੀ ਸੀ। ਇਕ

ਸਾਖੀ ਮੁਤਾਬਿਕ ਜਦੋਂ ਗੁਰੂ ਨਾਨਕ ਸਾਹਿਬ ਦੇ ਸਾਧੂ ਪੁੱਤਰ ਸ੍ਰੀ ਚੰਦ ਨੇ ਗੁਰੂ ਸਾਹਿਬ ਤੋਂ ਸਵਾਲ ਕੀਤਾ ਕਿ ਏਨਾ ਲੰਬਾ ਦਾਹੜਾ ਕਿਸ ਵਾਸਤੇ ਹੈ ਤਾਂ ਆਪ ਜੀ ਨੇ ਜਵਾਬ ਦਿੱਤਾ ਕਿ 'ਵੱਡੇ ਬੰਦਿਆਂ ਦੇ ਪੈਰ ਝਾੜਨ ਵਾਸਤੇ।' ਇਹ ਸਾਖੀ ਤਾਰੀਖ਼ੀ ਹੈ ਜਾਂ ਨਹੀਂ, ਪਰ ਇਸ ਵਿਚ ਗੁਰੂ ਸਾਹਿਬ ਦੀ ਨਿਮਰਤਾ, ਉੱਚਤਾ, ਉਨ੍ਹਾਂ ਦੇ ਦਰਵੇਸ਼ ਸੁਭਾ ਤੇ ਸੂਝ-ਬੂਝ ਦਾ ਇਜ਼ਹਾਰ ਹੈ। ਦਾੜ੍ਹੀ ਉਂਵ ਆਪਣੇ ਆਪ ਵਿਚ ਬਜ਼ੁਰਗੀ, ਸਿਆਣਪ ਤੇ ਦਾਨਿਸ਼ਮੰਦ ਹੋਣ ਦੀ ਨਿਸ਼ਾਨੀ ਜਾਣੀ ਜਾਂਦੀ ਹੈ।

ਉੱਨੀਵੀਂ ਸਦੀ ਵਿਚ ਪੰਜਾਬੀ ਦੇ ਇਕ ਮਸ਼ਹੂਰ ਸ਼ਾਇਰ ਸ਼ਾਹ ਮੁਹੰਮਦ ਨੇ ਵੀ ਪੱਗ ਅਤੇ ਦਾੜ੍ਹੀ ਨੂੰ ਇੱਜ਼ਤ, ਸ਼ਾਨੋ-ਸ਼ੌਕਤ ਅਤੇ ਵੱਡਪਣ ਨਾਲ ਤਸ਼ਬੀਹ ਦੇਂਦਿਆਂ ਸਿੱਖ ਫ਼ੌਜੀਆਂ ਅਤੇ ਸਿੱਖ ਅਵਾਮ ਨੂੰ ਵਾਸਤਾ ਤੇ ਵੰਗਾਰ ਪਾਈ ਸੀ :

"......ਪੱਗਾਂ ਦਾੜ੍ਹੀਆਂ ਦੀ ਰਖਿਓ ਲਾਜ ਯਾਰੋ।"

ਦਾੜ੍ਹੀ ਦਾਨਿਸ਼ਮੰਦ, ਬਜ਼ੁਰਗ, ਸਿਆਣੇ ਹੋਣ ਦੀ ਏਨੀ ਪੱਕੀ ਨਿਸ਼ਾਨੀ ਹੈ ਕਿ ਇਸ ਹਾਲਤ ਵਿਚ ਜੇ ਕਰ ਕੋਈ ਗ਼ਲਤੀ ਕਰੇ ਤਾਂ ਉਸ ਨੂੰ ਇਕ ਦਮ ਵਾਰਨਿੰਗ ਦਿੱਤੀ ਜਾਂਦੀ ਹੈ। ਇਸ ਬਾਰੇ ਪੰਜਾਬੀ ਵਿਚ ਕਈ ਮੁਹਾਵਰੇ ਮਿਲ ਜਾਂਦੇ ਹਨ। ਮਿਸਾਲ ਵਜੋਂ :

"ਉਤੋਂ ਬੀਬੀਆਂ ਦਾੜ੍ਹੀਆਂ ਤੇ ਅੰਦਰੋਂ ਕਾਲੇ ਕਾਂ ॥"

ਜਦੋਂ ਕਿਸੇ ਵਡੇਰੀ ਉਮਰ ਦੇ ਬੰਦੇ ਨੂੰ ਉਸ ਦੀ ਗ਼ਲਤੀ ਤੋਂ ਵਾਕਿਫ਼ ਕਰਵਾਉਣਾ ਹੋਵੇ ਤਾਂ ਇਕੋ ਹੀ ਇਸ਼ਾਰਾ ਕੀਤਾ ਜਾਂਦਾ ਹੈ ਕਿ ਉਹ ਆਪਣੀ ਸਫ਼ੈਦ, ਬੀਬੀ ਦਾੜ੍ਹੀ ਦਾ ਖ਼ਿਆਲ ਰੱਖੇ। ਬੇਇਜ਼ਤੀ ਕਰਵਾਉਣ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਉਹ ਦਾੜ੍ਹੀ ਪੁਟਵਾ ਆਇਆ ਹੈ ਜਾਂ ਉਸ ਨੇ ਦਾੜ੍ਹੀ ਦੀ ਲਾਜ ਨਹੀਂ ਰੱਖੀ ਵਗ਼ੈਰਾ।

ਇਸੇ ਤਰ੍ਹਾਂ ਹੀ ਮੁੱਛ ਮਰਦਾਨਗੀ ਦੀ ਨਿਸ਼ਾਨੀ ਹੈ। ਜੇ ਕਿਸੇ ਦੀ ਬੇਇਜ਼ਤੀ ਕਰਨੀ ਹੋਵੇ ਤਾਂ ਹਿੰਦੂਆਂ ਵਿਚ ਸਭ ਤੋਂ ਭੈੜੀ ਸਜ਼ਾ ਹੈ : ਮੁੱਛਾਂ ਵੱਢ ਦੇਣਾ (ਅੱਜ ਕਲ੍ਹ ਤਾਂ ਹਿੰਦੂਆਂ ਵਿਚ ਸਿਰ ਹੀ ਨਹੀਂ ਬਲਕਿ ਮੁੱਛਾਂ ਵੀ ਗ਼ਾਇਬ ਹਨ। ਹੋਰ ਵੀ ਮਰਦਾਨਗੀ ਦੀਆਂ ਸਾਰੀਆਂ ਨਿਸ਼ਾਨੀਆਂ ਗ਼ਾਇਬ ਹੋਈ ਜਾ ਰਹੀਆਂ ਹਨ।) ਪਰ ਦੂਜੇ ਪਾਸੇ ਮੁੱਛ ਦਾ ਘਟੀਆ ਇਜ਼ਹਾਰ ਗ਼ੈਰ-ਇਖ਼ਲਾਕੀ ਨਿਸ਼ਾਨੀ ਵੀ ਹੈ। ਜਿਹੜਾ ਸ਼ਖ਼ਸ ਮੁੱਛਾਂ ਨੂੰ ਵਧੇਰੇ ਅਕੜਾ ਕੇ ਰੱਖਦਾ ਹੈ ਤੇ ਨਾਲ ਹੀ ਗ਼ੈਰ-ਇਖ਼ਲਾਕੀ ਨੀਅਤ ਦਾ ਦਿਖਾਵਾ ਵੀ ਕਰਦਾ ਹੈ, ਉਸ ਨੂੰ 'ਬਦਮਾਸ਼' ਸਮਝਿਆ ਜਾਂਦਾ ਹੈ। ਅਜਿਹੇ ਤਰੀਕੇ ਨਾਲ ਮੁੱਛਾਂ ਦਾ ਗ਼ੈਰ-ਇਖ਼ਲਾਕੀ ਦਿਖਾਵਾ ਭਾਈਚਾਰੇ ਵਿਚ ਬੁਰੀ ਤਰ੍ਹਾਂ ਨਾ-ਪਸੰਦ ਕੀਤਾ ਜਾਂਦਾ ਹੈ। ਪਰ ਕਿਸੇ ਨੂੰ ਛੇੜਨਾ ਮੁੱਛ ਦੀ ਵੰਗਾਰ ਵਾਂਗ ਮੰਨਿਆ ਜਾਂਦਾ ਹੈ। "ਸ਼ੇਰ ਦੀ ਮੁੱਛ ਨੂੰ ਹੱਥ ਲਾ ਕੇ......" ਕੋਈ ਬਚ ਕੇ ਨਹੀਂ ਜਾ ਸਕਦਾ। ਜੇ ਕਿਸੇ ਨੂੰ ਬਹੁਤ ਨਜ਼ਦੀਕ ਲਿਆ ਕੇ ਉਸ ਨਾਲ ਭਲਾ ਕੀਤਾ ਜਾਵੇ ਤੇ ਉਹ ਅੱਗੋਂ ਦਗ਼ਾ ਕਰੇ ਤਾਂ ਕਿਹਾ ਜਾਂਦਾ ਹੈ ਕਿ ਉਸ ਨੇ "ਕੁੱਛੜ ਬੈਠ ਕੇ ਦਾੜ੍ਹੀ ਪੁੱਟੀ।" ਇੰਜ ਹੀ ਕੋਈ ਬੇਇਜ਼ਤੀ ਕਰਵਾ ਆਏ ਤਾਂ ਆਖਿਆ ਜਾਂਦਾ ਹੈ ਕਿ ਉਹ "ਮੁੱਛ ਨੀਵੀਂ ਕਰਵਾ ਆਇਆ ਹੈ।"

ਦਾੜ੍ਹੀ ਲਫ਼ਜ਼ ਸੰਸਕ੍ਰਿਤ ਦੇ "ਦਾੜ੍ਹਿਕਾ" ਤੋਂ ਆਇਆ ਜਾਪਦਾ ਹੈ। ਇਸ ਨੂੰ ਸੰਸਕ੍ਰਿਤ ਤੋਂ ਪੰਜਾਬੀ, ਹਿੰਦੀ, ਉਰਦੂ ਨੇ ਆਪਣੇ ਸੱਚੇ ਵਿਚ ਢਾਲ ਲਿਆ ਸੀ। ਗੁਰੂ ਨਾਨਕ ਸਾਹਿਬ

ਦੇ ਵੇਲੇ ਤੋਂ ਹੀ ਕੇਸ (ਸਿਰ ਦੇ ਵਾਲ, ਦਾੜ੍ਹੀ, ਮੁੱਛਾਂ ਤੇ ਹੋਰ ਰੋਮ) ਸਿੱਖ-ਜ਼ਿੰਦਗੀ ਦਾ ਇਕ ਅਟੁੱਟ ਹਿੱਸਾ ਰਹੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਇਸ ਨੂੰ ਸਿੱਖ ਦੇ ਵਜੂਦ ਦਾ ਇਕ ਲਾਜ਼ਮੀ ਹਿੱਸਾ ਬਣਾ ਦਿੱਤਾ ਹੈ। ਇਸ ਦੀ ਗ਼ੈਰ-ਮੌਜੂਦਗੀ ਸਿੱਖ ਨੂੰ ਕੌਮੀ ਨੁਮਾਇੰਦਗੀ ਦੀ ਨਿਸ਼ਾਨੀ ਤੋਂ ਮੌਕੂਫ਼ ਕਰ ਦੇਂਦੀ ਹੈ।

ਸਿੱਖਾਂ ਵਿਚ ਦਾੜ੍ਹੀ ਦੀ ਸਹੀ ਪਛਾਣ ਖੁਲ੍ਹੀ-ਦਾੜ੍ਹੀ ਹੀ ਹੈ। ਇਸ ਨੂੰ ਕਈ ਸੱਜਣ "ਪ੍ਰਕਾਸ਼ ਕੀਤੀ ਦਾੜ੍ਹੀ" ਵੀ ਆਖਦੇ ਹਨ। ਉਨ੍ਹੀਵੀਂ ਸਦੀ ਦੇ ਅੱਧ ਤਕ ਤਾਂ ਸਾਰੇ ਸਿੱਖ ਦਾੜ੍ਹੀ ਖੁਲ੍ਹੀ ਹੀ ਰਖਿਆ ਕਰਦੇ ਸੀ। ਸ਼ਾਇਦ ਸਭ ਤੋਂ ਪਹਿਲਾਂ ਰਣਜੀਤ ਸਿੰਘ (ਮਹਾਰਾਜਾ) ਦੇ ਪੁੱਤਰ (ਰਾਜਾ) ਸ਼ੇਰ ਸਿੰਘ ਨੇ ਦਾੜ੍ਹੀ ਬੰਨ੍ਹੀ ਸੀ। ਉਸ ਨੇ ਦਾੜ੍ਹੀ ਨੂੰ ਠੋਡੀ ਤੋਂ ਵਿਚਕਾਰੋਂ ਦੋ ਹਿੱਸੇ ਕਰ ਕੇ ਉਪਰ ਵੱਲ ਕਰ ਕੇ ਬੰਨ੍ਹਿਆ ਸੀ। ਉਸ ਵੱਲੋਂ ਪਾਈ ਗਈ ਇਹ ਪਿਰਤ ਪੰਜਾਹ ਸਾਲ ਤਕ ਤਾਂ ਮਨਜ਼ੂਰ ਨਹੀਂ ਹੋਈ ਸੀ। ਪਰ ਵੀਹਵੀਂ ਸਦੀ ਵਿਚ ਦਾੜ੍ਹੀ ਬੰਨ੍ਹਣ ਦਾ ਰਿਵਾਜ਼ ਵਧੇਰੇ ਹੋ ਗਿਆ ਹੈ। ਅੱਜ ਚੋਖੀ ਤਾਦਾਦ ਵਿਚ ਸਿੱਖ ਦਾੜ੍ਹੀ ਨੂੰ ਹੇਠਾਂ ਨਿੱਕਾ ਜਿਹਾ ਜੂੜਾ ਬਣਾ ਕੇ ਹੇਠੋਂ ਹੀ ਵਾਲਾਂ ਵਿਚ ਦੇ ਲੈਂਦੇ ਹਨ। ਬਹੁਤੇ ਸਾਰੇ ਲੋਕ ਇਸ ਮਕਸਦ ਵਾਸਤੇ ਗੂੰਦ/ਫ਼ਿਕਸੋ (ਫ਼ਿਕਸਰ) ਦਾ ਇਸਤੇਮਾਲ ਕਰਦੇ ਹਨ। ਕਾਫ਼ੀ ਦੇਰ ਤਕ ਤਾਂ ਕਾਲੀ ਜਾਲੀ (ਕਪੜੇ) ਵੀ ਦਾੜ੍ਹੀ ਦੇ ਉਪਰ ਬੰਨ੍ਹੀ ਜਾਂਦੀ ਸੀ। ਦਾੜ੍ਹੀ ਬੰਨ੍ਹਣ ਦਾ ਦੂਜਾ ਅੰਦਾਜ਼ ਕਾਲੀ ਰੱਸੀ ਦਾ ਹੈ। ਇਹ ਛੋਟੀ ਜਿਹੀ ਰੱਸੀ ਦੇ ਦੋਹੀਂ ਪਾਸੀਂ ਸਿਰ ਉੱਤੇ (ਜੂੜੇ ਦੇ ਪਿੱਛੇ) ਗੰਢ ਦੇ ਕੇ ਬੰਨ੍ਹੀ ਜਾਂਦੀ ਹੈ ਅਤੇ ਸਿਲਾਈ (ਜਿਸ ਨੂੰ ਬਾਜ ਜਾਂ ਕਿੱਲੀ ਵੀ ਆਖਦੇ ਹਨ) ਨਾਲ ਵਾਲ ਰੱਸੀ ਦੇ ਪਿੱਛੇ ਤੁੰਨੇ ਜਾਂਦੇ ਹਨ। ਬੰਨ੍ਹੀ ਹੋਈ ਦਾੜ੍ਹੀ ਸਿੱਖ ਦੇ ਸਰੂਪ ਦੀ ਵਧੀਆ ਤਰਜਮਾਨੀ ਨਹੀਂ ਕਰਦੀ।

ਸਿੱਖਾਂ ਵਿਚ ਦਾੜ੍ਹੀ ਕੱਟਣ ਦਾ ਰਿਵਾਜ਼ ਸੌ ਫ਼ੀ-ਸਦੀ ਵੀਹਵੀਂ ਸਦੀ ਦਾ ਹੈ। ਗੁਰੂ ਸਾਹਿਬ ਵੇਲੇ, ਖਾਲਸਾ ਰਾਜ ਵਿਚ, ਰਣਜੀਤ ਸਿੰਘ ਦੀ ਹਕੂਮਤ ਵੇਲੇ ਤੇ ਅੰਗਰੇਜ਼ੀ ਸਰਕਾਰ ਵੇਲੇ, ਸਿੱਖ ਦਾੜ੍ਹੀ-ਕੇਸਾਂ ਦੀ ਬੇਅਦਬੀ ਨਹੀਂ ਕਰਿਆ ਕਰਦੇ ਸੀ। ੧੯੪੭ ਤੋਂ ਮਗਰੋਂ ਹਿੰਦੂ ਹਾਕਮਾਂ ਨੇ ਦਾੜ੍ਹੀ ਕੁਤਰਨ ਵਾਲੇ ਅਤੇ ਹੋਰ ਪਤਿਤਾਂ ਦੀ ਖ਼ਾਸ ਹੌਸਲਾ-ਅਫ਼ਜ਼ਾਈ ਕਰਨੀ ਸ਼ੁਰੂ ਕੀਤੀ ਤੇ ਸਾਬਤ ਕੇਸ-ਦਾੜ੍ਹੀ ਵਾਲਾ ਸਿੱਖ ਬੁਰੀ ਤਰ੍ਹਾਂ ਰੱਦ ਕੀਤਾ ਜਾਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਦਸਤਾਰ, ਕੇਸ, ਦਾੜ੍ਹੀ ਤੇ ਮੁੱਛਾਂ ਜਲਾਵਤਨ ਹੋਣ ਲੱਗ ਪਈਆਂ। ਛੋਟੇ ਮੋਟੇ ਲਾਲਚ, ਕਮਜ਼ੋਰੀ ਤੇ ਦੰਭ ਨੇ ਸਿੱਖਾਂ ਵਿਚੋਂ ਸਿੱਖੀ ਖ਼ਤਮ ਕਰ ਦਿੱਤੀ। ਅੰਦਰੂਨੀ ਦੇ ਨਾਲ-ਨਾਲ ਬਾਹਰਲੀ ਸ਼ਕਲ ਵੀ ਖ਼ਤਮ ਹੋਣੀ ਸ਼ੁਰੂ ਹੋ ਗਈ। ਪਰਦੇਸਾਂ ਵਿਚ ਕੇਸ-ਦਾੜ੍ਹੀ ਏਨੀ ਬੁਰੀ ਤਰ੍ਹਾਂ ਕਤਲ ਹੋਣੇ ਸ਼ੁਰੂ ਹੋ ਗਏ ਕਿ ਕਈ ਮੌਕਿਆਂ ਤੇ ਤਾਂ ਮਹੀਨਿਆਂ ਬੱਧੀ ਵੱਡੇ-ਵੱਡੇ ਸ਼ਹਿਰਾਂ ਵਿਚ ਦਸਤਾਰ ਨਜ਼ਰ ਨਹੀਂ ਸੀ ਆਉਂਦੀ। ਹੋਰ ਤਾਂ ਹੋਰ ਕਨੇਡਾ, ਅਮਰੀਕਾ ਤੇ ਇੰਗਲੈਂਡ ਦੇ ਗੁਰਦੁਆਰਿਆਂ ਵਿਚ ਵੱਡੇ ਗੁਰਪੁਰਬਾਂ ਤੇ ਵੀ ਪੰਜ ਦਸਤਾਰਾਂ ਨਜ਼ਰ ਨਹੀਂ ਸੀ ਆਉਂਦੀਆਂ (ਅਖ਼ੀਰ ੧੯੭੦ ਦੇ, ਤੇ ਖ਼ਾਸ ਕਰ ਕੇ ੧੯੮੪ ਦੇ, ਘੱਲੂਘਾਰੇ ਨੇ ਸਿੱਖਾਂ ਨੂੰ ਹਲੂਣਿਆਂ ਤੇ ਉਹ ਆਪਣੇ ਘਰੀਂ ਮੁੜੇ)।

ਦਾੜ੍ਹੀ-ਮੁੱਛਾਂ ਨੂੰ ਕਾਲਾ ਰੰਗ ਕਰਨ ਦੀ ਅ-ਸਿੱਖ ਪਿਰਤ ਵੀ ਕਮਜ਼ੋਰ ਸਿੱਖਾਂ ਵਿਚ

ਆਉਣੀ ਸ਼ੁਰੂ ਹੋ ਗਈ ਸੀ। ਪਰ ਹੁਣ ਕਾਫ਼ੀ ਹੱਦ ਤਕ ਘਟ ਰਹੀ ਹੈ। ਕਲਫ਼, ਖ਼ਿਜਾਬ, ਡਾਈ ਦੇ ਇਸਤੇਮਾਲ ਦੀ ਆਦਤ ਉਨ੍ਹਾਂ ਕਮਜ਼ੋਰ ਬੰਦਿਆਂ ਵਿਚ ਹੈ, ਜੋ ਆਪਣੀ 'ਦਿਖਾਵੇ ਦੀ ਜਵਾਨੀ' ਕਾਇਮ ਰੱਖਣਾ ਚਾਹੁੰਦੇ ਹਨ। ਹਾਲਾਂ ਕਿ ਜਵਾਨੀ, ਤਾਕਤ, ਸਿਹਤ, ਤੰਦਰੁਸਤੀ ਵਾਲਾਂ ਦੇ ਰੰਗ ਵਿਚ ਨਹੀਂ ਹੁੰਦੀ ਪਰ ਫਿਰ ਵੀ ਕੁਝ ਭੋਲੇ ਲੋਕਾਂ ਨੂੰ ਵਹਿਮ ਹੁੰਦਾ ਹੈ ਅਤੇ ਉਹ ਅ-ਸਿੱਖ ਪਿਰਤ ਅਪਣਾ ਲੈਂਦੇ ਹਨ।

ਇਸੇ ਤਰ੍ਹਾਂ ਹੀ ਕੁਝ ਕੱਚੇ ਸਿੱਖਾਂ ਵਿਚ ਬੱਗੇ (ਚਿੱਟੇ) ਵਾਲ ਚੁਗਣ ਦਾ ਰਿਵਾਜ ਵੀ ਪਾਇਆ ਜਾਂਦਾ ਹੈ। ਵਾਲ ਰੰਗਣ ਵਾਂਗ, ਬੱਗੇ ਚੁਗਣਾ ਵੀ ਕਮਜ਼ੋਰੀ ਦੀ ਨਿਸ਼ਾਨੀ ਹੈ। ਇਹ ਕਮਜ਼ੋਰ ਸੱਜਣ ਉਮਰ ਦੇ ਵਧਣ ਦੀਆਂ ਨਿਸ਼ਾਨੀਆਂ ਲੁਕਾਉਣਾ ਚਾਹੁੰਦੇ ਹਨ ਤੇ ਬਹਾਦਰੀ ਨਾਲ "ਵਡੇਰਾ" ਹੋਣਾ ਮੰਨਣ ਵਾਸਤੇ ਤਿਆਰ ਨਹੀਂ ਹਨ। ਹਾਲਾਂ ਕਿ ਕਈ ਵਾਰੀ ਤਾਂ ਬਹੁਤ ਛੋਟੀ ਉਮਰ ਵਿਚ ਵੀ ਵਾਲ ਚਿੱਟੇ ਹੋਣ ਲੱਗ ਪੈਂਦੇ ਹਨ। ਸਿੱਖ ਰਹਿਤ ਮਰਿਆਦਾ ਮੁਤਾਬਿਕ ਕੇਸ-ਦਾੜ੍ਹੀ ਰੰਗਣ ਅਤੇ ਬੱਗੇ ਵਾਲ ਚੁਨਣ ਵਾਲਾ ਤਨਖ਼ਾਹੀਆ ਹੈ।

ਦਾੜ੍ਹੀ ਮੁੱਛਾਂ ਬਾਰੇ ਇਕ ਲੇਖਕ ਨੇ ਆਖਿਆ ਸੀ ਕਿ ਉਸ ਨੂੰ ਸਭ ਤੋਂ ਸੋਹਣੀ ਸ਼ਕਲ "ਦਾੜ੍ਹੀ ਵਾਲੇ ਸਿੱਖ ਦੀ ਲੱਗਦੀ ਹੈ।" ਇੰਞ ਉਹ ਸਭ ਤੋਂ ਬਦਸੂਰਤ ਚਿਹਰਾ ਉਹ ਮੰਨਦਾ ਹੈ "ਜਿਸ ਸਿੱਖ ਨੇ ਦਾੜ੍ਹੀ ਕੇਸਾਂ ਦੀ ਬੇਅਦਬੀ ਕੀਤੀ ਹੋਵੇ।"

ਜਿਥੇ ਦਾੜ੍ਹੀ ਸਿੱਖ ਵਾਸਤੇ ਮਜ਼ਹਬੀ ਜ਼ਰੂਰਤ ਹੈ ਤੇ ਪੰਜਾਬ ਦੇ ਕਲਚਰ ਵਿਚ ਦਾਨਾਪਣ, ਬਜ਼ੁਰਗੀ ਦੀ ਨਿਸ਼ਾਨੀ ਹੈ, ਉਥੇ ਹੋਰ ਮਜ਼ਹਬਾਂ ਤੇ ਕਲਚਰ ਵਿਚ ਵੀ ਇਹ ਇਜ਼ਤ ਤੇ ਦਾਨਿਸ਼ਮੰਦਗੀ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਤਕਰੀਬਨ ਹਰ ਮਜ਼ਹਬੀ ਆਗੂ ਕੇਸ, ਦਾੜ੍ਹੀ ਤੇ ਮੁੱਛਾਂ ਨੂੰ ਕੱਟਣ ਤੋਂ ਗੁਰੇਜ਼ ਕਰਦਾ ਸੀ। ਹਜ਼ਰਤ ਮੂਸਾ, ਹਜ਼ਰਤ ਈਸਾ, ਹਜ਼ਰਤ ਮੁਹੰਮਦ, ਹਿੰਦੂ ਰਿਸ਼ੀ ਮੁਨੀ ਸਾਰੇ ਹੀ ਕੇਸ, ਦਾੜ੍ਹੀ ਤੇ ਮੁੱਛਾਂ ਰੱਖਦੇ ਸਨ। ਇਸ ਤੋਂ ਇਲਾਵਾ ਫ਼ਿਲਾਸਫ਼ਰ ਸੁਕਰਾਤ, ਪਲੈਟੋ, ਅਰਸਤੂ, ਨਿਊਟਨ, ਅਦੀਬਾਂ ਵਿਚੋਂ ਰਾਬਿੰਦਰ ਨਾਥ ਟੈਗੋਰ, ਸ਼ੇਕਸਪੀਅਰ, ਵਾਲਟ ਵਿਟਮੈਨ, ਹੈਨਟੀ ਡਵਿਡ ਥੋਰੋ, ਸਿਆਸੀ ਆਗੂਆਂ ਵਿਚੋਂ ਅਬਰਾਹਮ ਲਿੰਕਨ ਤੇ ਹੋਰ ਕਈ ਦਾੜ੍ਹੀ ਤੇ ਮੁੱਛਾਂ ਰੱਖਦੇ ਸਨ।

ਇਸਲਾਮ, ਇਸਾਈਅਤ ਅਤੇ ਮਗ਼ਰਬੀ ਤਹਿਜ਼ੀਬ ਵਿਚ ਆਮ ਕਰ ਕੇ ਵੀ, ਦਾੜ੍ਹੀ ਤੇ ਮੁੱਛਾਂ ਦੀ ਬਹੁਤ ਅਹਿਮੀਅਤ ਰਹੀ ਹੈ। ਇਸਾਈਅਤ ਤੇ ਇਸਲਾਮ ਮੁਤਾਬਿਕ ਦੁਨੀਆਂ ਤੇ ਪਹਿਲਾ ਬੰਦਾ, ਆਦਮ, ਦਾੜ੍ਹੀ ਤੇ ਮੁੱਛਾਂ ਵਾਲਾ ਸੀ। ਮਿਸਰ ਵਿਚ ਹਜ਼ਾਰਾਂ ਸਾਲਾਂ ਤਕ ਦਾੜ੍ਹੀ ਤੇ ਮੁੱਛਾਂ ਕੱਟਣਾ ਤਹਿਜ਼ੀਬ ਦੇ ਖ਼ਿਲਾਫ਼ ਮੰਨਿਆ ਜਾਂਦਾ ਰਿਹਾ ਸੀ। ਇਸ ਤਰ੍ਹਾਂ ਮੈਸੋਪੋਟਾਮੀਆ, ਪਰਸ਼ੀਆ, ਤੁਰਕੀ, ਯੂਨਾਨ ਦੀ ਤਹਿਜ਼ੀਬ ਵਿਚ ਵੀ ਦਾੜ੍ਹੀ-ਮੁੱਛਾਂ ਕੱਟਣਾ ਤਹਿਜ਼ੀਬ ਦੇ ਉਲਟ ਮੰਨਿਆ ਜਾਂਦਾ ਸੀ। ਤੁਰਕੀ ਲੋਕ ਜਦੋਂ ਕੋਈ ਗ਼ੁਲਾਮ ਫੜਦੇ ਸਨ ਤਾਂ ਉਸ ਦੇ ਕੇਸ-ਦਾੜ੍ਹੀ ਮੁੰਨ ਦੇਂਦੇ ਸਨ। ਇਕ ਗ਼ੁਲਾਮ ਨੂੰ ਦਾੜ੍ਹੀ-ਮੁੱਛਾਂ ਰੱਖਣ ਦਾ ਹੱਕ ਨਹੀਂ ਹੁੰਦਾ ਸੀ। ਦਾੜ੍ਹੀ-ਮੁੱਛਾਂ ਕੱਟਣ ਦਾ ਮਤਲਬ ਹੀ ਇਹੀ ਸੀ ਕਿ ਉਹ ਗ਼ੁਲਾਮ ਹੈ। ਹਿੰਦੂਆਂ ਵਿਚ ਵੀ ਕੇਸ, ਦਾੜ੍ਹੀ, ਮੁੱਛਾਂ ਮੁੰਨਣਾ ਇਕ ਸਜ਼ਾ ਸੀ।

ਯੂਨਾਨ ਵਿਚ ੩੨੩ ਓ. ਇ. ਤਕ ਸਾਰੇ ਲੋਕ ਦਾੜ੍ਹੀ-ਮੁੱਛਾਂ ਰੱਖਦੇ ਸੀ। ਸਿਕੰਦਰ

ਨੇ ਇਸ ਵਹਿਮ ਵਿਚ ਕਿ ਦਾੜ੍ਹੀ-ਕੇਸ ਜੰਗ 'ਚ ਰੁਕਾਵਟ ਨਾ ਬਣ ਜਾਣ, ਫ਼ੌਜਾਂ ਵਿਚ ਦਾੜ੍ਹੀ ਕੇਸ ਕੱਟਣ ਦੇ ਹੁਕਮ ਜਾਰੀ ਕਰ ਦਿੱਤੇ। (ਉਂਵ ਸਿੱਖਾਂ ਨੇ ਸਿਕੰਦਰ ਦੀ ਸੋਚ ਨੂੰ ਗ਼ਲਤ ਸਾਬਿਤ ਕਰ ਦਿੱਤਾ ਤੇ ਸਗੋਂ ਇਹ ਸਾਬਿਤ ਕੀਤਾ ਕਿ ਸਿੱਖੀ ਵਿਚ ਪੱਕਾ ਬੰਦਾ ਵਧੇਰੇ ਡੱਟ ਕੇ ਲੜਦਾ ਹੈ।)

ਬਰਤਾਨਵੀਂ ਤਵਾਰੀਖ਼ ਵਿਚ ਵੀ ਦਾੜ੍ਹੀ-ਕੇਸ ਅਹਿਮੀਅਤ ਵਾਲੀ ਗੱਲ ਸਨ। ਬਾਰ੍ਹਵੀਂ ਸਦੀ ਦੇ ਪਹਿਲੇ ਅੱਧ ਤਕ ਸਾਰੇ ਬਾਦਸ਼ਾਹ ਦਾੜ੍ਹੀ-ਕੇਸ ਰਖਿਆ ਕਰਦੇ ਸਨ। ਹੈਨਰੀ ਪਹਿਲਾ (੧੧੫੪-੮੯) ਪਹਿਲਾ ਮੋਨਾ ਬਾਦਸ਼ਾਹ ਸੀ। ਪਰ ਹੈਨਰੀ ਤੀਜਾ (੧੨੧੬-੭੨) ਨੇ ਦੋਬਾਰਾ ਇਹ ਪਿਰਤ ਸ਼ੁਰੂ ਕਰ ਲਈ ਸੀ। ਇਸ ਤੋਂ ਬਾਅਦ ੧੩੭੭ ਵਿਚ ਐਡਵਰਡ ਤੀਜੇ ਦੀ ਮੌਤ ਤੋਂ ਮਗਰੋਂ ੧੭੦੦ ਤੋਂ ੧੯੦੦ ਤਕ ਬਰਤਾਨਵੀਂ ਤਖ਼ਤ ਫੇਰ ਮੁੱਛਾਂ-ਦਾੜ੍ਹੀ ਤੋਂ ਸੱਖਣਾ ਸੀ। ਉੱਨੀਵੀਂ ਸਦੀ 'ਚ ਟਾਵਾਂ-ਟਾਵਾਂ ਬਾਦਸ਼ਾਹ ਮੁੱਛਾਂ ਰੱਖਣ ਲੱਗ ਪਿਆ ਸੀ ਤੇ ਵੀਹਵੀਂ ਸਦੀ ਵਿਚ ਉਹ ਵੀ ਗ਼ਾਇਬ ਹੀ ਹੋ ਗਈਆਂ ਹਨ।

ਬਰਤਾਨੀਆਂ ਦੇ ਇਸ ਟੱਬਰ ਦੇ ਗੱਦੀਦਾਰਾਂ ਤੋਂ ਪਹਿਲਾਂ ਸਤਵੀਂ ਸਦੀ ਤਕ ਐਂਗਲੋ-ਸੈਕਸਨ ਲੋਕੀਂ ਵੀ ਮੁੱਛਾਂ ਵਗ਼ੈਰਾ ਰਖਿਆ ਕਰਦੇ ਸੀ। ਵਿਲੀਅਮ ਪਹਿਲੇ ਨੇ ਉਨ੍ਹਾਂ ਦੇ ਚਿਹਰੇ ਮੁੰਨਣ ਦਾ ਹੁਕਮ ਜਾਰੀ ਕੀਤਾ ਸੀ।

ਰੂਸ ਵਿਚ ਦਾੜ੍ਹੀ ਮੁੱਛਾਂ ਬਾਰੇ ਦਿਲਚਸਪ ਤਵਾਰੀਖ਼ ਮਿਲਦੀ ਹੈ। ਰੂਸ ਦੇ "ਪੀਟਰ ਦਾ ਗਰੇਟ" ਬਾਦਸ਼ਾਹ ਨੇ ੧੭੦੫ ਵਿਚ ਦਾੜ੍ਹੀ ਰੱਖਣ ਤੇ ਟੈਕਸ ਲਾ ਦਿੱਤਾ ਸੀ। ਇਹ ਟੈਕਸ ਕਾਫ਼ੀ ਸਾਲਾਂ ਮਗਰੋਂ ਰਾਣੀ ਕੈਥਰੀਨ ਨੇ ਖ਼ਤਮ ਕੀਤਾ ਸੀ।

ਮਗ਼ਰਬ ਵਿਚ ਦਾੜ੍ਹੀ ਪਾਕੀਜ਼ਗੀ ਦੀ ਨਿਸ਼ਾਨੀ ਹੈ। ਦਾੜ੍ਹੀ ਦੀ ਕਸਮ ਖਾਣ ਵਾਲਾ ਬੰਦਾ ਆਮ ਤੌਰ ਤੇ ਸੱਚਾ ਮੰਨਿਆ ਜਾਂਦਾ ਹੈ। ਜਦੋਂ ਕਿਸੇ ਨੇ ਆਪਣੇ ਸੱਚ ਦਾ ਯਕੀਨ ਦਿਵਾਉਣਾ ਹੋਵੇ ਤਾਂ ਉਹ ਆਖਦਾ ਹੈ, "ਆਈ ਸਵਿਅਰ ਬਾਈ ਮਾਈ ਚਿਨ" ਏਥੇ "ਚਿਨ" ਠੋਡੀ ਨਹੀਂ ਬਲਕਿ ਦਾੜ੍ਹੀ ਵਾਸਤੇ ਵਰਤਿਆ ਗਿਆ ਹੈ।

ਮਗ਼ਰਬ ਵਿਚ ਦਾੜ੍ਹੀ-ਮੁੱਛਾਂ ਪੂਰੀ ਮਰਦਾਨਗੀ ਦੀ ਨਿਸ਼ਾਨੀ ਹਨ। ਇਕ ਖੋਦਾ ਜਾਂ ਅਣਦਾੜ੍ਹੀਆ ਬੰਦਾ ਪੂਰੇ ਯਕੀਨ ਦੇ ਕਾਬਿਲ ਨਹੀਂ ਮੰਨਿਆ ਜਾਂਦਾ ਸੀ। ਇੰਵ ਹੀ ਮਗ਼ਰਬ ਦੇ ਲੋਕ ਦਾੜ੍ਹੀ-ਮੁੱਛਾਂ ਵਾਲੀ ਔਰਤ ਨੂੰ ਜਾਦੂਗਰਨੀ ਤੇ ਚੁੜੇਲ ਮੰਨਦੇ ਹੁੰਦੇ ਸਨ। ਹੁਣ ਇਹ ਸੋਚ ਬਦਲ ਚੁੱਕੀ ਹੈ। ਸਿੱਖ ਮਜ਼ਹਬ ਵਿਚ ਇਹੋ ਜਿਹਾ ਵਹਿਮ ਕਦੇ ਵੀ ਨਹੀਂ ਰਿਹਾ, ਕਿਉਂਕਿ ਔਰਤ ਦੇ ਦਾੜ੍ਹੀ ਮੁੱਛਾਂ ਹੋਣ ਨੂੰ ਹਾਰਮੋਨਜ਼ ਦਾ ਮਸਲਾ ਮੰਨਿਆ ਜਾਂਦਾ ਹੈ।

ਦਾੜ੍ਹੀ ਮੁੱਛਾਂ ਸਿੱਖਾਂ ਵਿਚ ਨਾ-ਸਮਝੌਤਾ ਹੋ ਸਕਣ ਵਾਲੀ ਜ਼ਰੂਰਤ ਹਨ, ਉਹ ਅਖ਼ਤਿਆਰੀ ਨਹੀਂ ਹਨ। ਸਿੱਖ ਤਾਂ ਹੀ ਅਖਵਾਇਆ ਜਾ ਸਕਦਾ ਹੈ ਜੇ ਬਾਹਰੀ ਸਰੂਪ ਵਿਚ ਵੀ. ਕੇਸ, ਦਾੜ੍ਹੀ-ਮੁੱਛਾਂ ਤੇ ਦਸਤਾਰ ਹੋਵੇ ਤੇ ਅੰਮ੍ਰਿਤ ਛੱਕਣ ਮਗਰੋਂ ਪੂਰੇ ਪੰਜ ਕਕਾਰ ਤੇ ਪੂਰੀ ਰਹਿਤ ਵੀ ਹੋਵੇ। ਦਾੜ੍ਹੀ ਬਾਰੇ ਪੰਜਾਬੀ ਬਾਰੇ ਕਈ ਨਜ਼ਮਾਂ ਵੀ ਮਿਲਦੀਆਂ ਹਨ। ਜਦੋਂ ਅੰਗਰੇਜ਼ਾਂ ਨੇ ਫ਼ੌਜ 'ਚ ਖੁਲ੍ਹੀ ਦਾੜ੍ਹੀ ਤੇ ਪਾਬੰਦੀ ਲਾਈ ਤਾਂ ਇਹ ਨਜ਼ਮ ਬੜੀ ਮਸ਼ਹੂਰ ਹੋਈ ਸੀ :

"ਖੁਲ੍ਹੇ ਦਾੜ੍ਹੇ ਨੂੰ ਜੁਰਮ ਬਣਾਉਣ ਲੱਗੇ"

ਅੱਜ ਵੀ ਭਾਰਤੀ ਫ਼ੌਜ 'ਚ ਖੁਲ੍ਹੀ ਦਾੜ੍ਹੀ ਅਣਐਲਾਨਿਆ "ਜੁਰਮ" ਹੈ। ਹਿੰਦੂਆਂ ਵਿਚ ਜਦੋਂ ਕਿਸੇ ਘਰ 'ਚ ਵੱਡਾ ਵਡੇਰਾ ਮਰ ਜਾਏ ਤਾਂ ਉਸ ਦਾ ਸਿਰ ਮੂੰਹ ਮੁੰਨ ਦਿੱਤਾ ਜਾਂਦਾ ਹੈ। ਇੰਝ ਹੀ ਅਸਲ ਹਿੰਦੁਸਤਾਨ (ਯਾਨਿ 'ਯੂ. ਪੀ., ਐਮ. ਪੀ. ਬਿਹਾਰ, ਕੁਝ ਰਾਜਿਸਥਾਨ ਤੇ ਹਰਿਆਣਾ) ਵਿਚ ਜਦੋਂ ਕੋਈ ਕੁਕਰਮ ਕਰੇ ਤਾਂ ਉਸ ਦਾ ਸਿਰ ਮੂੰਹ ਮੁੰਨ ਕੇ ਪਿੰਡੋਂ ਕੱਢ ਦਿੱਤਾ ਜਾਂਦਾ ਹੈ ਜਾਂ ਜਲੂਸ ਕੱਢਿਆ ਜਾਂਦਾ ਹੈ। ਪੁਰਾਣੇ ਵਕਤ ਵਿਚ ਵੀ ਹਿੰਦੂ ਦਾ ਸਿਰ ਮੁੰਨਣ ਨੂੰ ਸਿਰ ਵੱਢਣ ਦੀ ਸਜ਼ਾ ਦੇ ਤੁਲ ਸਮਝਿਆ ਜਾਂਦਾ ਸੀ।

ਦਾੜ੍ਹੀ-ਮੁੱਛਾਂ ਦਾਨਿਸ਼ਮੰਦ ਹੋਣ, ਇੱਜ਼ਤ, ਬਜ਼ੁਰਗੀ, ਸਿਆਣਪ ਦੀ ਨਿਸ਼ਾਨੀ ਹਨ ਤੇ ਇਸ ਦੀ ਗ਼ੈਰ-ਮੌਜੂਦਗੀ ਇਕ ਕਮਜ਼ੋਰੀ ਤੇ ਇਕ ਕਮੀ ਦਾ ਇਜ਼ਹਾਰ ਹੈ ਤੇ ਇਹ ਗ਼ੁਲਾਮੀ ਕਬੂਲਣ ਦੀ ਨਿਸ਼ਾਨੀ ਹੈ।

ਸਿੱਖ ਤਵਾਰੀਖ਼ ਵਿਚ ਭਾਈ ਸੰਗਤ ਸਿੰਘ (ਭਾਈ ਫੇਰੂ) ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਸੱਚੀ ਦਾੜ੍ਹੀ" ਦਾ ਖ਼ਿਤਾਬ ਦਿੱਤਾ ਹੋਇਆ ਸੀ ਕਿਉਂਕਿ ਉਹ ਬਹੁਤ ਸੇਵਾ-ਭਾਵ ਅਤੇ ਈਮਾਨਦਾਰੀ ਵਾਲੇ ਸੱਚੇ-ਸੁਚੇ ਸਿੱਖ ਸਨ, ਯਾਨਿ ਸੱਚੀ ਦਾੜ੍ਹੀ ਤੇ ਸੱਚੇ ਸਿੱਖ ਵਿਚ ਡੂੰਘੀ ਸਾਂਝ ਹੈ।

✡ ✡ ✡

ਸਿੱਖ ਫ਼ਲਸਫ਼ੇ ਵਿਚ ਵਿਆਹ ਅਤੇ ਤਲਾਕ

ਸਿੱਖੀ ਅਮਲੀ ਜ਼ਿੰਦਗੀ ਦਾ ਮਜ਼ਹਬ ਹੈ। ਨਾ ਤਾਂ ਇਹ ਦਿਖਾਵੇ ਦੇ ਕਰਮ-ਕਾਂਡ, ਪਾਖੰਡ ਦਾ ਧਰਮ ਹੈ ਅਤੇ ਨਾ ਹੀ ਇਹ ਦਿਸਦੀ ਦੁਨੀਆਂ ਦੇ ਤਿਆਗ ਦਾ ਧਰਮ ਹੈ। ਇਸ ਧਰਮ ਦੀ ਅਮਲੀ ਜ਼ਿੰਦਗੀ ਨਾਲ ਇਕਸੁਰਤਾ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਵਾਰ ਗੂਜਰੀ ਵਿਚ ਇੰਞ ਬਿਆਨ ਕੀਤਾ ਹੈ :

ਹਸੰਦਿਆ, ਖੇਲੰਦਿਆ, ਪੈਨੰਦਿਆ,
ਖਾਵੰਦਿਆ, ਵਿਚੇ ਹੋਵੈ ਮੁਕਤਿ ॥

(ਸ.ਫ਼ਾ ੫੨੨)

ਗੁਰੂ ਸਾਹਿਬਾਨ ਨੇ ਸਿੱਖ ਨੂੰ ਜਿਸਮ ਦੀ ਕਾਰ ਤਿਆਗਣ ਤੋਂ ਰੋਕਿਆ ਹੈ। ਉਹ ਜਿਸਮ ਦੀ ਜ਼ਰੂਰਤ, ਮਜਬੂਰੀ, ਕਾਰਵਾਈ, ਮਕਸਦ ਨੂੰ ਸਮਝਾਂਦੇ ਹਨ ਤੇ ਇਸ ਦੇ ਕੁਦਰਤੀ ਰਾਹ ਤੋਂ ਹਟਣ ਦਾ ਨਤੀਜਾ ਵੀ ਦਸਦੇ ਹਨ। ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਕੁਦਰਤ ਦਾ ਰਾਹ ਨ ਛੱਡਣ ਵਾਸਤੇ ਇਸ਼ਾਰਾ ਕੀਤਾ ਹੈ :

ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥

(ਸ.ਫ਼ਾ ੪੭੧)

ਗੁਰੂ ਸਾਹਿਬ ਸਾਰੀਆਂ ਇਨਸਾਨੀ ਕਾਰਵਾਈਆਂ ਵਿਚੋਂ "ਸਗਲ ਧਰਮ ਮਹਿ ਗ੍ਰਿਹਸਤ ਪਰਧਾਨ" ਆਖਦੇ ਹਨ। ਪਰ ਇਸ ਦੇ ਨਾਲ ਹੀ ਉਹ ਇਖ਼ਲਾਕ ਤੇ ਜ਼ੋਰ ਦੇਂਦੇ ਹਨ :

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।

(ਭਾਈ ਗੁਰਦਾਸ)

ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤਰੀ ਕੋ ਮਾਤ ਬਖਾਨੈ ।
ਆਪਨਿ ਇਸਤਰੀ ਸੋਂ ਰਤਿ ਹੋਈ। ਰਹਤਵੰਤ ਸਿੰਘ ਹੈ ਸੋਈ ।

(ਰਹਿਤਨਾਮਾ ਦੇਸਾ ਸਿੰਘ)

ਬਿਨਾ ਅਨਦ ਵਿਆਹ ਕੇ ਭੁਗਤੇ ਪਰ ਕੀ ਜੋਇ......
ਮੇਰਾ ਸਿੱਖ ਨਾ ਸੋਇ ॥

(ਰਹਿਤਮਾਲ)

ਗ੍ਰਿਹਸਤ ਸਿੱਖੀ ਦੇ ਰਾਹ ਵਿਚ ਰੁਕਾਵਟ ਨਹੀਂ ਬਲਕਿ ਸਹੂਲਤ ਹੈ। ਸਗੋਂ ਸਿੱਖੀ ਵਿਚ ਗ੍ਰਿਹਸਤੀ ਹੀ ਸੱਚਾ ਸਿੱਖ ਹੈ ਅਤੇ ਜੀਵਨ-ਮੋਖ ਹਾਸਿਲ ਕਰਨ ਦਾ ਵਧੀਆ ਪਾਂਧੀ ਹੈ :

ਵਿਚੇ ਗਿਰਹ ਉਦਾਸ

(ਸਫ਼ਾ ੧੨੪੯)

ਇਸੁ ਭੇਖੈ ਥਾਵਹੁ ਗਿਰਹੋ ਭਲਾ

(ਸਫ਼ਾ ੫੮੭)

ਇੰਵ ਹੀ ਰਿਸ਼ਤਿਆਂ ਬਾਰੇ ਵੀ ਗੁਰਬਾਣੀ ਦਸਦੀ ਹੈ ਕਿ ਇਹ ਸਭ ਵਾਹਿਗੁਰੂ ਦੇ ਮਿੱਥੇ ਹੋਏ ਹਨ। ਰਿਸ਼ਤਾ ਸੰਜੋਗ ਹੈ ਤੇ ਧੁਰੋਂ (ਜਨਮ ਤੋਂ ਪਹਿਲਾਂ ਤੋਂ ਹੀ) ਲਿਖਿਆ ਹੋਇਆ ਹੈ:

ਮਾਤ, ਪਿਤਾ, ਬਨਿਤਾ, ਸੁਤ, ਬੰਧਪ, ਇਸਟ, ਮੀਤ, ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥

(ਸਫ਼ਾ ੭੦੦)

ਸਿੱਖ ਫ਼ਲਸਫ਼ੇ ਵਿਚ ਵਿਆਹ ਮਗ਼ਰਬੀ ਫ਼ਲਸਫ਼ੇ ਤੋਂ ਵੱਖਰਾ ਹੈ। ਪੱਛਮ ਵਿਚ ਵਿਆਹ ਇਕ ਸਮਝੌਤਾ ਹੈ, ਚੋਣ ਹੈ, ਠੇਕਾ ਹੈ। ਹਾਲਾਂ ਕਿ ਈਸਾਈ (ਕੈਥੋਲਿਕ) ਵੀ ਵਿਆਹ ਨੂੰ ਇਕ ਪਵਿੱਤਰ ਮੇਲ, ਰੂਹਾਨੀ ਮਿਲਾਪ, ਮੰਨਦੇ ਹਨ ਅਤੇ ਉਨ੍ਹਾਂ ਵਿਚ ਤਲਾਕ ਧਾਰਮਿਕ ਤੌਰ ਤੇ ਮਨਜ਼ੂਰ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਜਿਉਂ-ਜਿਉਂ ਉਹ ਵੀ ਧਰਮ ਤੋਂ ਦੂਰ ਹੋ ਰਹੇ ਹਨ, ਉਨ੍ਹਾਂ ਵਿਚ ਇਨਸਾਨੀਅਤ, ਧਰਮ, ਅਸੂਲ, ਭਲਾਈ, ਜਮ੍ਹਾਂ-ਸੋਚ ਘੱਟਦੀ ਜਾ ਰਹੀ ਹੈ। ਨਫ਼ੀ ਸੋਚ ਵਿਚ ਨਿਜ, ਐਸ਼, ਗ਼ਰੂਰ, ਲਾਲਚ, ਖ਼ੁਦਗ਼ਰਜ਼ੀ ਦਾ ਵਾਧਾ ਹੋ ਰਿਹਾ ਹੈ। ਨਫ਼ੀ ਸੋਚ ਦਾ ਅਖ਼ੀਰ ਤਾਂ ਹੁੰਦਾ ਹੀ ਨਹੀਂ। ਇਹ ਨਫ਼ੀ ਸੋਚ ਰੂਹਾਨੀ ਅਤੇ ਜਿਸਮਾਨੀ ਬੀਮਾਰੀਆਂ ਪੈਦਾ ਕਰਦੀ ਹੈ। ਸੈਕਸ ਦੀਆਂ ਨਵੀਆਂ ਲਾਇਲਾਜ ਬੀਮਾਰੀਆਂ (ਏਡਜ਼ ਵਗ਼ੈਰਾ), ਬਲੱਡ ਪਰੈਸ਼ਰ, ਬਰੇਨ ਹੈਮਰੇਜ, ਹਾਰਟ ਅਟੈਕ, ਕੈਂਸਰ, ਨਾਸੂਰ ਇਹ ਸਾਰਾ ਕੁਝ ਅੱਯਾਸ਼ੀ, ਸੈਕਸ, ਨਸ਼ੇ, ਤੰਬਾਕੂ ਡਰੱਗਜ਼ ਦੀ ਹੀ ਦੇਣ ਹੈ। ਸਿੱਖ ਧਰਮ ਇਨਸਾਨ ਨੂੰ ਇਸ ਤੋਂ ਬਚਣ ਤੇ ਅਮਲੀ ਜ਼ਿੰਦਗੀ ਜੀਣ ਦਾ ਰਾਹ ਦਸਦਾ ਹੈ।

ਸਿੱਖ ਧਰਮ ਵਿਚ, ਮਰਦ-ਔਰਤ ਦੇ ਰਿਸ਼ਤੇ ਵਿਚ, ਜਿਸਮ ਨੂੰ ਰੱਦ ਨਹੀਂ ਕੀਤਾ ਗਿਆ, ਪਰ ਇਸ ਵਿਚ ਹੀ ਗ਼ਲਤਾਨ ਹੋਣ ਤੋਂ ਰੋਕਿਆ ਗਿਆ ਹੈ। ਔਰਤ ਈਮਾਨ ਇਸੇ ਕਰਕੇ ਹੈ ਕਿ ਬਾਹਰ ਮਨ ਨਾ ਡੋਲ ਜਾਏ। ਪਰ ਗ੍ਰਹਿਸਤ ਵਿਚ ਹੀ ਖੁਭ ਜਾਣ ਤੋਂ ਵੀ ਰੋਕਿਆ ਗਿਆ ਹੈ। ਸਿੱਖ ਨੇ ਕਾਮ, ਮੋਹ (ਤੇ ਕਰੋਧ, ਲੋਭ, ਹੰਕਾਰ) ਦੇ ਦਲਦਲ ਤੋਂ ਬਚ ਕੇ ਮੁਕਤੀ ਹਾਸਿਲ ਕਰਨੀ ਹੈ। ਸਿੱਖ-ਵਿਆਹ ਦੀ ਰਸਮ ਵਿਚ ਜੋ ਚਾਰ ਲਾਂਵਾਂ ਪੜ੍ਹੀਆਂ ਜਾਂਦੀਆਂ ਹਨ, ਉਨ੍ਹਾਂ ਤੋਂ ਸਿੱਖ ਵਿਆਹ ਦੇ ਫ਼ਲਸਫ਼ੇ ਦੀ ਤਾਣੀ ਸਮਝ ਲੱਗ ਜਾਂਦੀ ਹੈ। ਪਹਿਲੀ ਲਾਂਵ ਵਿਚ ਪਛਾਣ ਹੈ, ਸਮਝ ਹੈ। ਕਈ ਇਸ ਨੂੰ ਡਰ (ਭਉ) ਆਖਦੇ ਹਨ।

ਸਿੱਖ ਧਰਮ ਵਿਚ ਪਤੀ ਨੂੰ ਹਾਸਿਲ ਕਰਨਾ, ਪਿਆਰ ਲੈਣਾ, ਵਾਹਿਗੁਰੂ ਨਾਲ ਇਕ-ਮਿਕ ਹੋਣਾ ਹੈ। ਇਕ-ਮਿਕ ਹੋਣ ਪਿਛੋਂ ਅਧਵਾਟੇ ਟੁੱਟਣ ਦਾ ਡਰ ਨਹੀਂ, ਮੁਕਤੀ ਨਾ ਮਿਲ ਸਕਣ ਦਾ ਭਉ ਨਹੀਂ ਹੈ।

ਮੁਕਤੀ ਲਾਲਚ ਨਹੀਂ। ਇੰਵ ਹੀ ਪਤੀ ਨੂੰ, ਉਸ ਦੇ ਪਿਆਰ ਨੂੰ ਹਾਸਿਲ ਕਰਨਾ

ਲਾਲਚ ਨਹੀਂ ਹੈ। ਸਿੱਖ ਨੇ ਤਾਂ ਭਗਤੀ ਨਰਕ ਜਾਣੋਂ ਬਚਣ ਦੇ ਲਾਲਚ ਜਾਂ ਸਵਰਗ ਹਾਸਿਲ ਕਰਨ ਦੇ ਲਾਲਚ ਵਿਚ ਨਹੀਂ ਕਰਨੀ। ਸਿੱਖ ਦੀ ਭਗਤੀ ਤਾਂ ਉਸ ਵਾਹਿਗੁਰੂ ਨੂੰ ਹਾਸਿਲ ਕਰਨ, ਉਸ ਵਿਚ ਸਮਾ ਜਾਣ, ਉਸ ਨਾਲ ਇਕ-ਮਿਕ ਹੋ ਜਾਣ ਵਿਚ ਹੈ ਅਤੇ ਇਸ ਰਸਤੇ 'ਤੇ ਤੁਰਨ ਦੇ ਜ਼ਾਬਤੇ, ਕਾਇਦੇ, ਨੇਮ ਦਾ ਨਾਂ ਡਰ ਨਹੀਂ, ਬਲਕਿ ਪਛਾਣ ਤੇ ਸਮਝ ਹੈ। ਇਸ ਕਰ ਕੇ ਸਿੱਖ ਆਨੰਦ ਕਾਰਜ ਦੀ ਰਸਮ ਵਿਚਲੀ ਪਹਿਲੀ ਲਾਂਵ ਵਿਚ ਪਿਆਰ ਤੇ ਨਿਸ਼ਾਨੇ ਦੀ ਸੂਝ, ਸਮਝ ਤੇ ਪਛਾਣ ਦਸੀ ਹੋਈ ਹੈ। ਇਹ ਭਉ ਨਹੀਂ, 'ਨਿਰਮਲ ਭਉ' ਹੈ। ਦੂਜੀ ਲਾਂਵ ਵਿਚ ਪਿਆਰ ਉਮਡਣ ਦੀ ਪੌੜੀ ਦਾ ਬਿਆਨ ਹੈ। ਨਿਰਮਲ ਭਉ ਯਾਨੀ ਪਛਾਣ, ਸੂਝ ਤੇ ਸਮਝ। ਪਿਆਰ ਹਾਸਿਲ ਕਰਨ ਤੋਂ ਪਹਿਲਾਂ 'ਹਉਮੈ ਮੈਲ" ਖ਼ਤਮ ਹੋ ਜਾਂਦੀ ਹੈ। ਹਰ ਪਾਸੇ ਮੰਗਲ (ਰੱਬ ਦੇ) ਤਾਰੀ ਹੁੰਦੇ ਹਨ।

ਤੀਜੀ ਲਾਂਵ ਵਿਚ ਬੈਰਾਗ ਉਪਜਦਾ ਹੈ। ਆਪਣਾ-ਆਪ ਨਹੀਂ ਦਿਸਦਾ, ਨਿਜ ਨਹੀਂ ਸੁਝਦਾ। 'ਉਸ' ਤੋਂ ਬਿਨਾਂ ਕਿਸੇ ਹੋਰ ਵਜੂਦ 'ਚ ਅਹਿਸਾਸ ਹੀ ਨਹੀਂ ਹੁੰਦਾ। ਆਪਾ ਅਰਪਣ ਕਰਨਾ ਤੇ 'ਉਸ ਦਾ ਹੀ ਹੋ ਜਾਣਾ' ਤੀਜੀ ਲਾਂਵ ਵਿਚ ਬਿਆਨ ਕੀਤਾ ਹੋਇਆ ਹੈ। ਇਹ ਉਹ ਪੌੜੀ ਹੈ ਜਿੱਥੇ 'ਉਸ ਨੂੰ' ਹਾਸਿਲ ਕਰ ਲੈਣ ਦੇ ਨੇੜੇ ਪੁਜ ਜਾਣ ਦਾ ਪੜਾਅ ਹੈ। 'ਸੰਤ ਜਨਾ ਵਡਭਾਗੀ ਪਾਇਆ' ਉਸ ਪਿਆਰ ਦੇ ਸਿਖਰ, ਉਸ ਨੂੰ ਹਾਸਿਲ ਕਰਨ ਦੇ ਅਖ਼ੀਰ, ਤੋਂ ਪਹਿਲਾਂ ਦੀ ਮੰਜ਼ਿਲ ਹੈ। ਇੰਞ ਹੀ ਸਿੱਖ-ਅਨੰਦ ਦੀ ਰਸਮ ਵਿਚ ਪੜ੍ਹੀਆਂ ਜਾਣ ਵਾਲੀਆਂ ਚਾਰ ਲਾਂਵਾਂ ਵਿਆਹ ਕਰਨ ਵਾਲੇ ਦੋਹਾਂ ਇਨਸਾਨਾਂ ਨੂੰ ਰੱਬ ਨਾਲ ਮੇਲ ਦਾ ਰਸਤਾ ਦਸਦੀਆਂ ਹਨ। ਦੋਹਾਂ ਨੇ ਇਕ ਦੂਜੇ ਨਾਲ ਇੰਞ ਇਕ-ਮਿਕ ਹੋਣਾ ਹੈ ਕਿ ਵੱਖ-ਵੱਖ ਵਜੂਦ ਨਜ਼ਰ ਨਾ ਆਉਣ। ਦੂਜਾ, ਵਿਆਹ ਦੀ ਰਸਮ ਵੇਲੇ ਪੜ੍ਹੀਆਂ ਲਾਂਵਾਂ ਉਨ੍ਹਾਂ ਵਾਸਤੇ ਇਕ ਪੈਗ਼ਾਮ ਵੀ ਹਨ ਕਿ ਦੋਹਾਂ ਨੇ ਰਲ ਕੇ ਵਾਹਿਗੁਰੂ ਨਾਲ ਇਕ-ਮਿਕ ਹੋਣਾ ਹੈ। ਵਾਹਿਗੁਰੂ ਪ੍ਰਾਪਤੀ ਦੇ ਰਸਤੇ ਵਿਚ ਉਨ੍ਹਾਂ ਦੀ ਸਾਂਝ ਟੁੱਟਣ ਦਾ ਡਰ ਨਹੀਂ ਹੈ।

ਇੱਥੇ ਇਹ ਗੱਲ ਸਮਝ ਲੈਣਾ ਜ਼ਰੂਰੀ ਹੈ ਕਿ ਚਾਰ ਲਾਂਵਾਂ ਦੇ ਸ਼ਬਦ ਗੁਰੂ ਰਾਮਦਾਸ ਸਾਹਿਬ ਜੀ ਨੇ ਸਿੱਖਾਂ ਦੀ ਅਨੰਦ ਰਸਮ ਵਾਸਤੇ ਨਹੀਂ ਲਿਖੇ ਸੀ। ਇਹ ਸ਼ਬਦ ਤਾਂ ਇਨਸਾਨ ਦੇ ਵਾਹਿਗੁਰੂ ਨਾਲ ਮੇਲ (ਵਿਆਹ) ਵਾਸਤੇ ਰਚੇ ਗਏ ਸਨ। ਸਿੱਖ "ਅਨੰਦ" ਰਸਮ ਵਿਚ ਇਨ੍ਹਾਂ ਨੂੰ ਪੜ੍ਹਨ ਦਾ ਮਕਸਦ ਇਹ ਸਮਝਾਉਣਾ ਸੀ ਕਿ ਪਤੀ-ਪਤਨੀ ਨੇ ਇਕ ਦੂਜੇ ਨਾਲ ਇਸੇ ਤਰੀਕੇ ਨਾਲ ਰਹਿਣਾ ਹੈ, ਜਿਵੇਂ ਆਤਮਾ ਤੇ ਪਰਮਾਤਮਾ ਦਾ ਮੇਲ ਹੋਵੇ ਅਤੇ ਦੂਜਾ ਇਹ ਕਿ ਇਨਸਾਨ ਦਾ ਅਸਲ ਵਿਆਹ (ਮੇਲ) ਤਾਂ ਵਾਹਿਗੁਰੂ ਨਾਲ ਹੀ ਹੋਣਾ ਹੈ। ਪਤੀ-ਪਤਨੀ ਨੇ ਰਲ ਕੇ, ਇਕ ਹੋ ਕੇ, ਵਾਹਿਗੁਰੂ ਨੂੰ ਪਾਉਣਾ ਹੈ। ਜਿੱਥੇ ਦੂਜੇ ਧਰਮਾਂ ਵਿਚ ਵਿਆਹ ਇਨਸਾਨੀ ਮੇਲ ਹੈ, ਇਕ ਖ਼ੁਸ਼ੀ ਦਾ ਮੌਕਾ ਹੈ, ਉਥੇ ਸਿੱਖ ਧਰਮ ਵਿਚ ਆਨੰਦ ਇਕ ਬਹੁਤੀ ਉੱਚੀ ਪਹੁੰਚ ਹੈ। ਇਸ ਵਿਚ ਰੂਹਾਨੀਅਤ ਦਾ ਰਸਤਾ ਹੈ। ਆਨੰਦ ਜਿਸਮ ਤੋਂ ਜਿਸਮ ਤਕ ਖ਼ਤਮ ਹੋ ਜਾਣ ਵਾਲੀ ਰਸਮ ਨਹੀਂ, ਇਹ ਤਾਂ ਰੂਹ ਤੋਂ ਵੀ ਅੱਗੇ, ਰੂਹ ਦੀ ਆਜ਼ਾਦੀ ਤਕ ਲਿਜਾਣ ਵਾਲੀ ਪਵਿੱਤਰਤਾ ਹੈ।

ਭਾਵੇਂ ਅੱਜ ਕਈ ਸਿੱਖ-ਪਰਿਵਾਰਾਂ ਵਿਚ ਮਨਮਤ ਕਰ ਕੇ ਜਾਂ ਸਿੱਖ ਰਹਿਣੀ ਦੀ

ਸੂਝ ਨਾ ਹੋਣ ਕਰ ਕੇ ਦਿਖਾਵਾ ਤੇ ਪਾਖੰਡ ਸ਼ੁਰੂ ਹੋ ਗਿਆ ਹੈ ਪਰ ਦਰਅਸਲ, ਸਿੱਖ ਅਨੰਦ ਰਸਮ ਬੇਹੱਦ ਸਾਦਗੀ ਵਾਲੀ ਰਸਮ ਹੈ। ਮੁੰਡਾ ਤੇ ਕੁੜੀ ਸਾਫ਼ ਤੇ ਸਾਦੇ ਕੱਪੜਿਆਂ ਵਿਚ ਹੁੰਦੇ ਹਨ। ਲਾਲ-ਸੂਹੇ ਤੇ ਭੜਕੀਲੇ ਲਿਬਾਸ ਸਿੱਖ ਅਸੂਲਾਂ ਦੇ ਉਲਟ ਹਨ। ਇੰਞ ਹੀ ਆਨੰਦ ਵੇਲੇ ਸਿਹਰਾ, ਕਲਗੀ, ਘੁੰਡ, ਗਾਨੇ, ਗਹਿਣੇ ਵੀ ਮਨਮਤ ਹਨ। ਜੋੜੀ ਦੇ ਗਲ ਹਾਰ ਪਾਉਣਾ, ਉਪਰ ਫੁੱਲ ਸੁੱਟਣਾ, ਸ਼ਗਨ ਪਾਉਣਾ ਸਿੱਖੀ ਅਸੂਲਾਂ ਦੇ ਉਲਟ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੀ ਜਾਣ ਵਾਲੀ ਇਹ ਮਨਮਤ ਗੁਨਾਹ ਹੈ। ਸੱਚਾ ਸਿੱਖ ਇਸ ਤੋਂ ਦੂਰ ਰਹਿੰਦਾ ਹੈ। ਲਾਂਵਾਂ ਦਾ ਮਾਅਨਾ ਸਮਝਣ ਮਗਰੋਂ ਇਹ ਸਾਰਾ ਕੁਝ ਬੇਮਾਅਨਾ ਅਤੇ ਸਿੱਖ ਅਸੂਲਾਂ ਦੇ ਖ਼ਿਲਾਫ਼ ਦਿਸ ਪੈਂਦਾ ਹੈ। ਇਸ ਦੀ ਵਜ੍ਹਾ ਇਹ ਹੋ ਸਕਦੀ ਹੈ ਕਿ ਦੂਜਿਆਂ ਨੂੰ ਦੇਖ ਕੇ ਰੂਹ ਤੋਂ ਕਮਜ਼ੋਰ ਸਿੱਖ ਉਨ੍ਹਾਂ ਦੀ ਨਕਲ ਕਰਦੇ ਹਨ। ਕੁਝ ਦਿਖਾਵੇ ਵਾਸਤੇ ਅਸੂਲ ਅਤੇ ਧਰਮ ਤੋਂ ਦੂਰ ਹੋ ਜਾਂਦੇ ਹਨ। ਕੁਝ ਬੇਸਮਝੀ ਦੀ ਵਜ੍ਹਾ ਕਰ ਕੇ ਗ਼ਲਤੀਆਂ ਕਰ ਜਾਂਦੇ ਹਨ। ਵਜ੍ਹਾ ਕੁਝ ਵੀ ਹੋਵੇ, ਮਨਮਤ ਵਾਲੀਆਂ ਰਸਮਾਂ ਅ-ਸਿੱਖ ਹਨ ਤੇ ਇਨ੍ਹਾਂ ਨੂੰ ਸਿੱਖ ਅਨੰਦ ਰਸਮ 'ਚੋਂ ਜਲਾਵਤਨ ਕਰਨਾ ਚਾਹੀਦਾ ਹੈ।

ਇਸ ਮਜ਼ਮੂਨ ਦਾ ਅਸਲ ਸਿਰਲੇਖ ਵਿਆਹ ਨਹੀਂ ਬਲਕਿ ਤਲਾਕ ਹੈ। ਪਰ ਤਲਾਕ ਨੂੰ ਸਮਝਣ ਤੋਂ ਪਹਿਲਾਂ ਸਿੱਖ ਅਨੰਦ ਰਸਮ ਨੂੰ ਸਮਝਣਾ ਜ਼ਰੂਰੀ ਸੀ।

ਉਪਰ ਅਸੀਂ ਜਾਣਿਆ ਹੈ ਕਿ ਸਿੱਖ ਅਨੰਦ ਰਸਮ ਬੇਹੱਦ ਪਾਕ ਪਵਿੱਤਰ ਰਸਮ ਹੈ। ਸਿੱਖ ਪਤੀ-ਪਤਨੀ ਦਾ ਮੇਲ ਵੀ ਆਮ ਜਿਸਮਾਨੀ ਤੇ ਸਮਾਜੀ ਮੇਲ ਨਹੀਂ। ਇਹ ਤਾਂ ਵਾਹਿਗੁਰੂ ਨਾਲ ਮੇਲ ਦੇ ਰਸਤੇ ਦਾ ਪਾਂਧੀ ਹਾਸਿਲ ਕਰਨਾ ਹੈ। ਲਾਂਵਾਂ ਵਿਚ ਮੇਲ ਹੋਣ ਤੋਂ ਮਗਰੋਂ ਪਿਆਰ ਦੀ ਪੌੜੀ ਹੈ। ਮਗ਼ਰਬ ਵਿਚ ਪਿਆਰ ਤੋਂ ਮਗਰੋਂ ਸ਼ਾਦੀ ਹੈ (ਤੇ ਉਸ ਤੋਂ ਮਗਰੋਂ ਤਲਾਕ ਹੈ, ਕਿਉਂਕਿ ਪਿਆਰ ਦੀ ਹੱਦ ਜ਼ਰੂਰਤ, ਦਰਜਾ, ਵਕਤੀ ਹਨ) ਪਰ ਸਿੱਖ ਆਨੰਦ ਕਾਰਜ ਵਿਚ 'ਰਸਮ' ਤੋਂ ਮਗਰੋਂ 'ਪਿਆਰ' ਸ਼ੁਰੂ ਹੁੰਦਾ ਹੈ। ਇਹੀ ਦੌੜ ਹੋਣੀ ਚਾਹੀਦੀ ਹੈ ਕਿ ਵੱਧ ਪਿਆਰ ਕੌਣ ਦੇਂਦਾ ਹੈ। ਇੰਞ ਹੀ ਤੀਜੀ ਲਾਂਵ ਵਾਂਗ ਵੈਰਾਗ ਅਗਲੇਰੀ ਪੌੜੀ ਹੈ। ਵੈਰਾਗ 'ਚ ਦੂਜੇ ਤੋਂ ਲੈਣਾ ਮੁੱਦਾਅ ਨਹੀਂ ਹੁੰਦਾ, ਬਲਕਿ ਦੂਜੇ ਦਾ ਪੂਰੇ ਦਾ ਪੂਰਾ, ਹੋ ਜਾਣਾ ਹੁੰਦਾ ਹੈ। "ਮੇਰਾ ਕੁਝ ਨਹੀਂ ਸਭ ਕੁਝ ਉਸ ਦਾ ਹੈ।" ਇਹ ਦੋਹੀਂ ਪਾਸੀਂ ਹੋਣਾ ਜ਼ਰੂਰੀ ਹੈ। ਇਸ ਦਾ ਮਾਅਨਾ ਇਹ ਨਹੀਂ ਕਿ ਜੇ ਇਕ ਪਾਸੇ ਘੱਟ ਹੈ ਤਾਂ ਦੂਜਾ ਵੀ ਘਟਾ ਦੇਵੇ। ਘਟਾਉਣ ਦੀ ਹੱਦ ਕੋਈ ਨਹੀਂ, ਬਗ਼ਾਵਤ ਦਾ ਅਖ਼ੀਰ ਕੋਈ ਨਹੀਂ। ਇਸ ਕਰ ਕੇ ਪਿਆਰ ਵਿਚ ਗਿਣਤੀ-ਮਿਣਤੀ ਅਤੇ ਲੇਖਾ-ਜੋਖਾ ਕੋਈ ਨਹੀਂ। ਬੈਰਾਗ ਤਾਂ ਬੈਰਾਗ ਹੈ, ਪਿਆਰ ਤਾਂ ਪਿਆਰ ਹੈ। ਇਸ ਵਿਚ ਲਾਲਚ (ਲਬੁ) ਕਿਵੇਂ ਆਂ ਸਕਦਾ ਹੈ। "ਲਬੁ ਤਾ ਕੂੜਾ ਨੇਹ"। ਸੱਚੇ ਪਿਆਰ, ਸੱਚੇ ਬੈਰਾਗ ਦੀ ਹੱਦ ਜਾਂ ਲੇਖਾ ਨਹੀਂ ਹੋ ਸਕਦਾ।

ਸਿੱਖ ਅਨੰਦ ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਅੱਗੇ ਦੋ ਜੀਵ ਵਾਅਦਾ ਕਰਦੇ ਹਨ ਕਿ ਉਨ੍ਹਾਂ ਨੇ ਵਾਹਿਗੁਰੂ ਪ੍ਰਾਪਤੀ ਵੱਲ ਇਕੱਠੇ ਚਲਣਾ ਹੈ। ਸੋ ਰਸਤਾ ਤਾਂ ਨੀਅਤ ਹੈ। ਰਸਤਾ ਤਾਂ ਬਦਲਣਾ ਹੀ ਨਹੀਂ ਹੈ। ਫਿਰ ਟੁਟੇਗੀ ਕਿੰਞ ? ਜੇ ਇਕੋ ਰਾਹ 'ਤੇ ਚਲਦੇ

ਜਾਣਾ ਹੈ, ਦੂਜਾ ਰਾਹ ਕੋਈ ਨਹੀਂ, ਤਾਂ ਫਿਰ ਵੱਖ-ਵੱਖ ਕਿੰਞ ਹੋਵਾਂਗੇ ? ਜੁਦਾ ਕੌਣ ਕਰ ਸਕਦਾ ਹੈ ? ਇਸੇ ਕਰ ਕੇ ਸਿੱਖ ਧਰਮ ਵਿਚ ਤਲਾਕ ਦੀ ਕੋਈ ਜਗ੍ਹਾ ਨਹੀਂ। ਮੈਂ ਇਹ ਮੰਨਦਾ ਹਾਂ ਕਿ ਕਿਸੇ ਖ਼ਾਸ ਹਾਲਤ ਵਿਚ (ਆਮ ਨਹੀਂ) ਸਿੱਖ ਦੋ ਵਿਆਹ ਤਾਂ ਕਰ ਸਕਦਾ ਹੈ ਪਰ ਤਲਾਕ ਗੁਰਮਤ ਦੇ ਉਲਟ ਹੈ। ਤਲਾਕ ਸਿਰਫ਼ ਗੁਰੂ ਨਾਲ ਕੀਤਾ ਵਾਅਦਾ ਤੋੜਨਾ ਨਹੀਂ, ਬਲਕਿ ਗੁਰੂ ਵਲ ਪਿੱਠ ਕਰਨਾ ਹੈ। ਤਲਾਕ ਕਰਨ ਵਾਲੇ ਸਿੱਖਾਂ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਮਨਮਤ ਵੱਲ ਤੁਰਨ ਨਾਲ ਗੁਰੂ ਦੇ ਗੁਨਹਗਾਰ ਬਣਦੇ ਹਾਂ। ਜੋ ਗ਼ਲਤੀ ਕਰ ਚੁੱਕੇ ਹਨ ਜੇ ਉਹ ਟੁੱਟੀ ਗੰਢਣ ਵੱਲ ਟੁਰਨ ਤਾਂ ਹੀ ਸੱਚੇ ਸਿੱਖ ਅਖਵਾ ਸਕਣਗੇ। ਸਿੱਖ ਪੰਥ ਨੂੰ ਤਲਾਕ ਵਰਗੀ ਅ-ਸਿੱਖ ਅਲਾਮਤ ਨੂੰ ਆਪਣੀ ਤਵਾਰੀਖ਼, ਰਸਮੋ-ਰਿਵਾਜ, ਕਲਚਰ ਦਾ ਹਿੱਸਾ ਨਹੀਂ ਬਣਨ ਦੇਣਾ ਚਾਹੀਦਾ।

ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥

(ਸਫ਼ਾ ੭੮੮)

* * *

ਸਿੱਖ ਦੀ ਗ਼ੈਰ-ਸਿੱਖ ਨਾਲ ਸ਼ਾਦੀ

ਸਾਂਝੀ ਧਾਰਮਿਕ ਪੂਜਾ ਅਤੇ ਧਰਮਾਂ ਦੀ ਸਾਂਝ ਬਾਰੇ ਕਾਨਫ਼ਰੰਸਾਂ ਅੱਜ-ਭਲਕ ਦਾ ਆਮ ਜ਼ਿਕਰ ਦਾ ਹਿੱਸਾ ਬਣੇ ਹੋਏ ਹਨ। ਇਸ ਮਜ਼ਮੂਨ ਵਿਚ ਇਨ੍ਹਾਂ ਕਾਨਫ਼ਰੰਸਿਜ਼ ਦੀ ਸੰਜੀਦਗੀ, ਫ਼ਾਇਦਾ ਜਾਂ ਨਤੀਜਿਆਂ ਬਾਰੇ ਜ਼ਿਕਰ ਨਹੀਂ ਕੀਤਾ ਜਾ ਰਿਹਾ। ਪਰ ਇਕ ਗੱਲ ਬਾਰੇ ਸਾਨੂੰ ਕੋਈ ਵਹਿਮ ਨਹੀਂ ਕਿ ਅੱਜ ਦੀ ਸਭ ਤੋਂ ਵੱਡੀ ਜ਼ਰੂਰਤ ਸਾਰੇ ਮਜ਼ਹਬਾਂ ਵਿਚ ਇਕ ਦੂਜੇ ਵਾਸਤੇ ਇੱਜ਼ਤ, ਇਕ ਦੂਜੇ ਨੂੰ ਬਰਦਾਸ਼ਤ ਕਰਨ ਦੀ ਹਿੰਮਤ, ਇਕ ਦੂਜੇ ਨੂੰ ਸਮਝਣ ਦੀ ਆਦਤ ਸਿਖਾਉਣਾ ਹੈ। ਇਕ ਸਾਂਝਾ ਧਰਮ ਜਾਂ ਇਕ ਸਾਂਝਾ ਧਾਰਮਿਕ ਫ਼ਲਸਫ਼ਾ ਜਾਂ ਸਾਂਝੀ ਧਾਰਮਿਕ ਪੂਜਾ ਨਾ ਤਾਂ ਮੁਮਕਿਨ ਹੈ ਅਤੇ ਨਾ ਹੀ ਵਜੂਦ ਵਿਚ ਆ ਸਕਦੀ ਹੈ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਦੁਨੀਆਂ ਭਰ ਦੇ ਲੋਕਾਂ ਨੂੰ ਇਕ ਸਾਂਝਾ ਜਿਹਾ ਇਖ਼ਲਾਕੀ, ਜ਼ਾਬਤਾ ਸਿਖਾਇਆ ਜਾ ਸਕੇ। ਇਹ ਵੀ ਤਾਂ ਹੀ ਮੁਮਕਿਨ ਹੋ ਸਕਦਾ ਹੈ ਜੇਕਰ ਦੁਨੀਆਂ ਦੀ ਲੀਡਰਸ਼ਿਪ ਸੰਜੀਦਗੀ ਤੇ ਈਮਾਨਦਾਰੀ ਨਾਲ ਇਸ ਪਾਸੇ ਵੱਲ ਚੱਲ ਪਏ।

ਦੁਨੀਆਂ ਭਰ ਵਿਚ ਸਾਇੰਸ ਤੇ ਟੈਕਨਾਲੋਜੀ ਨੇ ਬੇਹੱਦ ਤਰੱਕੀ ਕੀਤੀ ਹੈ। ਦਵਾਈਆਂ, ਕੰਪਿਊਟਰ, ਇੰਜੀਨੀਅਰਿੰਗ ਵਿਚ ਨਵੀਆਂ ਤੇ ਕਮਾਲ ਦੀਆਂ ਹੱਦਾਂ ਛੋਹੀਆਂ ਗਈਆਂ ਹਨ। ਪਰ ਦੂਜੇ ਪਾਸੇ ਇਖ਼ਲਾਕੀ ਅਤੇ ਇਨਸਾਨੀ ਕਦਰਾਂ-ਕੀਮਤਾਂ ਨਿਘਾਰ ਵੱਲ ਤੁਰੀਆਂ ਹੀ ਨਹੀਂ, ਬਲਕਿ ਤਕਰੀਬਨ ਤਹਿਜ਼ੀਬ ਦੇ ਅਪਣਾਏ ਜਾਣ ਤੋਂ ਪਹਿਲਾਂ ਦੇ ਜਾਂਗਲੀ ਮਾਹੌਲ ਦੀ ਪੱਧਰ 'ਤੇ ਆ ਚੁੱਕੀਆਂ ਹਨ। ਜ਼ੁਲਮ, ਨਫ਼ਰਤ, ਕਬਾਇਲੀ ਸੋਚ, ਲਾਲਚ, ਖ਼ੁਦ-ਗ਼ਰਜ਼ੀ, ਜੁਰਮ ਸ਼ਹਿਵਤ (ਕਾਮ) ਇਕ ਪਾਸੇ, ਅਤੇ ਇਲਾਕਾ, ਜ਼ਾਤ, ਮੁਲਕ, ਅਖੌਤੀ ਕੌਮ ਪ੍ਰਸਤੀ, ਨਸਲੀ ਵਿਤਕਰਾ, ਨਾਜ਼ੀ ਸੋਚ ਵਰਗੀਆਂ ਗ਼ੈਰ-ਇਨਸਾਨੀ ਕਾਰਵਾਈਆਂ ਦੂਜੇ ਪਾਸੇ, ਇਕ ਆਨ ਤੇ ਮਾਨ ਵਾਲੀ ਗੱਲ ਮੰਨੀ ਜਾਣ ਲੱਗ ਪਈ ਹੈ। ਇਖ਼ਲਾਕ ਅਤੇ ਜ਼ਾਬਤਾ ਡੂੰਘਾਣ ਵਿਚ ਢੱਠੇ ਪਏ ਹਨ। ਇਸ ਦੀ ਵਜ੍ਹਾ ਇਹ ਹੈ ਕਿ ਅਸੀਂ ਸੈਕੂਲਰਇਜ਼ਮ ਦੇ ਬਹਾਨੇ ਲਾ ਕੇ ਧਰਮ ਤੇ ਇਖ਼ਲਾਕ ਦੀ ਪੜ੍ਹਾਈ ਬੱਚਿਆਂ ਦੇ ਸਿਲੇਬਸ, ਵਿਚੋਂ ਕੱਢ ਦਿੱਤੀ ਹੈ। ਛੋਟ, ਖੁੱਲ੍ਹ, ਆਜ਼ਾਦੀ ਨੂੰ ਏਨੀ ਥਾਂ ਦੇ ਦਿੱਤੀ ਕਿ ਨਫ਼ੀ ਸੋਚ ਵਧੇਰੇ ਹਾਵੀ ਹੁੰਦੀ ਗਈ ਤੇ ਅੱਜ ਇਨਸਾਨ ਵਿਚ ਇਨਸਾਨੀਅਤ ਤੋਂ ਸਿਵਾ ਹੋਰ ਸਭ ਕੁਝ ਹੈ। ਸਿਰਫ਼ ਸੈਕੂਲਰਇਜ਼ਮ ਹੀ ਨਹੀਂ, ਕਮਿਊਨਿਜ਼ਮ ਵੀ ਨੰਗਾ ਹੋ ਕੇ ਖੜਾ ਹੈ। ਕਮਿਊਨਿਜ਼ਮ ਦੇ ਨਿਜ਼ਾਮ ਵਾਲੇ ਮੁਲਕਾਂ ਵਿਚ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਥੇ ਤਾਂ 'ਕੌਮੀ ਸੋਚ' ਹੋਏਗੀ ਅਤੇ ਇਲਾਕਾ, ਧਰਮ, ਬੋਲੀ, ਕਲਚਰ, ਰੰਗ ਦੇ ਨਾਂ 'ਤੇ ਨਫ਼ਰਤ ਦਾ ਨਾਂ-ਨਿਸ਼ਾਨ ਨਹੀਂ ਰਿਹਾ ਹੋਏਗਾ। ਪਰ ਦੁਨੀਆਂ ਭਰ ਦੇ ਉੱਲਮਾ ਚੌਂਕ ਗਏ, ਜਦੋਂ ਰੂਸੀ ਇਜਾਰੇਦਾਰੀ 'ਚੋਂ ਆਜ਼ਾਦ ਹੋਣ ਵਾਲੇ ਈਸਟ ਜਰਮਨ, ਪੋਲੈਂਡ, ਬੁਲਗਾਰੀਆ,

ਯੂਗੋਸਲਾਵੀਆ ਦੇ ਲੋਕਾਂ ਵਿਚ ਮਗ਼ਰਬੀ, ਆਜ਼ਾਦ, ਤਰੱਕੀ ਕਰ ਚੁੱਕੇ ਮੁਲਕਾਂ ਦੀ ਨਿਸਬਤ, ਕਈ ਗੁਣਾਂ ਵਧੇਰੇ ਨਸਲੀ ਤੇ ਨਾਜ਼ੀ ਸੋਚ ਦਾ ਬੋਲ-ਬਾਲਾ ਨਜ਼ਰ ਆਇਆ। ਧਰਮ, ਇਲਾਕਾ, ਜ਼ਾਤ, ਬੋਲੀ, ਰੰਗ ਦੇ ਨਾਂ 'ਤੇ ਕਮਿਊਨਿਸਟ ਮੁਲਕਾਂ 'ਚ ਵਧੇਰੇ ਨਫ਼ਰਤ ਸਿੱਖੀ, ਸਿਖਾਈ ਤੇ ਅਪਣਾਈ ਗਈ। ਯਹੂਦੀ ਜਾਂ ਮੁਸਲਮਾਨ ਨਾਲ ਨਫ਼ਰਤ ਈਸਟ ਜਰਮਨ 'ਚ ਵਧੇਰੇ ਸੀ ਤੇ ਵੈਸਟ ਜਰਮਨ ਵਿਚ ਘੱਟ ਸੀ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸੈਕੂਲਰਇਜ਼ਮ ਜਾਂ ਬੇ ਧਰਮ ਸੋਸਾਇਟੀ, ਧਰਮ ਦੀ ਨਫ਼ਰਤ ਖ਼ਤਮ ਨਹੀਂ ਕਰਦੀ।

ਭਾਰਤ ਦੀ ਮਿਸਾਲ ਵੀ ਸਾਡੇ ਸਾਹਵੇਂ ਹੈ। ਭਾਰਤ ਦੇ ਆਈਨ ਵਿਚ ਸ਼ਰੇਆਮ ਲਿਖਿਆ ਹੈ ਕਿ ਭਾਰਤ ਸੈਕੂਲਰ ਹੈ। ਸੈਕੂਲਰ ਲਫ਼ਜ਼ ਪਰ ਸਿਰਫ਼ ਕਾਗਜ਼ਾਂ ਵਿਚ ਹੀ। ਭਾਰਤ ਕਿਸੇ ਵੀ ਨਾਜ਼ੀ ਮੁਲਕ ਤੋਂ ਘੱਟ ਨਸਲੀ, ਧਾਰਮਿਕ, ਇਲਾਕਾਈ ਨਫ਼ਰਤ ਵਾਲੀ ਸੋਚ ਤੋਂ ਆਜ਼ਾਦ ਨਹੀਂ। ਜਰਮਨ, ਨਾਰਵੇ, ਸਰਬੀਆ, ਨਿਕਾਰਾਗੁਆ, ਪਾਕਿਸਤਾਨ ਵਿਚ ਤੁਸੀਂ ਅਕਲੀਅਤਾਂ (ਘੱਟ-ਗਿਣਤੀਆਂ) ਨਾਲ ਜ਼ਿਆਦਤੀ ਦੀ ਮੁਖ਼ਾਲਫ਼ਤ ਕਰ ਸਕਦੇ ਹੋ, ਪਰ ਭਾਰਤ ਵਿਚ ਇਹ ਮੁਮਕਿਨ ਨਹੀਂ। ਭਾਰਤ ਵਿਚ ਇਹ ਤਾਂ ਇਨਸਾਨੀ ਹਕੂਕ ਦੀ ਗੱਲ ਕਰਨ ਵਾਲੇ ਜਸਟਿਸ ਅਜੀਤ ਸਿੰਘ (ਬੈਂਸ) ਦੇ ਵੀ ਇਨਸਾਨੀ ਹੱਕ ਖੋਹੇ ਜਾਂਦੇ ਹਨ। ਦੁਨੀਆਂ ਦੇ ਹਰ ਮੁਲਕ ਵਿਚ ਕੋਈ ਨਾ ਕੋਈ ਅਖ਼ਬਾਰ ਇਨਸਾਨੀ ਹਕੂਕ ਦੀ ਗੱਲ ਕਦੇ ਨਾ ਕਦੇ ਤਾਂ ਕਰਦਾ ਹੀ ਹੈ। ਪਰ, ਭਾਰਤ ਦੀ ਤਕਰੀਬਨ ਸਾਰੀ ਪ੍ਰੈਸ, ਹਿੰਦੂ ਪ੍ਰੈਸ ਹੋਣ ਕਰ ਕੇ ਸਿੱਖ ਜਾਂ ਮੁਸਲਮਾਨ ਜਾਂ ਈਸਾਈ 'ਤੇ ਜ਼ੁਲਮ ਦਾ ਜ਼ਿਕਰ ਤਕ ਛਾਪਣ ਵਾਸਤੇ ਤਿਆਰ ਨਹੀਂ। ਅਜਿਹਾ ਮਾਹੌਲ ੧੯੪੫ ਤਕ ਜਰਮਨੀ ਵਿਚ ਵੀ ਸੀ। ਦੁਨੀਆਂ ਭਰ ਦੇ ਆਗੂ ਜਾਣਦੇ ਹਨ ਕਿ ਭਾਰਤ ਨੇ ਸਿੱਖਾਂ ਤੇ ਕਸ਼ਮੀਰੀਆਂ ਦਾ ਕਿੰਞ ਕਤਲੇਆਮ ਕੀਤਾ ਹੈ। ਸਰਬੀਆ ਨੇ ਬੋਸਨੀਆਂ ਹਰਸੇਗੋਵੀਨਾ ਵਿਚ ਜੋ ਜ਼ੁਲਮ ਕੀਤੇ ਹਨ, ਉਹ ਕਿਸ ਨੂੰ ਨਹੀਂ ਪਤਾ। ਇਸ ਮਾਹੌਲ ਵਿਚ ਦੁਨੀਆਂ ਵਿਚੋਂ ਸਿੱਖਾਂ, ਕਸ਼ਮੀਰੀਆਂ ਅਤੇ ਬੋਸਨੀਆਂ ਦੇ ਮੁਸਲਮਾਨਾਂ ਵਾਸਤੇ ਕਿੰਨੀ ਕੁ ਆਵਾਜ਼ ਉੱਠੀ ਹੈ। ਅਜਿਹੇ ਜ਼ੁਲਮ, ਦਹਿਸ਼ਤ, ਵਹਿਸ਼ਤ ਦੇ ਹਾਲਾਤ ਹੋਣ ਦੇ ਬਾਵਜੂਦ ਅੱਜ ਧਰਮਾਂ ਦੀਆਂ ਸਾਂਝੀਆਂ ਕਾਨਫ਼ਰੰਸਾਂ ਕਰ ਕੇ ਸ਼ੁਹਰਤ ਲੈਣਾ ਜਾਂ ਕਾਗ਼ਜ਼ੀ ਕਾਰਵਾਈ ਪਾਉਣਾ ਕੀ ਮਾਅਨੇ ਰੱਖਦਾ ਹੈ ? ਅੱਜ ਜ਼ਰੂਰਤ ਹੈ ਨਫ਼ਰਤ, ਨਸਲੀ ਵਿਤਕਰਾ, ਇਲਾਕਾ ਪ੍ਰਸਤੀ, ਇੰਤਹਾ-ਪਸੰਦਗੀ ਤੇ ਕੌਮ ਪ੍ਰਸਤੀ ਦੀ ਇੰਤਹਾ ਨੂੰ ਰੋਕਣ ਵਾਸਤੇ ਹਰ ਮਜ਼ਹਬ ਤੇ ਹਰ ਕੌਮ ਨੂੰ ਆਜ਼ਾਦੀ ਮਿਲੇ। ਸਿਰਫ਼ ਇਹੀ ਤਰੀਕਾ ਹੈ ਧਰਮਾਂ ਦੀ ਨਫ਼ਰਤ ਘਟਾਉਣ ਦਾ। ਪਰ ਜੋ ਲੋਕ, ਧਰਮਾਂ ਦੀ ਸਾਂਝ ਦੀ ਗੱਲ, ਨਫ਼ਰਤ ਘਟਾਏ ਬਿਨਾਂ, ਕਰਨੀ ਚਾਹੁੰਦੇ ਹਨ, ਉਹ ਜਾਂ ਤਾਂ ਬੇਸਮਝ ਹਨ ਜਾਂ ਦੰਭੀ ਹਨ ਜਾਂ ਫ਼ਰੇਬ ਕਰਦੇ ਹਨ। ਹੋ ਸਕਦਾ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਮੇਲ ਹੀ ਹੋਵੇ।

ਇੰਞ ਹੀ 'ਧਰਮਾਂ ਦੀ ਸਾਂਝੀ ਪੂਜਾ' ਜਾਂ 'ਧਰਮਾਂ ਦੀ ਸਾਂਝ ਦੀ ਕਾਨਫ਼ਰੰਸ' ਵਾਂਗ ਗ਼ੈਰ-ਮਜ਼ਹਬੀ ਮੁੰਡੇ ਕੁੜੀਆਂ ਦੀਆਂ ਸ਼ਾਦੀਆਂ ਨਾਲ ਧਰਮਾਂ 'ਚ ਨਫ਼ਰਤ ਘਟਣ ਵਾਲੀ ਗੱਲ ਵੀ ਗ਼ਲਤ ਹੈ। ਪਹਿਲੀ ਗੱਲ, ਬਹੁਤੇ ਧਰਮਾਂ ਮੁਤਾਬਿਕ ਉਸ ਧਰਮ ਦੇ ਪੈਰੋਕਾਰ, ਦੂਜੇ ਧਰਮ ਦਾ ਸਾਥੀ, ਸ਼ਾਦੀ ਵਾਸਤੇ, ਨਹੀਂ ਚੁਣ ਸਕਦੇ। ਇਸਲਾਮ ਤੇ ਸਿੱਖ ਧਰਮ

ਅਜਿਹਾ ਹੈ। ਇਕ ਮੁਸਲਮਾਨ ਕਿਸੇ ਗ਼ੈਰ-ਮੁਸਲਮਾਨ ਨਾਲ ਉਦੋਂ ਸ਼ਾਦੀ ਕਰ ਸਕਦਾ ਹੈ ਜਦੋਂ ਦੂਜਾ ਸਾਥੀ ਇਸਲਾਮ ਅਖ਼ਤਿਆਰ ਕਰ ਲਏ ਜਾਂ ਫਿਰ ਉਹ ਆਪ ਇਸਲਾਮ ਛੱਡ ਦੇਵੇ। ਇੰਞ ਹੀ ਇਕ ਸਿੱਖ ਸਿਰਫ਼ ਸਿੱਖ ਨਾਲ ਹੀ ਸ਼ਾਦੀ ਕਰ ਸਕਦਾ ਹੈ। ਇਕ ਸਿੱਖ ਗ਼ੈਰ-ਸਿੱਖ ਨਾਲ ਇਸ ਸੂਰਤ ਵਿਚ ਸ਼ਾਦੀ ਕਰ ਸਕਦਾ ਹੈ ਕਿ ਦੂਜਾ ਸਾਥੀ ਸ਼ਾਦੀ ਤੋਂ ਪਹਿਲਾਂ ਇਹ ਪ੍ਰਣ ਕਰੇ ਕਿ ਉਹ ਸਿੱਖ ਧਰਮ ਅਖ਼ਤਿਆਰ ਕਰਦਾ/ਕਰਦੀ ਹੈ। ਮਿਸਾਲ ਵਜੋਂ ਇਕ ਸਿੱਖ ਲੜਕੀ ਹਿੰਦੂ ਨਾਲ ਸ਼ਾਦੀ ਨਹੀਂ ਕਰ ਸਕਦੀ। ਪਰ ਜੇ ਉਹ ਹਿੰਦੂ ਮੁੰਡਾ ਸਿੱਖ ਬਣਨ ਦੀ ਅਰਦਾਸ ਕਰੇ ਤੇ ਉਸ ਮਗਰੋਂ ਸਿੱਖ ਮਰਿਆਦਾ ਤੇ ਜੀਵਨ-ਜਾਚ ਅਪਣਾ ਲਏ ਤਾਂ ਉਹ ਸ਼ਾਦੀ ਹੋ ਸਕਦੀ ਹੈ। ਪਰ ਜੇ ਉਹ ਲੜਕਾ ਹਿੰਦੂ ਧਰਮ ਨਹੀਂ ਛੱਡਦਾ ਤਾਂ ਜਾਂ ਤਾਂ ਉਹ ਸ਼ਾਦੀ ਗ਼ੈਰ-ਕਾਨੂੰਨੀ ਹੈ ਜਾਂ ਘੱਟੋ-ਘੱਟ ਸਿੱਖ ਧਰਮ ਮੁਤਾਬਿਕ ਉਹ ਸ਼ਾਦੀ ਨਹੀਂ ਮੰਨੀ ਜਾਏਗੀ ਤੇ ਜਾਂ ਫਿਰ ਉਹ ਲੜਕੀ ਹਿੰਦੂ ਮੰਨੀ ਜਾਏਗੀ ਤੇ ਸਿੱਖ ਨਹੀਂ। ਇੰਞ ਹੀ ਯਹੂਦੀਆਂ ਵਿਚ ਵੀ ਸਾਂਝੀ ਧਾਰਮਿਕ ਸ਼ਾਦੀ ਵਿਚੋਂ ਪੈਦਾ ਹੋਏ ਬੱਚੇ ਯਹੂਦੀ ਨਹੀਂ ਹੋ ਸਕਦੇ। ਮਾਂ ਤੇ ਬਾਪ ਦੋਵੇਂ ਯਹੂਦੀ ਹੋਣ ਤਾਂ ਹੀ ਉਨ੍ਹਾਂ ਦੇ ਬੱਚੇ ਯਹੂਦੀ ਮੰਨੇ ਜਾਣਗੇ। ਮੁੱਕਦੀ ਗੱਲ ਧਰਮਾਂ ਦੀ ਸਾਂਝ ਦੇ ਨਾਂ 'ਤੇ ਹੋਈ ਸ਼ਾਦੀ ਧਰਮਾਂ ਨੂੰ ਕਬੂਲ ਹੀ ਨਹੀਂ। ਹਾਂ, ਇਸ ਦਾ ਮਤਲਬ ਦੋਹਾਂ ਵਿਚੋਂ ਇਕ ਸਾਥੀ ਦਾ ਧਰਮ ਬਦਲਣਾ ਜ਼ਰੂਰ ਨਿਕਲ ਸਕਦਾ ਹੈ। ਇਸ ਦਾ ਨਤੀਜਾ ਦੋ ਘਰਾਂ, ਬਿਰਾਦਰੀਆਂ ਤੇ ਧਰਮਾਂ ਵਿਚ, ਸਗੋਂ, ਨਫ਼ਰਤ ਵਧਾਉਣ ਦੀ ਵਜਹ ਬਣ ਜਾਂਦਾ ਹੈ।

ਗ਼ੈਰ-ਮਜ਼ਹਬੀ ਸਾਥੀਆਂ ਨਾਲ ਸ਼ਾਦੀਆਂ ਵਧੇਰੇ ਕਰ ਕੇ ਨਾ-ਕਾਮਯਾਬ ਹੀ ਹੋਇਆ ਕਰਦੀਆਂ ਹਨ। ਇਕ ਸਰਵੇ ਮੁਤਾਬਿਕ ਅਜਿਹੀਆਂ ਸ਼ਾਦੀਆਂ ਵਿਚੋਂ ਤਕਰੀਬਨ ੯੦% ਸ਼ਾਦੀਆਂ ਟੁੱਟੀਆਂ ਸਨ ਤੇ ਜਾਂ ਕੁੜੀਆਂ (ਖ਼ਾਸ ਕਰ ਕੇ ਕੁੜੀਆਂ) ਨੇ, ਆਪਣਾ ਧਰਮ ਛੱਡ ਕੇ ਦੂਜਾ ਧਰਮ ਅਖ਼ਤਿਆਰ ਕਰਨ ਮਗਰੋਂ ਵੀ, ਹੀਣਤਾ ਦੀ ਜ਼ਿੰਦਗੀ ਤੇ ਇਕੱਲ ਵਿਚ ਉਮਰ ਕੱਟੀ ਸੀ।

ਦੂਜੇ ਧਰਮ ਦਾ ਸਾਥੀ ਚੁਣਨ ਵਾਸਤੇ ਜੋ ਕੀਮਤ ਅਦਾ ਕਰਨੀ ਪੈਂਦੀ ਹੈ, ਉਹ ਬਹੁਤ-ਬਹੁਤ ਵੱਡੀ ਹੈ ਅਤੇ ਜੋ ਇਵਜ਼ ਵਿਚ ਮਿਲਦਾ ਹੈ, ਉਹ ਕੌਡੀ ਵੀ ਨਹੀਂ ਜਾਪਦਾ। ਮਿਸਾਲ ਵਜੋਂ, ਜੇ ਇਕ ਸਿੱਖ ਕੁੜੀ ਗ਼ੈਰ-ਸਿੱਖ ਨਾਲ ਸ਼ਾਦੀ ਕਰਦੀ ਹੈ ਤਾਂ ਉਹ ਮਾਂ, ਪਿਉ, ਭੈਣਾਂ, ਜਾਨ ਤੋਂ ਵੱਧ ਪਿਆਰ ਕਰਨ ਵਾਲੇ ਭਰਾ, ਰਿਸ਼ਤਾ ਪਾਲਣ ਵਾਲੇ ਸੱਚੇ-ਸੁੱਚੇ ਰਿਸ਼ਤੇਦਾਰ, ਸਾਥ ਪਾਲਣ ਵਾਲੀਆਂ ਸਹੇਲੀਆਂ, ਔਖੇ ਵੇਲੇ ਬਹੁੜਨ ਦੀ ਉਮੀਦ ਵਾਲਾ ਭਾਈਚਾਰਾ ਗੁਆ ਲੈਂਦੀ ਹੈ। ਇਸ ਤੋਂ ਇਲਾਵਾ ਸਿੱਖ ਕਲਚਰ, ਸਿੱਖ ਧਰਮ, ਸਿੱਖ ਤਵਾਰੀਖ਼, ਸਿੱਖ ਰਸਮੋ-ਰਿਵਾਜ, ਸਿੱਖ ਸੋਸਾਇਟੀ ਵੀ ਉਸ ਨੂੰ ਛੱਡਣੀ ਪੈਂਦੀ ਹੈ। ਉਸ ਨੂੰ ਆਪਣੇ ਗੁਰੂ, ਸ਼ਹੀਦ, ਆਗੂ, ਸ਼ਖ਼ਸੀਅਤਾਂ, ਤਿਉਹਾਰ, ਸ਼ਗਨ ਤੇ ਸੋਚ ਗੁਆਉਣੀ ਪੈਂਦੀ ਹੈ। ਏਨਾ ਸਾਰਾ ਕੁਝ ਛੱਡਣ ਦਾ ਉਸ ਨੂੰ ਜੋਸ਼, ਸ਼ਹਿਵਤ ਤੇ ਵਕਤੀ ਪਾਗਲਪਣ ਵੇਲੇ ਪਤਾ ਨਹੀਂ ਲੱਗਦਾ।

ਏਨਾ ਕੁਝ ਗੁਆਉਣ ਦੇ ਬਦਲੇ ਵਿਚ ਜੋ ਕੁਝ ਮਿਲਦਾ ਹੈ, ਉਹ ਹੈ ਸਿਰਫ਼, 'ਇਕ ਮਰਦ', ਜਿਸ ਤੋਂ ਉਸ ਨੂੰ ਜਿਸਮ ਜਾਂ ਕੁਝ ਪਿਆਰ ਮਿਲਣਾ ਹੁੰਦਾ ਹੈ। ਇਸ "ਪਿਆਰ"

ਅਤੇ "ਜਿਸਮ" ਨੂੰ, ਉਹ ਆਮ ਤੌਰ 'ਤੇ ਉਹ ਸ਼ਾਦੀ ਤੋਂ ਪਹਿਲਾਂ ਹੀ ਹਾਸਿਲ ਕਰ ਚੁੱਕੀ ਹੁੰਦੀ ਹੈ। ਸ਼ਾਦੀ ਮਗਰੋਂ ਪਿਆਰ ਵਧਦਾ ਨਹੀਂ, ਬਲਕਿ ਘਟਦਾ ਹੈ, ਕਿਉਂਕਿ ਪਹਿਲੋਂ ਦੂਰ ਹੋਣ ਕਰ ਕੇ ਜੋ ਖਿੱਚ ਹੁੰਦੀ ਹੈ, ਉਹ ਸ਼ਾਦੀ ਮਗਰੋਂ, ਹਰ ਵੇਲੇ ਕੋਲ ਹੋਣ ਕਰ ਕੇ, ਘਟ ਜਾਂਦੀ ਹੈ। ਸੋ ਸ਼ਾਦੀ ਮਗਰੋਂ, ਇਵਜ਼ ਵਿਚ ਕੁਝ ਵੱਧ ਮਿਲਣ ਦੀ ਬਜਾਇ, ਘਾਟੇ ਵਾਲੀ ਚਾਲ ਹੁੰਦੀ ਹੈ।

ਇਸ ਦੇ ਮੁਕਾਬਲੇ ਵਿਚ ਕੁੜੀ ਨੂੰ ਗ਼ੈਰ-ਮਜ਼ਹਬ, ਗ਼ੈਰ-ਕਲਚਰ, ਓਪਰਾ ਰਹਿਣ-ਸਹਿਣ, ਬੇਗਾਨੇ ਹੀਰੋ ਤੇ ਧਾਰਮਿਕ ਆਗੂ, ਪਰਾਏ ਤਿਉਹਾਰ ਤੇ ਰਸਮੋ-ਰਿਵਾਜ, ਅਣਜਾਣੀ ਸੋਸਾਇਟੀ ਤੇ ਭਾਈਚਾਰਾ ਤੇ ਇਕੱਲਪਣ ਵਿਚ ਜੀਣਾ ਪੈਂਦਾ ਹੈ। ਬਹੁਤੀਆਂ ਹਾਲਤਾਂ ਵਿਚ ਉਸ ਕੁੜੀ ਦੇ ਸਹੁਰਿਆਂ ਵਲੋਂ ਵੀ ਭਾਵੇਂ ਉਸ ਨੂੰ ਦਿਖਾਵੇ ਵਾਸਤੇ ਕਬੂਲ ਕਰ ਲਿਆ ਜਾਂਦਾ ਹੈ ਪਰ ਉਨ੍ਹਾਂ ਦੇ ਮਨ ਵਿਚ ਇਹ ਅਹਿਸਾਸ ਜ਼ਰੂਰ ਰਹਿੰਦਾ ਹੈ ਕਿ ਉਨ੍ਹਾਂ ਦੇ ਘਰ ਇਕ ਪਰਾਏ ਧਰਮ ਤੇ ਰਸਮਾਂ-ਰਿਵਾਜਾਂ ਵਾਲੀ ਕੁੜੀ ਆ ਗਈ ਹੈ। ਪੇਕਿਆਂ ਤੋਂ ਬਾਗ਼ੀ ਹੋ ਕੇ, ਵਿਆਹ ਕਰਵਾ ਕੇ ਆਈ ਅਜਿਹੀ ਕੁੜੀ, ਆਮ ਤੌਰ ਤੇ, ਖ਼ਾਲੀ ਹੱਥ ਹੀ ਆਈ ਹੁੰਦੀ ਹੈ। ਦਾਜ ਨਾ ਲਿਆਉਣ ਕਰ ਕੇ ਉਸ ਦਾ 'ਸੱਖਣੇ ਆਉਣਾ' ਉਸ ਦੇ ਸੱਸ-ਸਹੁਰਾ, ਨਿਨਾਣਾਂ ਤੇ ਦਿਰਾਣੀਆਂ-ਜਿਠਾਣੀਆਂ ਦੇ ਦਿਲ ਵਿਚ ਅਕਸਰ ਉਸ ਦਾ ਦਰਜਾ ਘਟਾਉਂਦਾ ਹੈ। ਇਸ ਬਾਰੇ ਸ਼ੁਰੂ-ਸ਼ੁਰੂ ਵਿਚ ਭਾਵੇਂ ਕਦੇ ਸਿੱਧਾ ਜ਼ਿਕਰ ਨਾ ਆਵੇ ਪਰ ਕੁਝ ਚਿਰ ਮਗਰੋਂ ਇਸ ਬਾਰੇ ਚਰਚਾ ਤੇ ਹੌਲੀ-ਹੌਲੀ ਤਾਅਨੇ-ਮਿਹਣੇ ਵੀ ਸ਼ੁਰੂ ਹੋ ਜਾਂਦੇ ਹਨ। ਇਸ ਸਾਰੇ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਕੁੜੀ ਦੇ ਅੰਦਰ ਅਹਿਸਾਸ-ਇ-ਕਮਤਰੀ (Inferiority complex) ਆ ਜਾਂਦਾ ਹੈ। ਉਹ ਬਗ਼ਾਵਤ ਕਰ ਕੇ ਆਏ ਹੋਣ ਦੀ ਵਜਹ ਕਰ ਕੇ ਨਾ ਤਾਂ ਪਿੱਛੇ ਮੁੜ ਸਕਦੀ ਹੈ ਅਤੇ ਨਾ ਹੀ ਜੀਅ ਸਕਦੀ ਹੈ। ਉਸ ਦੀ ਸ਼ਖ਼ਸੀਅਤ ਵਿਚ ਨਿੰਮੋਝੂਣਤਾ, ਉਦਾਸੀ, ਹਾਰ, ਕਮਜ਼ੋਰੀ, ਘਾਟ, ਨੀਵਾਂਪਣ ਦਾ ਵਾਧਾ ਹੁੰਦਾ ਜਾਂਦਾ ਹੈ ਅਤੇ ਕਈ ਵਾਰੀ ਤਾਂ ਉਹ ਤੁਰਦੀ-ਫਿਰਦੀ ਦੇਹ ਤੋਂ ਵੱਧ ਕੁਝ ਵੀ ਨਹੀਂ ਰਹਿੰਦੀ।

ਇਹ ਤਾਂ ਦੁਨੀਆਂ ਵਿਚ ਕਿਤੇ ਵੀ ਨਹੀਂ ਹੋ ਸਕਦਾ ਕਿ ਕਿਸੇ ਘਰ ਵਿਚ ਕੋਈ ਧਰਮਾਂ ਦੀ ਸਾਂਝੀ ਪੂਜਾ, ਧਰਮਾਂ ਦਾ ਸਾਂਝਾ ਕਲਚਰ, ਰਸਮੋ-ਰਿਵਾਜ, ਹੀਰੋ, ਰਿਵਾਇਤਾਂ, ਤਿਉਹਾਰ, ਸ਼ਗਨ ਹੁੰਦਾ ਹੋਵੇ। ਸਾਂਝਾ ਧਰਮ ਪਹਿਲੀ ਗੱਲ ਤਾਂ ਹੈ ਈ ਨਾ-ਮੁਮਕਿਨ ਤੇ ਦੂਜਾ ਇਸ ਦੇ ਇਮਕਾਨ ਤੇ ਵਜੂਦ ਦੀ ਉਮੀਦ ਵੀ ਕੋਈ ਨਹੀਂ।

ਇਸ ਲੇਖਕ ਨੇ ਘੱਟੋ-ਘੱਟ ਇਕ ਸਿੱਖ ਮਰਦ ਤੇ ਇਕ ਪੈਲਿਸ਼ ਕੁੜੀ, ਨੌਂ ਸਿੱਖ ਕੁੜੀਆਂ ਤੇ ਹਿੰਦੂ ਮੁੰਡੇ (ਸਣੇ ਇਕ ਥਾਈਲੈਂਡ ਦੀ ਸਿੱਖ ਕੁੜੀ), ਦੋ ਸਿੱਖ ਕੁੜੀਆਂ ਤੇ ਨੀਗਰੋ ਮੁੰਡੇ, ਪੰਦਰਾਂ ਸਿੱਖ ਮੁੰਡੇ ਤੇ ਹਿੰਦੂ ਕੁੜੀਆਂ, ਤਿੰਨ ਸਿੱਖ ਕੁੜੀਆਂ ਤੇ ਮੁਸਲਮਾਨ ਮੁੰਡੇ, ਦੋ ਸਿੱਖ ਮੁੰਡੇ ਤੇ ਮੁਸਲਮਾਨ ਕੁੜੀਆਂ ਦੀ ਜ਼ਿੰਦਗੀ ਨੂੰ ਘੋਖਿਆ ਹੈ। ਜਿਥੇ ਇਕ ਸਾਥੀ ਨੇ ਪੂਰੀ ਤਰ੍ਹਾਂ ਦੂਜੇ ਦਾ ਧਰਮ ਅਖ਼ਤਿਆਰ ਕਰ ਲਿਆ, ਉਸ ਨੂੰ ਛੱਡ ਕੇ ਬਾਕੀ ਸਾਰੀਆਂ ਜੋੜੀਆਂ ਜਾਂ ਤਾਂ ਤਲਾਕ ਵਿਚ ਮੁੱਕੀਆਂ ਹਨ ਤੇ ਜਾਂ ਫਿਰ ਅਹਿਸਾਸੇ-ਕਮਤਰੀ, ਨਿੰਮੋਝੂਣਤਾ, ਉਦਾਸੀ, ਹਾਰ, ਨੀਵਾਂਪਣ ਦੀ ਜ਼ਿੰਦਗੀ ਤੱਕੀ ਹੈ। ਕਈਆਂ ਨੇ ਤਾਂ ਅਖ਼ੀਰ

ਖ਼ੁਦਕੁਸ਼ੀ ਦਾ ਰਾਹ ਅਪਣਾਇਆ ।

ਸੋ ਕੁਲ ਮਿਲਾ ਕੇ ਗ਼ੈਰ-ਮਜ਼ਹਬ 'ਚ ਸ਼ਾਦੀ ਮਸਲਿਆਂ ਦਾ ਹੱਲ ਹੋਣ ਦੀ ਬਜਾਇ ਦੁਖਦਾਈ ਮਸਲਾ ਬਣੀ ਹੈ। ਇਹ ਇਕ ਮੁਸੀਬਤ, ਅਲਾਮਤ ਤੇ ਤਬਾਹੀ ਤੋਂ ਸਿਵਾ ਕੁਝ ਵੀ ਨਹੀਂ ।

ਦੂਜੇ ਪਾਸੇ ਗ਼ੈਰ-ਮਜ਼ਹਬੀ ਦੋਸਤੀਆਂ ਵਧੇਰੇ ਨਿਭਦੀਆਂ ਹਨ । ਗ਼ੈਰ-ਮਜ਼ਹਬੀ ਵਾਕਫ਼ ਤੇ ਦੋਸਤ ਧਰਮਾਂ ਦੀ ਨਫ਼ਰਤ ਘਟਾਉਣ 'ਚ ਮਦਦਗਾਰ ਸਾਬਿਤ ਹੋਏ ਹਨ । ਇਕ ਦੂਜੇ ਨਾਲ ਦੋਸਤੀ, ਪਛਾਣ, ਹਮਦਰਦੀ, ਸਾਂਝ ਉਮਰਾਂ ਤਕ ਚਲਦੀ ਹੈ। ਇਨ੍ਹਾਂ ਦੋਸਤੀਆਂ ਤੇ ਸਾਂਝਾਂ ਦੇ ਬੇਹਤਰ ਨਤੀਜੇ ਨਿਕਲੇ ਹਨ। ਦੂਜੇ ਪਾਸੇ ਜਦੋਂ ਗ਼ੈਰ-ਮਜ਼ਹਬਾਂ ਦੀ ਨੇੜਤਾ ਸ਼ਾਦੀ ਵਿਚ ਬਦਲੀ ਹੈ ਤਾਂ ਇਸ ਨੇ ਤਬਾਹੀ ਨੂੰ ਜਨਮ ਦਿੱਤਾ ਹੈ । ਸੋ, ਗ਼ੈਰ-ਮਜ਼ਹਬੀ ਦੋਸਤੀ ਜਮ੍ਹਾਂ ਵਾਲੀ ਕਾਰਵਾਈ ਹੈ ਅਤੇ ਗ਼ੈਰ-ਮਜ਼ਹਬ 'ਚ ਸ਼ਾਦੀ ਮੁਸੀਬਤ ਤੇ ਤਬਾਹੀ ਦਾ ਆਗ਼ਾਜ਼ ਹੈ ।

✲ ✲ ✲

ਸਿਖ ਫ਼ਲਸਫ਼ੇ ਵਿਚ ਮੌਤ

ਸਿੱਖ ਤਵਾਰੀਖ਼ ਵਿਚ ਇਕ ਸਾਖੀ ਦਾ ਜ਼ਿਕਰ ਆਉਂਦਾ ਹੈ, ਜਿਸ ਵਿਚ ਗੁਰੂ ਸਾਹਿਬ 'ਸੱਚ' ਤੇ 'ਝੂਠ' ਦੇ ਉਨਵਾਨ ਹੇਠਾਂ ਜ਼ਿੰਦਗੀ ਅਤੇ ਮੌਤ ਦਾ ਫ਼ਲਸਫ਼ਾ ਬਿਆਨ ਕਰਦੇ ਹਨ। ਉਹ ਲਫ਼ਜ਼ ਹਨ :

ਮਰਣਾ ਸਚ ਤੇ ਜੀਣਾ ਝੂਠ

ਸਿੱਖ ਫ਼ਲਸਫ਼ੇ ਵਿਚ ਜ਼ਿੰਦਗੀ ਨੂੰ ਬੇਮਾਅਨਾ ਨਹੀਂ ਆਖਿਆ ਗਿਆ। ਇਸ ਨੂੰ ਵਾਹਿਗੁਰੂ ਨਾਲ ਮੇਲ ਦੇ ਰਸਤੇ ਵਿਚਲਾ ਇਕ ਪੜਾਅ ਆਖਿਆ ਗਿਆ ਹੈ। ਜਿਸ ਵੇਲੇ ਅਸੀਂ ਰੱਬ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ, ਉਹ ਬੇਮਾਅਨਾ ਕਿੰਵ ਹੋ ਸਕਦਾ ਹੈ। ਇਹ ਜ਼ਿੰਦਗੀ ਮਿਲੀ ਹੀ ਰੱਬ ਦੀ ਸਿਫ਼ਤ ਸਲਾਹ ਕਰਨ, ਨਾਮ ਜਪਣ ਅਤੇ ਉਸ ਨਾਲ ਇਕ-ਮਿਕ ਹੋਣ ਵਾਸਤੇ ਹੈ :

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥

(ਸਫ਼ਾ ੩੭੮)

ਹਾਂ, ਉਨ੍ਹਾਂ ਦੀ ਜ਼ਿੰਦਗੀ ਬੇਮਾਅਨਾ ਜ਼ਰੂਰ ਹੈ ਜੋ 'ਕੁਫਕੜੇ' ਕਰਨ ਲਗਦੇ ਹਨ :

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ,
ਸਭ ਮੁਕਦੀ ਚਲੀ ਰੈਣਿ ॥

(ਸਫ਼ਾ ੪੩)

ਜੋ ਰੱਬ ਤੋਂ ਦੂਰ ਰਹਿੰਦੇ ਹਨ, ਉਨ੍ਹਾਂ ਨੂੰ ਮਰਨ ਤੋਂ ਡਰ ਲਗਦਾ ਹੈ :

ਜਗਿ ਮਰਣੁ ਨ ਭਾਇਆ,
ਨਿਤ ਆਪੁ ਲੁਕਾਇਆ,
ਮਤ ਜਮੁ ਪਕਰੈ ਲੈ ਜਾਇ ਜੀਉ ॥

(ਸਫ਼ਾ ੪੪੭)

ਪਰ ਰੱਬ ਦੇ ਪਿਆਰੇ ਵਾਸਤੇ ਤਾਂ :

ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ॥

ਇਹੁ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ ॥
ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ ॥

(ਸ਼ਫ਼ਾ ੧੪੨੯)

ਕਬੀਰ ਜਿਸੁ ਮਰਨੇ ਤੇ ਜਗੁ ਡਰੈ,
ਮੇਰੇ ਮਨਿ ਆਨੰਦੁ ॥

(ਸ਼ਫ਼ਾ ੧੩੬੫)

ਅਸੀਂ ਤਾਂ ਉਸ ਦੇ ਹੁਕਮ 'ਚ ਇਸ ਜਹਾਂ ਤੇ ਆਉਂਦੇ ਹਾਂ ਤੇ ਉਸ ਦੇ ਬੁਲਾਵੇ ਤੇ ਟੁਰ ਪੈਂਦੇ ਹਾਂ :

ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ ॥

(ਸ਼ਫ਼ਾ ੧੨੩੯)

ਮੌਤ ਇਕ ਅਜਿਹੀ ਸਚਾਈ ਹੈ, ਜਿਸ ਤੋਂ ਮੁਨਕਰ ਹੋਣਾ ਖ਼ੁਦ ਨੂੰ ਧੋਖਾ ਦੇਣਾ ਹੈ। ਗੁਰਬਾਣੀ ਵਿਚ ਜਗ੍ਹਾ-ਜਗ੍ਹਾ ਇਸ ਬਾਰੇ ਖ਼ਬਰਦਾਰ ਕੀਤਾ ਗਿਆ ਹੈ। ਇਨਸਾਨ ਦਾ ਆਉਣਾ ਤੇ ਵਾਪਸੀ ਤਾਂ ਪਹਿਲਾਂ ਹੀ ਮਿੱਥੀ ਹੋਈ ਹੈ :

ਜੋ ਜਨਮੈ ਸੋ ਜਾਨਹੁ ਮੂਆ ॥

(ਸ਼ਫ਼ਾ ੩੭੫)

ਜੋ ਉਪਜੈ ਸੋ ਕਾਲਿ ਸੰਘਾਰਿਆ ॥

(ਸ਼ਫ਼ਾ ੨੨੭)

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

(ਸ਼ਫ਼ਾ ੧੩੭੭)

ਹਰ ਲਮਹਾ ਸਾਡੀ ਜਿਸਮਾਨੀ ਜ਼ਿੰਦਗੀ ਨੂੰ ਘਟਾਈ ਜਾ ਰਿਹਾ ਹੈ। ਪਰ ਰੱਬ ਦਾ ਨਾਂ ਲੈਣ ਵਾਲਾ ਹਰ ਪਲ ਉਸ ਦੇ ਨੇੜੇ ਜਾ ਰਿਹਾ ਹੈ :

ਅਉਧ ਘਟੈ ਦਿਨਸੁ ਰੈਣਾਰੇ ॥
ਮਨ, ਗੁਰ ਮਿਲਿ ਕਾਜ ਸਵਾਰੇ ॥

(ਸ਼ਫ਼ਾ ੧੩)

ਦਿਨਸੁ ਚੜੈ, ਫਿਰਿ ਆਥਵੈ ਰੈਣਿ ਸਬਾਈ ਜਾਇ ॥
ਆਵ ਘਟੈ, ਨਰੁ ਨਾ ਬੁਝੈ, ਨਿਤਿ ਮੂਸਾ ਲਾਜੁ ਟੁਕਾਇ ॥

(ਸ਼ਫ਼ਾ ੪੧)

ਸਿੱਖ ਫ਼ਲਸਫ਼ੇ ਵਿਚ ਮੌਤ ਨੂੰ "ਚੜ੍ਹਾਈ ਕਰ ਜਾਣਾ" ਆਖਿਆ ਗਿਆ ਹੈ। ਇਹ ਅਗਾਂਹ ਵੱਲ ਜਾਣ ਦਾ ਮੁਕਾਮ ਹੈ। ਸਿੱਖ ਦੀ 'ਚੜ੍ਹਦੀ ਕਲਾ' ਇਸੇ ਦਾ ਨਾਂ ਹੈ। ਮਰਨ ਨੂੰ ਅਸੀਂ 'ਪੂਰਾ ਹੋ ਜਾਣਾ' ਵੀ ਆਖਦੇ ਹਾਂ। ਇਕ ਪੜਾਅ ਹੈ ਜੋ ਪੂਰਾ ਹੋ ਗਿਆ। ਇਸ ਵਿਚ ਭੋਗੀ ਗਈ ਜਿਸਮਾਨੀ ਉਮਰ ਦਾ ਸਵਾਲ ਨਹੀਂ ਹੈ। ਸਿੱਖ ਫ਼ਲਸਫ਼ੇ ਵਿਚ ਜ਼ਿੰਦਗੀ ਦੀ ਪੂਰਨਤਾ ਉਮਰ ਨਾਲ ਨਹੀਂ ਮਿਥੀ ਗਈ, ਬਲਕਿ ਜਿਸਮਾਨੀ ਉਮਰ ਵਿਚ

ਹਾਸਿਲ ਕੀਤੀ ਕਾਮਯਾਬੀ ਤੇ ਹੈ। ਕੁਝ ਪਲ, ਕੁਝ ਸਾਲ, ਚਾਲ੍ਹੀ, ਪੰਜਾਹ ਸਾਲ, ਸੌ ਸਾਲ ਜਾਂ ਵਧੇਰੇ ਉਮਰ ਦੀ ਸਿੱਖ ਫ਼ਲਸਫ਼ੇ ਵਿਚ ਕੋਈ ਦਰਜਾਬੰਦੀ ਨਹੀਂ ਹੈ। ਕੋਈ ਥੋੜ੍ਹੀ ਉਮਰ ਵਿਚ ਮਿਸ਼ਨ ਪੂਰਾ ਕਰਦਾ ਹੈ। ਕੋਈ ਵੱਧ ਵਿਚ। ਉਮਰ ਦੀ ਹੱਦ ਦਾ ਸਵਾਲ ਹੀ ਨਹੀਂ। ਇੰਞ ਹੀ ਸਿੱਖ ਵਾਸਤੇ ਚਲਾ ਜਾਣਾ, ਪੂਰਾ ਹੋ ਜਾਣਾ , ਚੜ੍ਹਾਈ ਕਰ ਜਾਣਾ ਵਾਹਿਗੁਰੂ ਦੇ ਕਦਮਾਂ ਵਿਚ ਨਿਵਾਸ ਕਰਨਾ, ਵਾਹਿਗੁਰੂ ਨਾਲ ਇਕ-ਮਿਕ ਹੋ ਜਾਣਾ, ਭਲਾ ਇਹ ਅਫ਼ਸੋਸ ਵਾਲੀਆਂ, ਦੁਖ ਭਰੀਆਂ, ਰੋਣ ਵਾਲੀਆਂ ਕਾਰਵਾਈਆਂ ਕਿੰਞ ਹੋ ਸਕਦੀਆਂ ਹਨ ? ਕੀ ਆਪਣੇ ਪਿਆਰੇ ਦੇ ਵਾਹਿਗੁਰੂ ਕੋਲ ਜਾਣ ਤੇ ਰੋਣਾ ਜਾਂ ਸੋਗ ਮਨਾਉਣਾ ਬਣਦਾ ਹੈ ? ਜੋ ਮੌਤ ਤੇ ਵੈਣ, ਸੋਗ, ਅਫ਼ਸੋਸ ਕਰਦੇ ਹਨ ਉਹ ਗੁਰਮਤਿ ਦੀ ਫ਼ਿਲਾਸਫ਼ੀ ਨੂੰ ਸਮਝਦੇ ਨਹੀਂ ਹਨ। ਗੁਰੂ ਸਾਹਿਬ ਤਾਂ ਆਖਦੇ ਹਨ ਕਿ :

ਮਤ ਮੈ ਪਿਛੈ ਕੋਈ ਰੋਵਸੀ

(ਸਫ਼ਾ ੯੨੩)

ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ ॥

(ਸਫ਼ਾ ੫੭੯)

ਸਿੱਖ ਵਾਸਤੇ ਮਰਨਾ ਵਾਹਿਗੁਰੂ ਨਾਲ ਮੇਲ ਹੈ ਅਤੇ ਖ਼ੁਸ਼ੀ ਦਾ ਮੌਕਾ ਹੈ। ਏਸੇ ਕਰ ਕੇ ਸਿੱਖ ਆਖਦਾ ਹੈ :

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥

(ਸਫ਼ਾ ੧੨)

ਕਈ ਵਾਰੀ ਹੈਰਾਨੀ ਹੁੰਦੀ ਹੈ ਜਦੋਂ ਚੜ੍ਹਾਈ ਕਰ ਗਏ, ਸ਼ਹੀਦ ਹੋ ਗਏ, ਗੁਰੂ ਕਦਮਾਂ 'ਚ ਵਸ ਗਏ ਕਿਸੇ ਸਜਣ ਦਾ ਅਖ਼ਬਾਰ ਵਿਚ ਇਸ਼ਤਿਹਾਰ ਜਾਂ ਭੋਗ ਸਬੰਧੀ ਕਾਰਡ ਛਪਿਆ ਹੁੰਦਾ ਹੈ ਅਤੇ ਥੱਲੇ ਲਿਖਿਆ ਹੁੰਦਾ ਹੈ 'ਦੁਖੀ ਹਿਰਦੇ' (ਪੰਜਾਬੀ ਵਿਚ "ਦੁਖੀ ਦਿਲ")। ਕੀ ਸ਼ਹੀਦੀ ਮਗਰੋਂ ਉਸ ਦੇ ਵਾਰਿਸ ਜਾਂ ਸਾਥੀ ਜਾਂ ਸੱਜਣ 'ਦੁਖੀ' ਹੁੰਦੇ ਹਨ ? ਅਜਿਹਾ ਜਾਪਦਾ ਹੈ ਕਿ ਅਸੀਂ ਇਕ ਮੰਜ਼ਿਲ ਵੱਲ ਚਲ ਪਏ ਹਾਂ ਪਰ ਉਸ ਦੇ ਰਾਹ ਦੇ ਅਸੂਲ ਨਹੀਂ ਸਮਝੇ। ਇੰਞ ਹੀ ਸਿੱਖੀ ਵਿਚ "ਬਰਸੀ" ਲਫ਼ਜ਼ ਸ਼ਹੀਦ ਦੀ ਯਾਦ ਵਾਸਤੇ ਛੋਟਾ ਹੈ। ਸਿੱਖ ਤਾਂ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦੀ ਜੋੜ ਮੇਲਾ' ਮਨਾਉਂਦੇ ਹਨ।

ਸਿੱਖ ਫ਼ਲਸਫ਼ੇ ਵਿਚ ਜਿਸਮਾਨੀ ਮੌਤ ਤੋਂ ਮਗਰੋਂ ਦੀ ਹਾਲਤ ਨੂੰ ਹਕੀਕਤ ਵਜੋਂ ਬਿਆਨ ਕੀਤਾ ਗਿਆ ਹੈ। ਇਸ ਨੂੰ ਮਿੱਟੀ ਵਿਚੋਂ ਰੂਹ ਦਾ ਨਿਕਲ ਜਾਣਾ ਆਖਿਆ ਹੈ। ਇਸ ਜਿਸਮ ਨੂੰ ਕੋਈ ਮਹਾਨਤਾ ਜਾਂ ਖ਼ਾਸ ਦਰਜਾ ਨਹੀਂ ਦਿੱਤਾ ਗਿਆ :

ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥

(ਸਫ਼ਾ ੧੫੨)

ਰੂਹ ਦੇ ਕਲਬੂਤ ਵਿਚੋਂ ਨਿਕਲ ਜਾਣ ਮਗਰੋਂ, ਪੰਜੇ ਤੱਤ, ਜਿਨ੍ਹਾਂ ਦਾ ਕਲਬੂਤ ਬਣਿਆ ਹੋਇਆ ਹੈ, ਤੱਤਾਂ ਦੇ ਇਕੱਠ ਵਿਚ ਸਮਾ ਜਾਂਦੇ ਹਨ ਤੇ ਰੂਹ ਵਾਹਿਗੁਰੂ ਕੋਲ

ਪੁਜ ਜਾਂਦੀ ਹੈ :

ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥

(ਸਫ਼ਾ ੮੮੫)

ਪਾਂਚ ਤਤ ਕੋ ਤਨੁ ਰਚਿਓ, ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ, ਲੀਨ ਤਾਹਿ ਮੈ ਮਾਨੁ ॥

(ਸਫ਼ਾ ੧੪੨੬)

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਸਫ਼ਾ ੨੭੮)

ਚੜ੍ਹਾਈ ਕਰ ਜਾਣ ਮਗਰੋਂ ਸਿੱਖ ਨੂੰ 'ਭਾਣਾ ਮੰਨਣ' ਦਾ ਹੁਕਮ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚੜ੍ਹਾਈ ਕਰਨ ਵਾਲੇ ਦੀਆਂ ਖ਼ੂਬੀਆਂ ਚੇਤੇ ਆਉਂਦੀਆਂ ਹਨ। ਜਿਸਮ ਤਾਂ ਇਕ ਢਾਂਚਾ ਹੈ। ਜਿਵੇਂ ਇਕ ਚੰਗੀ ਇਮਾਰਤ ਥੇਹ ਬਣਨ ਮਗਰੋਂ ਉਸ ਇਮਾਰਤ ਦੀਆਂ ਖ਼ਾਸ ਖ਼ਾਸ ਯਾਦਾਂ ਜਾਂ ਉਸ ਵਿਚਲੀਆਂ ਸਹੂਲਤਾਂ ਚੇਤੇ ਆਉਂਦੀਆਂ ਹਨ; ਇਸੇ ਤਰ੍ਹਾਂ ਹੱਡ-ਮਾਸ ਦਾ ਢਾਂਚਾ, ਪੰਜਾਂ ਤੱਤਾਂ ਦਾ ਜਿਸਮ ਢੱਠਣ ਮਗਰੋਂ, ਉਸ ਦੀਆਂ ਖ਼ਾਸ-ਖ਼ਾਸ ਗੱਲਾਂ ਚੇਤੇ ਆਉਂਦੀਆਂ ਰਹਿੰਦੀਆਂ ਹਨ।

ਸਿੱਖ ਇਸੇ ਕਰ ਕੇ ਅੰਤਿਮ ਸੰਸਕਾਰ ਮਗਰੋਂ ਕੀਰਤਨ, 'ਨਿਰਬਾਨ ਕੀਰਤਨ', ਕਰਦੇ ਹਨ। ਕੀਰਤਨ 'ਚ ਵਾਹਿਗੁਰੂ ਦੀ ਮਹਿਮਾ ਹੈ, ਫ਼ਲਸਫ਼ੇ ਨੂੰ ਦੋਬਾਰਾ ਚੇਤੇ ਕਰਨਾ ਹੈ। ਅਰਦਾਸ, ਭਾਣਾ ਮੰਨਣਾ, ਇਸ ਮਕਸਦ ਦੇ ਸ਼ਬਦਾਂ ਦਾ ਕੀਰਤਨ ਕਰਨਾ, ਇਹ ਸਾਰਾ ਇਸੇ ਵਾਸਤੇ ਹੁੰਦਾ ਹੈ ਕਿ ਜੁੜੇ ਹੋਏ ਸਿੰਘ, ਹਾਜ਼ਿਰ ਸੰਗਤ, 'ਚੜ੍ਹਾਈ ਕਰਨ ਬਾਰੇ' ਸਿੱਖ ਫ਼ਲਸਫ਼ਾ ਸਮਝ ਲੈਣ।

ਮਰਨ ਮਗਰੋਂ ਚੰਗੇ ਕੰਮ ਕਰਨ ਵਾਲਾ, ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੁੰਦਾ ਹੈ। ਸ਼ਹੀਦ, ਜਰਨੈਲ, ਭਗਤ, ਦਰਵੇਸ਼, ਭਲੇ ਲੋਕ ਵਾਹਿਗੁਰੂ ਦੇ ਕਦਮਾਂ ਵਿਚ ਜਗ੍ਹਾ ਹਾਸਿਲ ਕਰਦੇ ਹਨ :

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥

(ਸਫ਼ਾ ੫੭੯)

ਇਹੋ ਜਿਹੇ ਗੁਰਸਿੱਖਾਂ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
ਸੱਚੀ ਦਰਗਹ ਜਾਇ ਸਚਾ ਪਿੜ ਮਲਿਆ ॥

(ਵਾਰ ੧੯, ਪਉੜੀ ੧੪)

ਯਾਨਿ "ਸਚਾ ਪਿੜ ਮਲਣ" ਵਾਸਤੇ ਗੁਰਮੁਖਿ ਬਣਨਾ ਜ਼ਰੂਰੀ ਹੈ।

ਸਿਖ ਫ਼ਲਸਫ਼ੇ ਵਿਚ ਪਾਪ

ਪਾਪ ਦਾ ਮਾਅਨਾ ਹੈ : ਰੱਬ ਦੇ ਦਸੇ ਜ਼ਾਬਤੇ ਤੋਂ ਉਲਟ ਚਲਣਾ। ਰੂਹਾਨੀਅਤ ਦੇ ਅਸੂਲ ਤੋਂ ਬਾਗ਼ੀ ਹੋ ਕੇ ਕੀਤੀ ਕਾਰਵਾਈ ਪਾਪ ਹੈ। ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼ ਵਿਚ) ਪਾਪ ਜਾਂ ਗੁਨਾਹ ਅਜਿਹੇ ਕਰਮ ਨੂੰ ਮੰਨਦੇ ਹਨ, ਜਿਸ ਤੋਂ ਹਰ ਇਕ ਨੂੰ, ਆਪਣੇ ਆਪ ਨੂੰ, ਬਚਾਉਣਾ ਚਾਹੀਦਾ ਹੈ। ਵੱਖ-ਵੱਖ ਮਜ਼ਹਬ ਗੁਨਾਹ ਬਾਰੇ ਵੱਖ-ਵੱਖ ਖ਼ਿਆਲ ਪੇਸ਼ ਕਰਦੇ ਹਨ। ਇੰਞ ਹੀ ਹਰ ਧਰਮ ਵਿਚ 'ਗੁਨਾਹ' ਵੀ ਵੱਖਰੇ-ਵੱਖਰੇ ਹਨ।

ਯਹੂਦੀਆਂ ਵਿਚ ਪਾਪ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ : ਨਿਜੀ ਅਤੇ ਕੌਮੀ। ਯਹੂਦੀ ਬੁੱਤ ਪੂਜਾ ਨੂੰ ਕੌਮੀ ਗੁਨਾਹ ਮੰਨਦੇ ਹਨ। ਈਸਾਈ ਸੱਤ ਗੁਨਾਹਾਂ ਦਾ ਖ਼ਾਸ ਜ਼ਿਕਰ ਕਰਦੇ ਹਨ। ਬਾਈਬਲ 'ਚ ਜਿਨ੍ਹਾਂ ਸੱਤ ਗੁਨਾਹਾਂ ਦਾ ਜ਼ਿਕਰ ਹੈ ਉਹ ਹਨ: ਹੰਕਾਰ, ਸੈਕਸ (ਕਾਮ) ਦੀ ਭੁੱਖ, ਲਾਲਚ, ਗੁੱਸਾ, ਪੇਟ-ਰਸ, ਸਾੜਾ (ਈਰਖਾ), ਆਲਸ। ਈਸਾਈਆਂ ਵਿਚ ਇਨ੍ਹਾਂ ਸੱਤ ਨਿੱਜੀ ਗੁਨਾਹਾਂ ਦੇ ਨਾਲ-ਨਾਲ ਸੱਤ ਭਾਈਚਾਰਕ ਗੁਨਾਹਾਂ ਦਾ ਜ਼ਿਕਰ ਵੀ ਆਉਂਦਾ ਹੈ : ਬਿਨਾਂ ਦੀਨ ਤੋਂ ਸਿਆਸਤ, ਬਿਨਾਂ ਮਿਹਨਤ ਤੋਂ ਹਾਸਿਲ ਕੀਤੀ ਦੌਲਤ, ਬਿਨਾਂ ਰੂਹਾਨੀਅਤ ਤੋਂ ਖ਼ੁਸ਼ੀ, ਬਿਨਾਂ ਇਖ਼ਲਾਕ ਤੋਂ ਇਲਮ, ਬਿਨਾਂ ਅਸੂਲ ਤੋਂ ਤਜਾਰਤ, ਇਨਸਾਨੀਅਤ ਤੋਂ ਬਿਨਾਂ ਸਾਇੰਸ ਅਤੇ ਕੁਰਬਾਨੀ ਤੋਂ ਬਿਨਾਂ ਪੂਜਾ। ਈਸਾਈ, ਨਿਜੀ ਗੁਨਾਹ ਨੂੰ ਵੱਡੇ ਗੁਨਾਹ ਅਤੇ ਦੂਜੇ ਸੱਤ ਭਾਈਚਾਰਕ ਗੁਨਾਹਾਂ ਨੂੰ ਛੋਟੇ ਗੁਨਾਹ ਮੰਨਦੇ ਹਨ।

ਇੰਤਹਾ-ਪਸੰਦ ਮੰਨੇ ਜਾਂਦੇ ਹਿੰਦੂ ਲਿਖਾਰੀ ਮਨੂ ਨੇ ਪੰਜ ਵੱਡੇ ਗੁਨਾਹਾਂ ਦਾ ਜ਼ਿਕਰ ਕੀਤਾ ਹੈ : ਬ੍ਰਹਮ ਦਾ ਕਤਲ, ਚੋਰੀ, ਸ਼ਰਾਬ ਅਤੇ ਆਪਣੇ ਗੁਰੂ ਦੀ ਜ਼ਨਾਨੀ ਨਾਲ ਹਮਬਿਸਤਰੀ ਕਰਨਾ ਤੇ ਇਨ੍ਹਾਂ ਚਾਰਾਂ ਗੁਨਾਹਾਂ ਵਿਚੋਂ ਕਿਸੇ ਗੁਨਾਹ ਨੂੰ ਕਰਨ ਵਾਲੇ ਨਾਲ ਮੇਲ ਰਖਣਾ। ਮਹਾਂਭਾਰਤ ਵਿਚ ਵੀ ਦਸ ਗੁਨਾਹਾਂ ਦਾ ਜ਼ਿਕਰ ਆਉਂਦਾ ਹੈ : ਤਸ਼ੱਦਦ (ਉਂਞ ਬ੍ਰਾਹਮਣ ਨੇ ਸਿੱਖਾਂ ਕਸ਼ਮੀਰੀਆਂ, ਮੁਸਲਮਾਨਾਂ, ਈਸਾਈਆਂ, ਅਖੌਤੀ ਪਛੜੀਆਂ ਜ਼ਾਤਾਂ ਉਤੇ ਦੁਨੀਆਂ ਭਰ ਦੀ ਸਭ ਤੋਂ ਜ਼ਾਲਮਾਨਾ ਤਸ਼ੱਦਦ ਕੀਤੀ ਹੈ ਅਜੇ ਵੀ ਕਰ ਰਹੇ ਹਨ) ਚੋਰੀ, ਝੂਠ ਬੋਲਣਾ, ਕੌੜਾ ਬੋਲ, ਚੁਗਲੀ, ਪਰਾਈ ਔਰਤ ਭੋਗਣਾ, ਵਾਇਦਾ ਕਰ ਕੇ ਮੁਕਰ ਜਾਣਾ, ਬੁਰਾ ਸੋਚਣਾ, ਪੁੰਨ ਦਾਨ ਕਰ ਕੇ ਉਸ ਦੇ ਫਲ ਦੀ ਖ਼ਾਹਿਸ਼ ਰਖਣਾ ਤੇ ਬੇਰਹਿਮੀ।

ਇਸਲਾਮ ਵਿਚ ਬਹੁਤ ਸਾਰੇ ਗੁਨਾਹ ਮੰਨੇ ਗਏ ਹਨ। ਮੁਸਲਮਾਨ ਗੁਨਾਹਾਂ ਨੂੰ ਦੋ ਦਰਜਿਆਂ ਵਿਚ ਰੱਖਦੇ ਹਨ : ਕਬੀਰਾ (ਵੱਡੇ ਗੁਨਾਹ) ਅਤੇ ਸਗੀਰਾ (ਛੋਟੇ ਗੁਨਾਹ)। ਇਸਲਾਮ ਵਿਚ ਵੱਡੇ ਗੁਨਾਹ ਹਨ : ਕੁਫ਼ਰ (ਯਾਨਿ ਰੱਬ ਤੇ ਯਕੀਨ ਨਾ ਰੱਖਣਾ), ਰੱਬ

ਦੇ ਗ਼ੁੱਸੇ ਤੋਂ ਖ਼ੁਦ ਨੂੰ ਆਜ਼ਾਦ ਮੰਨਣਾ, ਝੂਠੀ ਕਸਮ ਖਾਣਾ, ਜਾਦੂ ਕਰਨਾ, ਸ਼ਰਾਬ ਪੀਣਾ, ਕਿਸੇ ਮੁਸਲਮਾਨ 'ਤੇ ਜ਼ਨਾਹ ਦਾ ਝੂਠਾ ਇਲਜ਼ਾਮ ਲਾਉਣਾ, ਲਾਵਾਰਸ ਦੀ ਜਾਇਦਾਦ ਹੜਪ ਕਰ ਜਾਣਾ, ਸੂਦ ਖਾਣਾ, ਯਾਰੀ ਲਾਉਣਾ, ਚੋਰੀ, ਕਤਲ, ਗ਼ੈਰ-ਕੁਦਰਤੀ ਜੁਰਮ, ਜਹਾਦ ਵੇਲੇ ਮੈਦਾਨ 'ਚੋਂ ਭੱਜ ਜਾਣਾ, ਬਜ਼ੁਰਗਾਂ ਦਾ ਕਿਹਾ ਨਾ ਮੰਨਣਾ ਅਤੇ ਛੋਟੇ ਗੁਨਾਹ ਵਾਰ-ਵਾਰ ਕਰਨਾ। ਇਨ੍ਹਾਂ ੧੭ ਵੱਡੇ ਗੁਨਾਹਾਂ ਤੋਂ ਇਲਾਵਾ ਕਿੰਨੇ ਹੀ ਹੋਰ ਛੋਟੇ-ਛੋਟੇ ਗੁਨਾਹ (ਸਗੀਰਾ) ਇਸਲਾਮ ਵਿਚ ਬਿਆਨ ਕੀਤੇ ਹੋਏ ਹਨ।

ਸਿੱਖ ਫ਼ਲਸਫ਼ੇ ਵਿਚ ਗੁਨਾਹ ਦਾ ਭਾਵੇਂ ਸਿੱਧਾ ਜ਼ਿਕਰ ਨਹੀਂ ਆਉਂਦਾ ਪਰ ਰਹਿਤ ਮਰਿਯਾਦਾ ਅਤੇ ਗੁਰਬਾਣੀ ਵਿਚ ਇਸ ਸਬੰਧੀ ਇਸ਼ਾਰੇ ਮਿਲਦੇ ਹਨ। ਚਾਰ ਬੱਜਰ ਕੁਰਹਿਤਾਂ ਗੁਨਾਹ ਹੀ ਹਨ : ਕੇਸ ਕਤਲ ਕਰਨਾ, ਤੁਰਕਣੀ ਨਾਲ ਹਮਬਿਸਤਰ ਹੋਣਾ, ਹਲਾਲ ਮਾਸ ਖਾਣਾ ਅਤੇ ਤੰਬਾਕੂ ਨੋਸ਼ੀ। ਇੰਞ ਹੀ ਦੂਜੀਆਂ ਕੁਰਹਿਤਾਂ ਵੀ ਗੁਨਾਹ ਹੀ ਹਨ। ਪਰ ਬਾਣੀ ਵਿਚ ਕੁਝ ਗੁਨਾਹਾਂ ਤੋਂ ਰੋਕਣ ਵਾਸਤੇ ਤਾਂ ਖ਼ਾਸ ਹਦਾਇਤਾਂ ਵੀ ਹਨ :

ਸਿੱਖ ਵਾਹਿਗੁਰੂ ਤੋਂ ਬੇਮੁੱਖ ਨਹੀਂ ਹੋ ਸਕਦਾ। ਰੱਬ 'ਤੇ ਯਕੀਨ ਨਾ ਕਰਨਾ, ਉਸ ਦੀ ਬਖ਼ਸ਼ਿਸ਼ ਨੂੰ ਅਪਾਰ ਨਾ ਮੰਨਣਾ, ਉਸ ਵੱਲ ਪਿੱਠ ਕਰਨਾ ਜਾਂ ਉਸ ਦੀ ਤਾਕਤ ਦੀ ਹੱਦ ਮਿਥਣਾ ਸਿੱਖ ਵਾਸਤੇ ਗੁਨਾਹ ਹੈ। ਰੱਬ ਦਾ ਨਾਂ ਨਾ ਲੈਣ ਵਾਲੇ ਸਿੱਖ ਨੂੰ ਤਾਂ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ।

ਸਿੱਖ ਆਲ੍ਹਕੀ ਨਹੀਂ ਹੋ ਸਕਦਾ। ਸਿੱਖ ਨੂੰ ਹਦਾਇਤ ਹੈ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ, ਨਹਾ ਕੇ, ਰੱਬ ਦਾ ਨਾਂ ਜਪੇ। ਸਿੱਖ ਨੂੰ ਉਦਮੀ ਹੋਣ ਦੀ ਹਦਾਇਤ ਹੈ :

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਸਫ਼ਾ ੫੨੨)

ਗੁਰੂ ਰਾਮਦਾਸ ਸਾਹਿਬ ਵੀ ਸਤਿਗੁਰੂ ਦੇ ਸਿੱਖ ਦੀ ਤਾਰੀਫ਼ ਕਰਦਿਆਂ ਇਹੀ ਕੁਝ ਬਿਆਨ ਕਰਦੇ ਹਨ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ ॥

(ਸਫ਼ਾ ੩੦੫-੦੬)

ਕਿਸੇ ਦਾ ਦਿਲ ਦੁਖਾਣਾ ਵੀ ਸਿੱਖ ਵਾਸਤੇ ਗੁਨਾਹ ਹੈ। ਬੇਵਜ੍ਹਾ ਕਿਸੇ ਦੇ ਦਿਲ ਨੂੰ ਠੇਸ ਪਹੁੰਚਾਉਣਾ, ਫਿੱਕਾ ਬੋਲਣਾ, ਸਿੱਖ ਵਾਸਤੇ ਪਾਪ ਹੈ :

ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ॥

ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ ॥

(ਸਫ਼ਾ ੪੭੩)

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

(ਸਫ਼ਾ ੧੩੮੪)

ਪਰਾਇਆ ਹੱਕ ਖਾਣਾ ਵੀ ਸਿੱਖ ਵਾਸਤੇ ਗੁਨਾਹ ਹੈ। ਗੁਰੂ ਨਾਨਕ ਸਾਹਿਬ ਨੇ ਦੰਭੀਆਂ, ਕਰਮ ਕਾਂਡੀਆਂ ਨੂੰ ਹਲੂਣਦਿਆਂ ਆਖਿਆ ਹੈ :

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ ॥

(ਸਫ਼ਾ ੧੪੧)

ਸਿੱਖ ਫ਼ਲਸਫ਼ੇ ਵਿਚ ਅਹਿਸਾਨ-ਫ਼ਰਾਮੋਸ਼ੀ ਵੀ ਵੱਡਾ ਗੁਨਾਹ ਮੰਨੀ ਗਈ ਹੈ।

ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥

(ਸਫ਼ਾ ੧੪੩)

ਭਾਈ ਗੁਰਦਾਸ ਅਹਿਸਾਨ-ਫ਼ਰਾਮੋਸ਼ ਨੂੰ ਜ਼ਮੀਨ 'ਤੇ ਸਭ ਤੋਂ ਵੱਡਾ ਭਾਰ ਆਖਦੇ ਹਨ :

ਭਾਰੇ ਭੁਈ ਆਕਿਰਤਘਣ, ਮੰਦੀ ਹੂ ਮੰਦੇ ॥

((ਸਫ਼ਾ ੩੫/੮)

ਕਮਜ਼ੋਰ ਅਤੇ ਗ਼ਰੀਬ 'ਤੇ ਆਕੜ ਤੇ ਰੋਅਬ ਰਖਣੋਂ ਵੀ ਸਿੱਖ ਨੂੰ ਰੋਕਿਆ ਗਿਆ ਹੈ :

ਗਰੀਬਾ ਉਪਰਿ ਜਿ ਖਿੰਜੈ ਦਾੜੀ ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥ (ਸਫ਼ਾ ੧੯੯)

ਇਸ ਤੋਂ ਇਲਾਵਾ ਸਿੱਖ ਨੂੰ ਹਦਾਇਤ ਹੈ ਕਿ ਉਹ ਪੰਜ ਬੁਰਾਈਆਂ (ਐਬਾਂ) ਤੋਂ ਵੀ ਬਚ ਕੇ ਰਹੇ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ "ਪੰਜ ਚੋਰ" ਆਖਿਆ ਗਿਆ ਹੈ। ਇਹ ਪੰਜੇ ਚੋਰ ਰੂਹਾਨੀਅਤ, ਰੱਬ ਨਾਲ ਮੇਲ ਅਤੇ ਮੁਕਤੀ ਦੇ ਰਸਤੇ ਦੀਆਂ ਰੁਕਾਵਟਾਂ ਹਨ। ਗੁਨਾਹ ਬਾਰੇ ਸਭ ਤੋਂ ਖ਼ਾਸ ਦੋ ਨੁਕਤੇ ਇਹ ਹਨ :

੧-ਇਹ ਕਾਰਵਾਈ ਰੱਬੀ ਜ਼ਾਬਤੇ, ਰੂਹਾਨੀ ਅਸੂਲਾਂ, ਵਾਹਿਗੁਰੂ ਦੀ ਤਾਕਤ ਅਤੇ ਆਈਨ ਦੇ ਉਲਟ ਹੁੰਦੀ ਹੈ।

੨-ਇਹ ਕਾਰਵਾਈ ਜਾਣ ਬੁੱਝ ਕੇ, ਨੀਅਤਨ ਕੀਤੀ ਗਈ ਹੁੰਦੀ ਹੈ। ਸਹਿਵਨ ਹੋ ਜਾਣ ਵਾਲੀ ਗ਼ਲਤੀ ਗੁਨਾਹ ਨਹੀਂ ਹੈ। ਜੇ ਕਰ ਪਤਾ ਹੋਏ ਕਿ ਕੀਤੀ ਜਾਣ ਵਾਲੀ ਕਾਰਵਾਈ ਰੂਹਾਨੀ ਜ਼ਾਬਤੇ ਦੇ ਉਲਟ ਹੈ ਤਾਂ ਹੀ ਉਹ ਗੁਨਾਹ ਹੈ। ਗੁਨਾਹ ਦੇ ਪਿਛੋਕੜ ਵਿਚ ਰੱਬ ਦੇ 'ਨਿਰਮਲ ਭਉ' ਤੋਂ ਬਗ਼ਾਵਤ ਹੁੰਦੀ ਹੈ। ਅਜਿਹੀ ਕਾਰਵਾਈ ਕਰਨ ਵਾਲੇ ਦੇ ਦਿਲੋ-ਦਿਮਾਗ਼ ਵਿਚ ਇਹ ਅਹਿਸਾਸ ਹੁੰਦਾ ਹੈ ਕਿ ਉਹ ਖ਼ੁਦ ਆਪ ਚੰਗੇ ਤੇ ਮਾੜੇ ਦਾ ਫ਼ੈਸਲਾ ਕਰਨ ਵਾਲਾ ਹੈ। ਯਾਨਿ ਰੂਹਾਨੀਅਤ ਦਾ ਜ਼ਾਬਤਾ ਉਹ ਆਪ ਘੜਨਾ ਚਾਹੁੰਦਾ

ਹੈ। ਇਹ ਸਭ ਯਕੀਨਨ ਰੱਬ ਦੇ ਖ਼ਿਲਾਫ਼ ਬਗ਼ਾਵਤ ਹੈ।

ਕੁਝ ਗੁਨਾਹ ਭਾਈਚਾਰਕ ਤੇ ਕੁਝ ਕੌਮੀ ਜਾਪਦੇ ਹਨ। ਪਰ ਜੇ ਗਹੁ ਨਾਲ ਦੇਖੀਏ ਤਾਂ ਇਨ੍ਹਾਂ ਸਾਰਿਆਂ ਦੇ ਪਿਛੋਕੜ ਵਿਚ ਕੌਮੀ ਇਖ਼ਲਾਕ ਹੁੰਦਾ ਹੈ ਅਤੇ ਕੌਮੀ ਇਖ਼ਲਾਕ, ਰੂਹਾਨੀਅਤ ਦੀ ਜ਼ਮੀਨ 'ਤੇ ਉਸਾਰਿਆ ਹੋਇਆ ਹੁੰਦਾ ਹੈ। ਇੰਞ ਹਰ ਗੁਨਾਹ ਦਾ ਪਿਛੋਕੜ ਰੂਹਾਨੀਅਤ ਦਾ ਜ਼ਾਬਤਾ ਨਾ ਮੰਨਣਾ ਹੀ ਬਣ ਜਾਂਦਾ ਹੈ।

ਸਿੱਖ ਨੂੰ ਗੁਨਾਹ ਤੋਂ ਬਚਣ ਵਾਸਤੇ ਨਾਮ ਜਪਣ ਤੇ "ਸੱਚ ਆਚਾਰ" ਵਾਲੀ ਜ਼ਿੰਦਗੀ ਜੀਣ ਦੀ ਹਦਾਇਤ ਹੈ।

✡ ✡ ✡

ਸਿੱਖ ਦੀ ਰਹਿਣੀ-ਬਹਿਣੀ

ਸਿੱਖ ਸੁਚੱਜਤਾ, ਸਿੱਖ ਕਲਚਰ, ਸਿੱਖ ਤਹਿਜ਼ੀਬ ਦੁਨੀਆਂ ਭਰ ਵਿਚ ਲਾਸਾਨੀ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਜਿਊਣ ਵਾਲਾ ਬੰਦਾ ਸਹੀ ਮਾਅਨਿਆਂ ਵਿਚ ਮੁਕੰਮਲ ਇਨਸਾਨ ਹੈ। ਅਜਿਹੇ ਬੰਦੇ ਦੀ ਰਹਿਣੀ ਬਹਿਣੀ ਯਕੀਨਨ ਬੇਮਿਸਾਲ ਅਤੇ ਲਾਸਾਨੀ ਹੋਣੀ ਚਾਹੀਦੀ ਹੈ। ਹੱਥਲੇ ਮਜ਼ਮੂਨ ਵਿਚ ਸਿੱਖ ਸੁਚੱਜਤਾ ਦੇ ਕੁਝ ਨੁਕਤਿਆਂ ਬਾਰੇ ਵਿਚਾਰ ਪੇਸ਼ ਹੈ।

ਸਿੱਖ ਦਾ ਰੋਜ਼ਾਨਾ ਦਾ ਟਾਈਮ ਟੇਬਲ ਸਵੇਰੇ ਉੱਠਣ ਤੋਂ ਸ਼ੁਰੂ ਹੁੰਦਾ ਹੈ। ਜਿੰਨੀ ਛੇਤੀ ਹੋ ਸਕੇ ਸਿੱਖ ਨੂੰ ਬਿਸਤਰੇ ਵਿਚੋਂ ਨਿਕਲ ਪੈਣਾ ਚਾਹੀਦਾ ਹੈ। ਇਸ ਦਾ ਮਾਅਨਾ ਹਰਗਿਜ਼ ਇਹ ਨਹੀਂ ਕਿ ਤੜਕੇ ਦੋ ਵਜੇ ਉੱਠ ਕੇ, ਨਿਤਨੇਮ ਕਰ ਕੇ, ਫੇਰ ਸੌਂ ਜਾਓ। ਸਵਾਲ ਤਾਂ ਦਲਿੱਦਰ ਛੱਡਣ ਦਾ ਹੈ। ਜਿੰਨਾ ਜ਼ਰੂਰੀ ਹੋਏ ਸਿਰਫ਼ ਓਨਾ ਹੀ ਸੌਂਇਆ ਜਾਏ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

(ਸਫ਼ਾ ੩੦੫)

ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

(ਸਫ਼ਾ ੧੭)

ਸਿੱਖ ਦੀ ਖ਼ੁਰਾਕ ਕਿਹੋ ਜਿਹੀ ਹੋਣੀ ਚਾਹੀਦੀ ਹੈ। ਸਿੱਖ ਨੂੰ "ਛੱਤੀ ਪਦਾਰਥ" ਯਾਨਿ ਅੱਯਾਸ਼ੀ ਵਾਲੀ ਖ਼ੁਰਾਕ, ਸੁਆਦ ਅਤੇ ਮਜ਼ੇ ਵਾਸਤੇ ਜਾਂ ਬੇਹਿਸਾਬ ਖਾਣ-ਪੀਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰਬਾਣੀ ਦਾ ਫ਼ੁਰਮਾਨ ਇਹ ਜ਼ਰੂਰ ਹੈ ਕਿ :

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥

(ਸਫ਼ਾ ੪੭੨)

ਪਰ ਇਸ ਦੇ ਨਾਲ ਇਹ ਵੀ ਸਮਝਾਇਆ ਹੈ ਕਿ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

(ਸਫ਼ਾ ੧੬)

ਅਤੇ

ਓਨੀ ਦੁਨੀਆ ਤੋੜੇ ਬੰਧਨਾ

ਅੰਨੁ ਪਾਣੀ ਥੋੜਾ ਖਾਇਆ

(ਸਫ਼ਾ ੪੬੭)

ਉਂਞ ਤਾਂ ਹਰ ਮਜ਼ਹਬ ਆਖਦਾ ਹੈ ਕਿ ਇਨਸਾਨ ਜੀਣ ਵਾਸਤੇ ਖਾਂਦਾ ਹੈ ਨਾ ਕਿ ਖਾਣ ਵਾਸਤੇ ਜੀਂਦਾ ਹੈ। ਇਸ ਫ਼ਿਕਰੇ ਨੂੰ ਅਰਬਾਂ ਵਾਰੀ ਵਰਤਣ ਦੇ ਬਾਵਜੂਦ ਸੁਆਦਲੇ, ਚਟਪਟੇ, ਲਜ਼ੀਜ਼, ਕਰਾਰੇ, ਖ਼ੁਸ਼ਬੂਆਂ ਤੇ ਤਾਕਤਾਂ ਭਰੇ ਖਾਣਿਆਂ ਨੂੰ ਬੰਦਾ ਛੱਡਦਾ ਨਹੀਂ। ਇਨ੍ਹਾਂ ਸਾਰੇ ਖਾਣਿਆਂ ਨਾਲ ਜਿੱਥੇ ਜਿਸਮ ਵਿਚ ਵਾਧੂ ਤੇ ਬੇਲੋੜੀ ਤਾਕਤ ਦਾ ਵਾਧਾ ਹੁੰਦਾ ਹੈ, ਉੱਥੇ ਕਾਮ, ਸ਼ਹਿਵਤ, ਗਰਮੀ ਦੇ ਨਾਲ-ਨਾਲ ਜਿਸਮਾਨੀ ਬੀਮਾਰੀਆਂ ਵੀ ਵਧਦੀਆਂ ਹਨ। ਏਸੇ ਕਰ ਕੇ ਗੁਰੂ ਸਾਹਿਬ ("ਤਨ ਪੀੜੀਐ" ਅਤੇ "ਵਿਕਾਰਾਂ" ਤੋਂ ਬਚਣ ਵਾਸਤੇ ਸਾਦੀ ਖ਼ੁਰਾਕ ਤੇ ਜ਼ੋਰ ਦੇਂਦੇ ਹਨ। ਸਾਦੀ ਖ਼ੁਰਾਕ ਇਖ਼ਲਾਕ ਅਤੇ ਸਿਹਤ ਦੀ ਫੁਲ-ਪਰੂਫ਼ ਗਾਰੰਟੀ ਤਾਂ ਨਹੀਂ ਪਰ ਇਹ ਯਕੀਨਨ ਇਸ ਮਸਲੇ ਦਾ ਇਕ ਮੁੱਢਲਾ ਇਲਾਜ ਹੈ। ਸਿੱਖ ਸੁਚੱਜਤਾ ਵਿਚ ਸਿੱਖ ਦੇ ਪਹਿਰਾਵੇ ਬਾਰੇ ਵੀ ਇਸ਼ਾਰੇ ਮਿਲਦੇ ਹਨ। ਗੁਰੂ ਸਾਹਿਬ ਆਖਦੇ ਹਨ :-

ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥

(ਸਫ਼ਾ ੧੬)

ਸਿੱਖ ਨੂੰ "ਵਿਕਾਰ" ਵਧਾਉਣ ਵਾਲੀ ਪੋਸ਼ਾਕ ਨਹੀਂ ਪਹਿਨਣੀ ਚਾਹੀਦੀ। ਸਿੱਖ ਵਾਸਤੇ ਦੋ ਕਪੜੇ ਲਾਜ਼ਮੀ ਹਨ : ਕਛਹਿਰਾ ਅਤੇ ਦਸਤਾਰ (ਬੀਬੀਆਂ ਵਾਸਤੇ ਦੁਪੱਟਾ ਜਾਂ ਕੇਸਕੀ। ਇਸ ਤੋਂ ਇਲਾਵਾ ਪਹਿਰਾਵੇ ਦੀ ਕੋਈ ਪਾਬੰਦੀ ਨਹੀਂ। ਪਰ ਜੇ ਗਹੁ ਨਾਲ ਦੇਖਿਆ ਜਾਵੇ ਤਾਂ "ਤਨ ਪੀੜੀਐ" ਅਤੇ "ਵਿਕਾਰ" ਵਿਚ ਗੁਰੂ ਸਾਹਿਬ ਨੇ ਸਭ ਕੁਝ ਸਮਝਾਇਆ ਹੋਇਆ ਹੈ। ਜਿਸ ਪੋਸ਼ਾਕ ਦੇ ਪਹਿਨਣ ਨਾਲ ਕਾਮ ਜਾਂ ਸ਼ਰਾਰਤ ਭਰੀ ਅੱਖ ਤੁਹਾਡੇ ਵਲ ਉੱਠਦੀ ਹੈ ਜਾਂ ਜਿਸ ਕਪੜੇ ਦੇ ਪਹਿਨਣ ਨਾਲ ਤੁਹਾਡੇ ਜਿਸਮ ਵਿਚ (ਜਾਂ ਮਨ ਵਿਚ) ਵਿਕਾਰ ਭਰੀ ਖਿੱਚ, ਛੁਹ ਜਾਂ ਪਕੜ ਪੈਦਾ ਹੁੰਦੀ ਹੈ ਤਾਂ ਯਕੀਨਨ ਇਸ ਪਹਿਰਾਵੇ ਦੀ ਸਿੱਖ ਨੂੰ ਇਜਾਜ਼ਤ ਨਹੀਂ ਹੈ।

ਦੁਨੀਆਂ ਦੇ ਹਰ ਮੁਲਕ ਦਾ ਆਪਣਾ ਲਿਬਾਸ, ਕੌਮੀ ਜਾਂ ਇਲਾਕਾਈ ਲਿਬਾਸ ਹੈ। ਬਰਤਾਨੀਆਂ ਵਿਚ ਔਰਤਾਂ ਵਾਸਤੇ ਸਕਰਟ, ਬਾਕੀ ਪੱਛਮ ਵਿਚ ਵੀ ਸਕਰਟ ਅਤੇ ਪੈਂਟ, ਗਰਮੀਆਂ ਵਿਚ ਨਿੱਕਰ ਅਤੇ ਬੁਨੈਣ-ਨੁਮਾ ਬਲਾਊਜ਼ ਵਗ਼ੈਰਾ ਉਥੋਂ ਦੀ ਤਹਿਜ਼ੀਬ ਹੈ। ਮੁਸਲਮਾਨ ਮੁਲਕਾਂ ਵਿਚ ਕਮੀਜ਼ ਤੇ ਸਲਵਾਰ (ਵੱਡੀ ਤੇ ਖੁਲ੍ਹੀ ਜਾਂ ਘੱਗਰੇ ਦਾ ਰਿਵਾਜ ਹੈ)। ਹਿੰਦੂਆਂ ਦਾ ਬਲਾਊਜ਼ ਅਤੇ ਸਾੜ੍ਹੀ ਉਨ੍ਹਾਂ ਦਾ ਕਲਚਰ ਹੈ। ਸਿੱਖਾਂ ਵਿਚ ਕਮੀਜ਼ ਅਤੇ ਸਲਵਾਰ ਇਸ ਕਲਚਰ ਦਾ ਹਿੱਸਾ ਹੈ।

ਜੇ ਦੇਖਿਆ ਜਾਏ ਤਾਂ ਪੱਛਮ ਦਾ ਪਹਿਰਾਵਾ ਵੀ ਔਰਤ ਦੀ ਗ਼ੁਲਾਮੀ ਵਲ ਇਸ਼ਾਰਾ ਕਰਦਾ ਹੈ। ਸਕਰਟ ਔਰਤ ਦਾ ਨੰਗੇਜ਼ ਵਧਾਉਂਦੀ ਹੈ। ਇਹ ਹੋ ਸਕਦਾ ਹੈ ਕਿ ਮਰਦ ਨੇ ਔਰਤ ਦੀ ਨੁਮਾਇਸ਼ ਵਾਸਤੇ ਅਜਿਹੇ ਕਪੜੇ ਚੁਣੇ ਹੋਣ। ਔਰਤ ਨੂੰ ਨੰਗਾ ਕਰਨ ਤੇ ਵੇਖਣ ਦੀ ਘਟੀਆ ਹਵਸ ਪੱਛਮ ਵਿਚ ਅਤੇ ਪੂਰਬ ਵਿਚ ਇਕੋ ਜਿਹੀ ਰਹੀ

ਹੈ। ਇੰਞ ਹੀ ਪੈਂਟ (ਘੁੱਟਵੀਂ, ਜੀਨ ਵਾਂਗ) ਵੀ ਔਰਤ ਅੰਗਾਂ ਦੀ ਨੁਮਾਇਸ਼ ਵਾਲਾ ਪਹਿਰਾਵਾ ਹੈ। ਹਿੰਦੂਆਂ ਵਿਚ ਬਲਾਊਜ਼ ਦਾ ਪਿਛੋਕੜ ਵੀ ਔਰਤ ਦੇ ਅੰਗਾਂ ਦੀ ਨੁਮਾਇਸ਼ ਕਰਨਾ ਹੈ। ਸਿੱਖ ਔਰਤਾਂ ਵਾਸਤੇ ਵਿਕਾਰ-ਰਹਿਤ ਜਾਂ ਨੁਮਾਇਸ਼ ਤੋਂ ਬਚਾਉਣ ਵਾਸਤੇ ਸਲਵਾਰ ਤੇ ਕਮੀਜ਼ ਸਭ ਤੋਂ ਬੇਹਤਰ ਪਹਿਰਾਵਾ ਹਨ। ਭੜਕੀਲੇ ਅਤੇ ਸ਼ੋਖ ਰੰਗ ਦੇ ਅਤੇ ਛਾਪੇ ਵਾਲੇ ਕਪੜੇ ਵੀ ਕਾਮ ਭੜਕਾਊ ਹਨ। ਇਹ ਧਾਰਮਿਕ ਪੱਖੋਂ ਸੋਭਦੇ ਵੀ ਨਹੀਂ। ਦੂਜਾ ਇਹ ਕਾਮੀ ਅਤੇ ਕਮਜ਼ੋਰ ਮਰਦ ਨੂੰ 'ਆਪ ਸੱਦ ਕੇ' ਛੇੜਨ ਵਾਸਤੇ ਪਹਿਲ ਕਰਦੇ ਹਨ।

ਏਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿੱਖ ਔਰਤਾਂ ਸੁਹਣਾ ਸੱਜ ਨਹੀਂ ਸਕਦੀਆਂ ? ਸਿੱਖ ਨੂੰ ਕੰਨ, ਨੱਕ ਵਿੰਨ੍ਹਣ ਦੀ ਪਾਬੰਦੀ ਹੈ, ਪਰ ਸਜਣ ਦੀ ਨਹੀਂ। ਪਰ, ਸਿੱਖ ਔਰਤਾਂ ਨੂੰ ਸਜਣਾ ਕਦੋਂ ਤੇ ਕਿੱਥੇ ਹੈ, ਇਸ ਬਾਰੇ ਸਿੱਖ ਕਲਚਰ, ਸਿੱਖ ਸੁਚੱਜਤਾ ਅਤੇ ਸਿੱਖ ਰਹਿਣੀ-ਬਹਿਣੀ ਤੋਂ ਜ਼ਰੂਰ ਪਤਾ ਲੱਗ ਸਕਦਾ ਹੈ। ਸਿੱਖ ਤਵਾਰੀਖ਼ ਵਿਚ ਔਰਤਾਂ ਦੀ ਨੁਮਾਇਸ਼ ਦੀ ਕੋਈ ਮਿਸਾਲ ਨਹੀਂ। ਇਸਲਾਮ ਅਤੇ ਹਿੰਦੂ ਧਰਮ ਵਿਚ ਵੀ ਔਰਤ ਦੇ ਪਬਲਿਕ ਵਿਚ ਸਜ ਕੇ ਪੇਸ਼ ਹੋਣ ਦਾ ਕੋਈ ਸਬੂਤ ਨਹੀਂ। ਇਨ੍ਹਾਂ ਦੋਹਾਂ ਤਹਿਜ਼ੀਬਾਂ ਵਿਚ ਵੇਸਵਾ-ਘਰਾਂ ਵਿਚ ਸਜਾਵਟ ਅਤੇ ਔਰਤ ਦੇ ਜਿਸਮ ਅਤੇ ਪਹਿਰਾਵੇ ਦੀ ਨੁਮਾਇਸ਼ ਦੀ ਚੋਖੀ ਤਫ਼ਸੀਲ ਮਿਲ ਜਾਂਦੀ ਹੈ। ਇਨ੍ਹਾਂ ਧਰਮਾਂ ਦੇ ਕਲਚਰ ਦੀ ਤਵਾਰੀਖ਼ ਵਿਚ ਔਰਤ ਦਾ ਸਜਣਾ ਤੇ ਸੰਵਰਨਾ ਆਪਣੇ ਮਰਦ ਦੇ ਸਾਹਵੇਂ ਆਉਣ ਵੇਲੇ ਹੁੰਦਾ ਹੈ। ਔਰਤ ਨੇ ਆਪਣੇ ਜਣੇ, ਆਪਣੇ ਪਤੀ, ਆਪਣੇ ਖਾਵੰਦ ਨੂੰ ਪਿਆਰ ਅਤੇ ਕਾਮ ਵਾਸਤੇ ਖਿੱਚਣ ਵਾਸਤੇ, ਸਜਣਾ ਜ਼ਰੂਰ ਹੁੰਦਾ ਹੈ। ਔਰਤ ਅਤੇ ਤਵਾਇਫ਼ ਵਿਚ ਇਹੀ ਫ਼ਰਕ ਹੈ। ਔਰਤ ਆਪਣੇ ਮਰਦ ਦੇ ਸਾਹਵੇਂ ਖ਼ੂਬਸੂਰਤੀ, ਕਾਮ ਅਤੇ ਖਿੱਚ ਵਾਸਤੇ ਸਜਦੀ ਹੈ ਅਤੇ ਸੰਵਰਦੀ ਹੈ ਪਰ ਦੂਜੇ ਪਾਸੇ ਤਵਾਇਫ਼ ਆਪਣੇ ਗਾਹਕ ਵਾਸਤੇ ਸੱਜਦੀ ਹੈ। ਜਿਉਂ-ਜਿਉਂ ਤਹਿਜ਼ੀਬ ਵਿਚ ਨਿਘਾਰ ਆਉਂਦਾ ਜਾ ਰਿਹਾ ਹੈ, ਤਿਉਂ ਤਿਉਂ ਇਖ਼ਲਾਕ, ਸੁਚੱਜਤਾ ਅਤੇ ਰਹਿਣ-ਬਹਿਣ ਦੇ ਮਿਆਰ ਵਿਚ ਵੀ ਨਫ਼ੀ ਵਲ ਝੁਕਾਅ ਰਿਹਾ ਹੈ। ਅੱਜ ਕਲ੍ਹ ਔਰਤਾਂ ਬਾਹਰ ਸਜ ਕੇ ਗ਼ੈਰ ਮਰਦਾਂ ਨੂੰ ਰਿਝਾਉਂਦੀਆਂ ਫਿਰਦੀਆਂ ਹਨ ਪਰ ਆਪਣੇ ਮਰਦ ਸਾਹਵੇਂ, ਆਪਣੇ ਘਰ ਵਿਚ, ਕੋਝੀਆਂ ਅਤੇ ਝੱਲਵਲੱਲੀਆਂ ਬਣੀਆਂ ਰਹਿੰਦੀਆਂ ਹਨ। ਸਿੱਖ ਸੁਚੱਜਤਾ ਇਸ ਨੁਮਾਇਸ਼ ਨੂੰ ਗ਼ਲਤ ਆਖਦੀ ਹੈ। ਸਿੱਖ ਬੀਬੀਆਂ ਨੇ ਬਾਹਰ ਕੋਝੇ ਬਣ ਕੇ ਨਹੀਂ ਨਿਕਲਣਾ ਪਰ ਅਜਿਹਾ ਪਹਿਰਾਵਾ ਜੋ ਭੜਕਾਊ ਅਤੇ ਮਰਦ ਦੀ ਅੱਖ ਤੇ ਤੱਕਣੀ ਨੂੰ ਕਾਮ ਜਾਂ ਅਜਿਹੀ ਖਿੱਚ ਨਾਲ ਭਰ ਦੇਵੇ, ਤਾਂ ਯਕੀਨੀ ਤੌਰ ਤੇ ਅਜਿਹਾ ਪਹਿਰਾਵਾ ਸਿੱਖ ਜੀਵਨ ਜਾਚ ਤੋਂ ਉਲਟ ਹੈ।

ਸਿਰਫ਼ ਔਰਤ ਹੀ ਨਹੀਂ, ਸਿੱਖ ਮਰਦ ਵਾਸਤੇ ਵੀ ਅਜਿਹੀ ਹੀ ਹਦਾਇਤ ਹੈ। ਸਿੱਖ ਮਰਦ ਦਾ ਪਹਿਰਾਵਾ ਵੀ ਅਜਿਹਾ ਨਹੀਂ ਹੋਣਾ ਚਾਹੀਦਾ ਜੋ ਉਸ ਨੂੰ (ਖ਼ੁਦ ਨੂੰ) ਕਾਮ ਭੁੱਖ ਨਾਲ ਭਰ ਦੇਵੇ ਜਾਂ ਅਸ਼ਲੀਲ ਹੋਵੇ ਜਾਂ ਦੂਜਿਆਂ ਨੂੰ ਭੜਕਾਵੇ। ਜੇ ਤਵਾਰੀਖ਼ ਵਿਚੋਂ ਮਿਸਾਲਾਂ ਲਈਏ ਤਾਂ ਸਿੱਖ ਬੀਬੀਆਂ ਅਤੇ ਮਰਦ ਸਿਰਫ਼ ਚਿੱਟੇ ਜਾਂ ਸਾਦੇ ਰੰਗਾਂ ਦੇ ਪਹਿਰਾਵੇ ਵਿਚ ਗੁਰਦੁਆਰਿਆਂ ਵਿਚ ਆਇਆ ਕਰਦੇ ਸਨ। ਪੱਛਮ ਵਿਚ ਇਕ

ਸਾਬਕ ਗਰੰਥੀ ਦੀ ਬੀਵੀ ਨੂੰ ਕਿਸੇ ਨੇ ਸਲਵਾਰ ਲਾਹ ਕੇ ਪੈਂਟ ਪਾਈ ਤੱਕਿਆ। ਉਸ ਨੇ ਗਰੰਥੀ ਹੋਰਾਂ ਨੂੰ ਮਲਕੜੇ ਜਿਹੇ ਪੁਛਿਆ ਤਾਂ ਆਖਣ ਲਗੇ, "ਜੈਸਾ ਦੇਸ ਵੈਸਾ ਭੇਸ।" ਜਦੋਂ ਉਸ ਨੂੰ ਹਲੀਮੀ ਨਾਲ ਇਹ ਸਵਾਲ ਕੀਤਾ ਗਿਆ ਕਿ ਵੀਰ ਜੀ ਕੀ ਗਰਮੀਆਂ ਵਿਚ ਸਾਡੀਆਂ ਬੀਬੀਆਂ ਪੱਛਮ ਦੀਆਂ ਔਰਤਾਂ ਵਾਂਗ ਅੱਧੀ ਬਨੈਣ ਅਤੇ ਨਿੱਕੀ ਨਿੱਕਰ ਪਾਉਣਗੀਆਂ, ਤਾਂ ਗਰੰਥੀ ਜੀ ਦੀ ਜ਼ੁਬਾਨ ਲਕਵਾ ਮਾਰ ਗਈ। ਉਂਞ ਆਮ ਤੌਰ ਤੇ ਫ਼ੈਸ਼ਨ ਦੀ ਭੇਡ ਚਾਲ ਨਫ਼ੀ ਅਤੇ ਮਾੜੀਆਂ ਤੇ ਘਟੀਆਂ ਚੀਜ਼ਾਂ ਅਪਣਾਉਂਦੀ ਹੈ, ਪਰ ਚੰਗੀਆਂ ਨਹੀਂ।

ਸਿੱਖ ਦਾ ਦਿਲ ਪਰਚਾਵਾ ਕੀ ਹੋਣਾ ਚਾਹੀਦਾ ਹੈ ? ਕੀ ਸਿੱਖ ਨੂੰ ਹੱਸਣ, ਖੇਡਣ, ਨੱਚਣ, ਕੁੱਦਣ ਦੀ ਪੂਰੀ ਪਾਬੰਦੀ ਹੈ ? ਗੁਰਬਾਣੀ ਮੁਤਾਬਿਕ :

ਨਚਣੁ ਕੂਦਣੁ ਮਨ ਕਾ ਚਾਉ ॥

(ਸਫ਼ਾ ੪੬੫)

ਮੰਨਿਆ ਗਿਆ ਹੈ, ਪਰ ਇਸ "ਮਨ ਕਾ ਚਾਉ" ਨੂੰ ਛੋਟੀ ਖ਼ੁਸ਼ੀ ਅਤੇ "ਰੱਬ ਦੇ ਨਿਰਮਲ ਭਉ" ਨੂੰ ਅਸਲ ਖ਼ੁਸ਼ੀ ਆਖਿਆ ਗਿਆ ਹੈ (ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ)। ਸਿੱਖ ਨੂੰ ਉਸ ਦਿਲ ਪਰਚਾਵੇ ਦੀ ਇਜਾਜ਼ਤ ਹੈ, ਜੋ ਦਿਲ 'ਚ ਭੈੜੇ ਖ਼ਿਆਲ ਨਾ ਪੈਦਾ ਕਰੇ। ਜਿਸ ਦਿਲ ਪਰਚਾਵੇ ਨਾਲ ਕਿਸੇ ਦਾ ਦਿਲ ਨਾ ਦੁਖੇ, ਕਾਮ ਦਾ ਖ਼ਿਆਲ ਨਾ ਵਧੇ, ਇਖ਼ਲਾਕ ਤੋਂ ਦੂਰੀ ਨਾ ਹੋਏ। ਅਜਿਹੇ ਦਿਲ ਪਰਚਾਵੇ ਤੋਂ ਸਿੱਖੀ ਨਹੀਂ ਰੋਕਦੀ :

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਸਫ਼ਾ ੫੨੨)

ਇੱਥੇ ਇਹ ਗੱਲ ਗਹੁ ਨਾਲ ਤੱਕਣ ਵਾਲੀ ਹੈ ਕਿ ਗੁਰੂ ਸਾਹਿਬ ਨੇ ਹੱਸਣ ਖੇਡਣ ਦੇ ਮੁਕਾਬਲੇ ਵਿਚ ਪੈਨ੍ਹਣ ਅਤੇ ਖਾਣ ਨੂੰ ਪਿੱਛੇ ਰਖਿਆ ਹੈ। ਖਾਣਾ ਸਿਰਫ਼ ਜੀਣ ਵਾਸਤੇ ਮਜਬੂਰੀ ਹੈ। ਪਹਿਨਣਾ ਤਨ ਢੱਕਣ ਵਾਸਤੇ ਹੈ ਪਰ ਹੱਸਣਾ-ਖੇਡਣਾ "ਰੂਹ ਦੀ ਖ਼ੁਸ਼ੀ" ਦੀ ਨੀਂਹ ਹੈ। ਇਸ ਖੇਡਣ ਦਾ ਮਤਲਬ ਇਹ ਨਹੀਂ ਕਿ ਫ਼ੁਹਸ਼ ਫ਼ਿਲਮਾਂ, ਲਚਰ ਗਾਣੇ, ਡਰਾਮੇ, ਨਾਚ ਜਾਂ ਕਲੋਲਾਂ ਨਾਲ ਰੂਹ ਨੂੰ ਗ਼ਲੀਜ਼ ਕੀਤਾ ਜਾਏ। ਸਿੱਖ ਕਲਚਰ ਵਿਚ ਤਾਂ ਕੀਰਤਨ ਦਾ ਮਾਅਨਾ ਵੀ ਖ਼ਾਸ ਹੈ। ਜੇ ਕੀਰਤਨ ਵਿਚੋਂ ਸਿੱਖ ਨੂੰ ਸਿਰਫ਼ ਸੁਰੀਲੀ ਆਵਾਜ਼ ਅਤੇ ਸਾਜ਼ 'ਚੋਂ ਹੀ "ਮਜ਼ਾ" ਆਉਂਦਾ ਹੈ, ਤਾਂ ਯਕੀਨਨ ਉਹ ਸਿੱਖ ਗੁਰਬਾਣੀ ਦਾ ਅਨੰਦ ਨਹੀਂ ਲੈ ਰਿਹਾ। ਕੀਰਤਨ ਵਿਚ ਸ਼ਬਦ, ਉਸ ਦਾ ਮਾਅਨਾ ਅਤੇ ਉਸ ਦੀ ਸਮਝ, ਪਛਾਣ ਤੇ ਉਸ ਨੂੰ ਅਪਣਾਉਣ ਦੀ ਖ਼ਾਹਿਸ਼ ਵਧੇਰੇ ਅਹਿਮ ਹੈ। ਕੀਰਤਨ ਵਿਚੋਂ ਲੈਅ, ਆਵਾਜ਼ ਅਤੇ ਧੁਨ ਦੂਜੇ-ਤੀਜੇ ਦਰਜੇ 'ਤੇ ਆਉਂਦੇ ਹਨ। ਅੱਜ ਕੀਰਤਨ ਦੀਆਂ ਸੁਰੀਲੀਆਂ ਆਵਾਜ਼ਾਂ, ਟੇਪਾਂ ਅਤੇ ਰਿਕਾਰਡ, ਕੀਰਤਨ ਦਰਬਾਰ ਅਤੇ "ਮਹਿੰਗੇ" ਰਾਗੀ ਵਗ਼ੈਰਾ ਦੀ ਇਸ ਦੌੜ ਵਿਚੋਂ ਗੁਰਬਾਣੀ ਦਾ ਰਸ ਅਲੋਪ ਹੋ ਰਿਹਾ ਹੈ ਅਤੇ ਸਿਰਫ਼ "ਮੌਸਿਕੀ" ਹੀ ਸੁਣਾਈ ਦੇ ਰਹੀ ਹੈ। ਇਸ ਨੂੰ ਦਿਲ-ਪਰਚਾਵੇ ਦੇ ਨੇੜੇ-ਤੇੜੇ ਰਖਿਆ ਜਾ ਸਕਦਾ ਹੈ। ਇਹ ਦਿਲ ਪਰਚਾਵਾ ਸਿੱਖ ਸੁਚੱਜਤਾ ਵਿਚ ਰੋਕਿਆ ਨਹੀਂ ਪਰ ਇਸ

ਵਿਚ ਸਿਮਰਨ ਅਤੇ ਰੱਬ ਦਾ ਕੀਰਤਨ ਘਟ ਹੈ। ਰੱਬ ਦੀ ਕੀਰਤ ਗਾਉਣ, ਬਾਣੀ ਦਾ ਮਾਅਨਾ ਸਮਝਣਾ, ਦਿਲ 'ਚ ਵਸਾਉਣਾ ਅਤੇ ਉਸ 'ਤੇ ਅਮਲ ਕਰਨ ਦੀ ਖ਼ਾਹਿਸ਼ ਤੋਂ ਸ਼ੁਰੂ ਹੁੰਦੀ ਹੈ।

ਅਮੀਰੀ ਅਤੇ ਦੌਲਤ ਬਾਰੇ ਵੀ ਸਿੱਖ ਸੁਚੱਜਤਾ ਵਿਚੋਂ ਮਿਸਾਲਾਂ ਮਿਲ ਸਕਦੀਆਂ ਹਨ। ਸਿੱਖੀ ਮਲਿਕ ਭਾਗੋ ਦੀ ਨਹੀਂ, ਭਾਈ ਲਾਲੋ ਦੀ ਹੈ। ਭਾਈ ਲਾਲੋ ਵਾਲੀ ਜ਼ਿੰਦਗੀ ਦਾ ਮਾਅਨਾ "ਗ਼ਰੀਬੀ" ਤੇ "ਥੁੜ" ਨਹੀਂ। ਭਾਈ ਲਾਲੋ ਦੀ ਸੋਚ ਕਿਰਤ ਕਰਨ, ਵੰਡ ਛਕਣ, (ਤੇ ਨਾਮ ਜਪਣ) ਵਾਲੀ ਸੋਚ ਹੈ। ਜੇ ਕਰ ਵਧੇਰੀ ਦੌਲਤ ਵਾਲਾ ਈਮਾਨਦਾਰੀ ਨਾਲ ਦੌਲਤ ਕਮਾ ਰਿਹਾ ਹੈ, ਤਾਂ ਉਹ "ਮਲਿਕ ਭਾਗੋ ਦੀ ਸੋਚ" ਨਹੀਂ। ਮਲਿਕ ਭਾਗੋ ਵਿਚ ਬੇਈਮਾਨੀ, ਲੁੱਟ-ਖਸੁੱਟ, ਹੱਕ ਮਾਰਨਾ, ਲਾਲਚ, ਹੰਕਾਰ ਅਤੇ ਧੱਕਾ ਸ਼ਾਮਿਲ ਹੈ। ਉਂਞ ਗੁਰੂ ਸਾਹਿਬ ਦੌਲਤ ਦੇ ਵਧੇਰੇ ਹੋਣ ਬਾਰੇ ਸਾਫ਼ ਆਖਦੇ ਹਨ;

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥

(ਸਫ਼ਾ ੪੧੭)

ਸਿੱਖ ਨੂੰ ਸਾਦੀ ਜ਼ਿੰਦਗੀ ਜੀਣ ਦੀ ਹਦਾਇਤ ਹੈ। ਸਿੱਖ ਨੂੰ ਆਖਿਆ ਗਿਆ ਹੈ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਸਫ਼ਾ ੧੨੪੫)

ਖ਼ਾਹਿਸ਼ਾਂ ਦਾ ਕੋਈ ਅਖ਼ੀਰ ਨਹੀਂ। ਜ਼ਰੂਰਤਾਂ ਕਦੇ ਨਹੀ ਮੁਕਦੀਆਂ। ਜ਼ਰੂਰਤਾਂ 'ਚੋਂ ਜ਼ਰੂਰਤਾਂ ਨਿਕਲਦੀਆਂ ਹਨ। ਖ਼ਾਹਿਸ਼ਾਂ ਤੋਂ ਖ਼ਾਹਿਸ਼ਾਂ ਵਧਦੀਆਂ ਹਨ। ਸੁੱਖ-ਰਹਿਣੀਆਂ ਆਦਤਾਂ ਹੋਰ ਸੌਖ ਮੰਗਦੀਆਂ ਹਨ, ਕਿਤੇ ਕਮੀ ਨਹੀਂ ਆਉਂਦੀ, ਕਿਤੇ ਖੜੋਤ ਨਹੀਂ ਆਉਂਦੀ। ਇਸ ਵਿਚ ਸਬਰ, ਸੰਤੋਖ ਹੈ ਈ ਨਹੀਂ।

ਵਡੇ ਵਡੇ ਰਾਜਨ ਅਰੁ ਭੂਮਨ, ਤਾ ਕੀ ਤ੍ਰਿਸਨ ਨ ਬੂਝੀ ॥

(ਸਫ਼ਾ ੬੭੨)

ਬਿਨਾ ਸੰਤੋਖ ਨਹੀ ਕੋਊ ਰਾਜੈ ॥

(ਸਫ਼ਾ ੨੭੯)

ਸਹਸ ਖਟੇ, ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ, ਮਾਇਆ ਪਾਛੈ ਪਾਵੈ ॥

(ਸਫ਼ਾ ੨੭੮)

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥

(ਸਫ਼ਾ ੧੦੯੩)

ਸਿੱਖ ਨੂੰ "ਔਰਤ ਈਮਾਨ ਤੇ ਦੌਲਤ ਗੁਜ਼ਰਾਨ" ਦਾ ਰਾਹ ਚੁਣਨਾ ਪੈਂਦਾ ਹੈ। ਜ਼ਾਹਰ ਅਮੀਰੀ ਵਿਚ ਵੀ 'ਬਾਤਨ ਫ਼ਕੀਰੀ' ਵਾਲੀ ਜ਼ਿੰਦਗੀ ਜੀਣਾ ਗੁਰਮਤਿ ਦਾ ਰਸਤਾ ਹੈ।

ਸਿੱਖ ਰਹਿਣੀ-ਬਹਿਣੀ ਦੀਆਂ ਖ਼ੂਬੀਆਂ ਸਿੱਖ ਨੂੰ ਯਕੀਨਨ "ਸੁਪਰਮੈਨ" ਬਣਾਉਂਦੀਆਂ ਹਨ। ਸਿੱਖੀ "ਸੱਚ ਜੀਵਨ" ਹੈ, ਬਾਹਰੀ ਭੇਖ ਨਹੀਂ ਹੈ। ਪੰਜ ਕਕਾਰ, ਨਿਤਨੇਮ, ਗੁਰਦੁਆਰੇ ਦੀ ਹਾਜ਼ਰੀ, ਇਹ ਸਭ ਕੁਝ ਤਾਂ ਹੀ ਅਸਲ ਹਨ, ਜੇ ਸਿੱਖ ਰਹਿਣੀ-ਬਹਿਣੀ ਵਿਚ ਹੋਏ, ਨਹੀਂ ਤਾਂ ਇਹ ਕੇਸਾਧਾਰੀ ਬ੍ਰਾਹਮਣ ਦਾ ਕਰਮ-ਕਾਂਡ ਹਨ।

* * *

ਸਿੱਖਾਂ ਦੇ ਨਾਮ

ਹਰ ਕੌਮ ਅਤੇ ਹਰ ਧਰਮ ਵਿਚ ਬੱਚਿਆਂ ਦੇ ਨਾਂ ਰੱਖਣ ਦੀ ਅਹਿਮੀਅਤ ਹੁੰਦੀ ਹੈ। ਆਮ ਤੌਰ ਤੇ ਨਾਂ ਦੀ ਨੀਂਹ ਧਰਮ, ਧਾਰਮਿਕ ਆਗੂ, ਤਵਾਰੀਖ਼ ਜਾਂ ਸੁਚੱਜਤਾ (ਕਲਚਰ) ਵਿਚ ਹੁੰਦੀ ਹੈ। ਜਿਥੇ ਧਰਮ ਨਾਮ ਜਜ਼ਬਾਤ ਵਧੇਰੇ ਜੁੜੇ ਹੋਣ, ਉਹ ਲੋਕ ਧਾਰਮਿਕ ਨਾਂ ਚੁਣਦੇ ਹਨ। ਇੰਞ ਹੀ ਕੁਝ ਇਲਾਕਿਆਂ ਵਿਚ ਚੜ੍ਹਦੀ ਕਲਾ ਦੇ ਅਹਿਸਾਸ ਵਿਚੋਂ ਵੀ ਨਾਂ ਚੁਣੇ ਜਾਂਦੇ ਹਨ। ਕੁਝ ਨਾਂ ਬੰਦੇ ਦੀ ਫ਼ਿਤਰਤ ਜਾਂ ਜਿਸਮ ਦੀ ਕਿਸੇ ਖ਼ਾਸ ਗੱਲ 'ਚੋਂ ਵੀ ਪੈਦਾ ਹੋਏ ਹੁੰਦੇ ਹਨ।

ਇਸਲਾਮ ਵਿਚ ਹਰ ਬੰਦੇ ਦੇ ਨਾਂ ਇਕ ਲਫ਼ਜ਼ ਹਜ਼ਰਤ ਮੁਹੰਮਦ ਸਾਹਿਬ ਦੇ ਕਈ ਨਾਵਾਂ ਵਿਚੋਂ ਹੋਏਗਾ। ਮਿਸਾਲ ਵਜੋਂ ਇਕ ਨਾਂ ਹੈ : ਸਈਅਦ ਰਿਹਾਨ ਅਹਿਮਦ। ਇਸ ਵਿਚੋਂ "ਸਈਅਦ" ਜ਼ਾਤ ਹੈ, "ਅਹਿਮਦ" ਹਜ਼ਰਤ ਮੁਹੰਮਦ ਸਾਹਿਬ ਦਾ ਇਕ ਨਾਂ ਹੈ, ਬੰਦੇ ਦਾ ਅਸਲ ਨਾਂ "ਰਿਹਾਨ" ਹੈ। ਹਰ ਪਾਕਿਸਤਾਨੀ ਦਾ ਨਾਂ ਇੰਞ ਹੀ ਮਿਲੇਗਾ। ਪੁਰਾਣੇ ਜ਼ਮਾਨੇ ਵਿਚ (ਅਤੇ ਅੱਜ ਵੀ) ਧਾਰਮਿਕ ਹਿੰਦੂ ਆਪਣੇ ਨਾਂ ਹਿੰਦੂ ਦੇਵੀ-ਦੇਵਤਿਆਂ ਵਿਚੋਂ ਚੁਣਿਆ ਕਰਦੇ ਸੀ। ਹੁਣ ਫ਼ੈਸ਼ਨ ਵਜੋਂ ਜੁਦਾ-ਜੁਦਾ ਨਾਂ ਰੱਖੇ ਜਾਣ ਲਗ ਪਏ ਹਨ।

ਔਰਤ ਦੇ ਨਾਂਵਾਂ ਦੇ ਮਸਲੇ ਤੇ ਮੁਸਲਮਾਨਾਂ ਵਿਚ ਦੋ ਤਰਜ਼ ਦੀ ਰਿਵਾਇਤ ਹੈ। ਇਕ ਨਾਂ ਤਾਂ ਇਸਲਾਮੀ ਤਹਿਜ਼ੀਬ ਅਤੇ ਤਵਾਰੀਖ਼ ਵਿਚੋਂ ਹਨ ਅਤੇ ਦੂਜੇ (ਜੋ ਆਮ ਤੌਰ ਤੇ ਔਰਤ ਦੀ ਸ਼ਾਦੀ ਤੋਂ ਬਾਅਦ ਰਖੇ ਜਾਂਦੇ ਹਨ) ਕਿਸੇ ਵੱਡੀ, ਸੋਹਣੀ, ਕਮਾਲ ਦੀ ਗ਼ਰੂਰ ਵਾਲੀ ਗੱਲ ਦਾ ਇਜ਼ਹਾਰ ਹੁੰਦੇ ਹਨ। ਮਿਸਾਲ ਵਜੋਂ ਇੱਕ ਰਾਈਸਾ ਬਾਨੋ ਦੀ ਸ਼ਾਦੀ ਹੋਈ ਤਾਂ ਉਸ ਦਾ ਨਾਂ ਸ਼ਾਦੀ ਦੇ ਸਰਟੀਫ਼ਿਕੇਟ ਵਿਚ "ਨਾਜ਼ਿਸ਼ ਅੰਬਰ" (ਮਗ਼ਰੂਰ ਆਸਮਾਨ) ਰੱਖ ਦਿੱਤਾ ਗਿਆ। ਅਜਿਹੇ ਨਾਵਾਂ 'ਚ ਫ਼ਿਰਦੋਸ਼, ਕੌਸਰ, ਆਫ਼ਤਾਬ ਵਗ਼ੈਰਾ ਵੀ ਆਮ ਮਿਲਦੇ ਹਨ।

ਏਰੀਤਰੇਆ, ਜੋ ਪਿੱਛੇ ਜਿਹੇ ਇਥੋਪੀਆ ਤੋਂ ਆਜ਼ਾਦ ਹੋਇਆ ਹੈ, ਵਿਚ ਨਾਂ ਚੜ੍ਹਦੀ ਕਲਾ ਦੇ ਹੁੰਦੇ ਹਨ। ਉਨ੍ਹਾਂ ਵਿਚ (ਉਨ੍ਹਾਂ ਦੀ ਬੋਲੀ 'ਚ) ਆਮ ਨਾਂ ਵੱਡਾ, ਉੱਚਾ, ਤਰੱਕੀ ਵਾਲਾ, ਲੰਬਾ, ਤੇਜ਼, ਆਜ਼ਾਦ, ਕਮਾਲ ਵਰਗੇ ਨਾਂ ਹੁੰਦੇ ਹਨ। ਸਕੈਂਡੀਨੇਵੀਆ (ਨਾਰਵੇ, ਸਵੀਡਨ, ਡੈਨਮਾਰਕ) ਵਿਚ ਰੱਬ 'ਤੇ ਯਕੀਨ, ਅਜੇ ਵੀ, ਥੋੜ੍ਹੇ ਲੋਕ ਹੀ ਕਰਦੇ ਹਨ। ਉਥੇ ਈਸਾਈਅਤ 'ਚੋਂ ਬਹੁਤੇ ਨਾਂ ਨਹੀਂ ਲਭਦੇ। ਉਨ੍ਹਾਂ ਦੇ ਨਾਂ ਕੁਦਰਤ 'ਚੋਂ ਹਨ ਜਿਵੇਂ: ਪਹਾੜ, ਨਦੀ, ਸਮੁੰਦਰ, ਇੱਟ, ਪੱਥਰ, ਵਾਦੀ, ਚੋਟੀ, ਦਰਿਆ ਵਗ਼ੈਰਾ। ਯਹੂਦੀਆਂ ਵਿਚ ਵੀ ਬਹੁਤੇ ਨਾਂ ਉਨ੍ਹਾਂ ਦੀ ਮਜ਼ਹਬੀ ਕਿਤਾਬ ਤੇ ਤਵਾਰੀਖ਼ ਵਿਚੋਂ ਹੀ ਹਨ।

ਸਿੱਖਾਂ ਵਿਚ ਜੋ ਨਾਂ ਅੱਜ ਕਲ੍ਹ ਵਧੇਰੇ ਰੱਖੇ ਜਾ ਰਹੇ ਹਨ, ਉਹ ਸਿੱਖ ਕਲਚਰ ਦੇ

ਨਹੀਂ। ਜੇ ਕਰ ਗੁਰੂ ਸਾਹਿਬਾਨ ਦੇ ਜ਼ਮਾਨੇ ਵਲ ਨਿਗਾਹ ਮਾਰੀਏ ਤਾਂ ਦੋ ਰਿਵਾਇਤਾਂ ਦਿਸਦੀਆਂ ਹਨ। ਇਕ ਰਿਵਾਇਤ ਖਾਲਸਾ ਪਰਗਟ ਕਰ ਕੇ ਮਰਦ ਨੂੰ "ਸਿੰਘ" ਅਤੇ ਔਰਤ ਨੂੰ "ਕੌਰ" ਬਣਾ ਦੇਣ ਤੋਂ ਪਹਿਲਾਂ ਦੀ ਹੈ ਅਤੇ ਇਕ ਪਿਛੋਂ ਦੀ।

ਪਹਿਲੀ ਰਿਵਾਇਤ ਵਿਚ ਨਾਂ ਹਨ : ਸ੍ਰੀ ਚੰਦ, ਅੰਗਦ, ਅਰਜਨ, ਮਹਾਂਦੇਵ, ਪ੍ਰਿਥੀ ਚੰਦ, ਹਰਿਗੋਬਿੰਦ, ਹਰਰਾਇ, ਰਾਮ ਰਾਇ, ਗੁਰਦਿੱਤਾ, ਤੇਗ਼ ਬਹਾਦਰ, ਹਰਿਕ੍ਰਿਸ਼ਨ, ਗੋਬਿੰਦ ਦਾਸ ਵਗ਼ੈਰਾ, ਜੋ ਗੁਰੂ ਸਾਹਿਬਾਨ ਨੇ ਸਿੱਖ ਪਰਿਵਾਰਾਂ 'ਚ ਸ਼ਾਮਿਲ ਹੋਣ ਮਗਰੋਂ ਆਪਣੇ ਬੱਚਿਆਂ ਨੂੰ ਦਿੱਤੇ। ਦੂਜੇ ਨਾਂ ਗੁਰੂ ਸਾਹਿਬ ਦੇ ਸਿੱਖਾਂ ਦੇ ਵੇਲੇ ਦੇ ਹਨ (ਜੋ ਗੁਰੂ ਸਾਹਿਬ ਨੇ ਨਹੀਂ ਦਿੱਤੇ) ਅਤੇ ਇਹ ਨਾਂ ਕਲਚਰ ਵਿਚੋਂ ਸਨ। ਮਿਸਾਲ ਵਜੋਂ : ਪਾਰੋ, ਮੱਲੂ ਸ਼ਾਹ, ਕਿਦਾਰੀ, ਦੀਪਾ, ਨਰੈਣ ਦਾਸ, ਬੂਲਾ, ਲਾਲੋ, ਰੂਪ ਲਾਲ, ਜਿਵੰਧਾ, ਜੱਗਾ, ਖਾਨੂੰ, ਮੱਯਾ, ਜੋਧ, ਪਿਰਥੀ ਮਲ, ਤੁਲਸਾ, ਰਾਮੂ, ਉਗਰਸੈਨ, ਨਾਗਉਰੀ, ਮੋਹਣ, ਅਮਰੂ, ਗੋਪੀ, ਖਾਨੂੰ, ਤਾਰੂ, ਸਹਾਰੂ, ਗੰਗੂ, ਉਗਰੂ, ਨੰਦੂ, ਪੂਰੋ, ਮੱਲੀਆ, ਸਹਾਰੂ, ਡੱਲਾ, ਪਾਂਧਾ, ਬੂਲਾ, ਬਿਸ਼ਨ ਦਾਸ, ਮਾਣਕ ਚੰਦ, ਮਹਾਂਨੰਦ, ਬ੍ਰਹਮ ਦਾਸ, ਡੂੰਗਰ ਦਾਸ, ਜੇਠਾ, ਤੀਰਥਾ, ਸੰਸਾਰੂ, ਮਾਈਆ, ਜਾਪਾ, ਕੁੱਲਾ, ਝੰਝੀ, ਭਗੀਰਥ, ਹਰਿਦਾਸ, ਪਿਆਰਾ, ਚੂਹੜ, ਪੈੜਾ, ਕਿਸ਼ਨਾ, ਤ੍ਰਿਲੋਕਾ, ਸੂਰਮਾ, ਟੋਡਾ, ਮੱਦੂ, ਮੁਕੰਦਾ, ਭੇਲੂ, ਸਨਮੁਖ, ਗੁਰਮੁਖ, ਲਾਲ, ਲੰਗਾਹ, ਪਿਰਾਣਾ, ਜੋਧਾ, ਜੱਲੂ, ਮੰਝ ਅਤੇ ਹੋਰ ਕਈ ਨਾਂ ਭਾਈ ਗੁਰਦਾਸ ਨੇ ਯਾਰ੍ਹਵੀਂ ਵਾਰ ਵਿਚ ਦਿਤੇ ਹਨ।

ਖਾਲਸਾ ਪ੍ਰਗਟ ਕਰਨ ਤੋਂ ਪਿਛੋਂ ਸਿੱਖਾਂ ਦੇ ਨਾਂ ਇੰਞ ਸ਼ੁਰੂ ਹੋਏ : ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫ਼ਤਹਿ ਸਿੰਘ, ਮਨੀ ਸਿੰਘ, ਤਾਰੂ ਸਿੰਘ, ਬੰਦਾ ਸਿੰਘ, ਬਾਜ਼ ਸਿੰਘ, ਬਿਨੋਦ ਸਿੰਘ, ਅਜੈਪਾਲ ਸਿੰਘ, ਤਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ, ਗੁਰਬਖ਼ਸ਼ ਸਿੰਘ, ਮਹਿਤਾਬ ਸਿੰਘ, ਬੋਤਾ ਸਿੰਘ, ਗਰਜਾ ਸਿੰਘ, ਦੀਪ ਸਿੰਘ, ਰਤਨ ਸਿੰਘ, ਰਾਏ ਸਿੰਘ, ਕਰੋੜਾ ਸਿੰਘ, ਨੌਧ ਸਿੰਘ, ਗੁਰਦਿਆਲ ਸਿੰਘ, ਜੀਵਨ ਸਿੰਘ, ਸ਼ਾਮ ਸਿੰਘ, ਕਰਮ ਸਿੰਘ, ਦਿਆਲ ਸਿੰਘ, ਚੰਦਾ ਸਿੰਘ, ਕਾਲਾ ਸਿੰਘ, ਬਾਘ ਸਿੰਘ, ਹਰੀ ਸਿੰਘ, ਸੱਦਾ ਸਿੰਘ, ਧਰਮ ਸਿੰਘ, ਬਚਨ ਸਿੰਘ, ਬੀਰ ਸਿੰਘ, ਅਉਘੜ ਸਿੰਘ, ਗੁਲਾਬ ਸਿੰਘ, ਦਸੌਂਧਾ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਨੱਥਾ ਸਿੰਘ, ਦੀਵਾਨ ਸਿੰਘ, ਨਿਬਾਹੂ ਸਿੰਘ, ਲਹਿਣਾ ਸਿੰਘ, ਦੂਲਾ ਸਿੰਘ, ਦੁੰਬਾ ਸਿੰਘ, ਮਨੋਹਰ ਸਿੰਘ, ਅਮਰ ਸਿੰਘ, ਸੋਭਾ ਸਿੰਘ, ਬਘੇਲ ਸਿੰਘ, ਸਾਹਿਬ ਸਿੰਘ, ਮੋਹਨ ਸਿੰਘ, ਮਿਰਜ਼ਾ ਸਿੰਘ, ਸ਼ਾਮ ਸਿੰਘ, ਗੰਗਾ ਸਿੰਘ, ਅਮੀਰ ਸਿੰਘ, ਅਨੂਪ ਸਿੰਘ, ਚੜ੍ਹਤ ਸਿੰਘ, ਮਹਾਂ ਸਿੰਘ, ਰਣਜੀਤ ਸਿੰਘ, ਜੋਧ ਸਿੰਘ, ਕੇਸਰਾ ਸਿੰਘ, ਬੈਸਾ ਸਿੰਘ ਵਗ਼ੈਰਾ। ਇਹ ਨਾਂ ਖਾਲਸਾ ਮਿਸਲਾਂ ਅਤੇ ਜੱਥਿਆਂ ਦੇ ਨਾਵਾਂ ਵਿਚੋਂ ਮਿਲਦੇ ਹਨ। ਸਿੱਖਾਂ ਵਿਚ ਵਧੇਰੇ ਨਾਂ ਬਹਾਦਰੀ, ਧਰਮ, ਭਗਤੀ ਅਤੇ ਜੀਵਨ-ਜਾਚ ਵਿਚੋਂ ਲਏ ਗਏ ਸਨ। ਨਾਂ ਰਖਣ ਵੇਲੇ ਚੜ੍ਹਦੀ ਕਲਾ ਵਾਲਾ ਜਾਂ ਭਗਤੀ ਵਾਲਾ ਨਾਂ ਚੁਣਨ ਦੀ ਰਿਵਾਇਤ ਵਧੇਰੇ ਸੀ।

ਮਿਸਲਾਂ ਤੋਂ ਬਾਅਦ ਵੀ ਨਾਂ ਜੁਝਾਰੂ ਤੇ ਧਾਰਮਿਕ ਨਾਂ ਹੀ ਵਧੇਰੇ ਹਰਦਿਲ ਅਜ਼ੀਜ਼ ਰਹੇ। ਆਮ ਨਾਂ ਸਨ : ਖੜਕ ਸਿੰਘ, ਨੌਨਿਹਾਲ ਸਿੰਘ, ਸ਼ੇਰ ਸਿੰਘ, ਰਣਜੋਧ ਸਿੰਘ, ਚਤਰ

ਸਿੰਘ, ਬੀਰ ਸਿੰਘ, ਮਹਿਰਾਜ ਸਿੰਘ, ਤੇਗਾ ਸਿੰਘ, ਰਾਮ ਸਿੰਘ, ਬਾਲਕ ਸਿੰਘ, ਗੁਰਮੁਖ ਸਿੰਘ, ਦਿਤ ਸਿੰਘ, ਅਤਰ ਸਿੰਘ, ਖੇਮ ਸਿੰਘ, ਤਾਰਾ ਸਿੰਘ, ਕਾਹਨ ਸਿੰਘ, ਅਰਜਨ ਸਿੰਘ, ਸੁੰਦਰ ਸਿੰਘ, ਤੇਜਾ ਸਿੰਘ, ਮੋਤਾ ਸਿੰਘ, ਵਗੈਰਾ। ਇਹ ਨਾਂ ਸਿੰਘ ਸਭਾ ਲਹਿਰ ਤੋਂ ਮਗਰੋਂ ਦੀ ਸਿੱਖ ਲੀਡਰਸ਼ਿਪ ਦੇ ਸਨ।

ਆਰੀਆ ਸਮਾਜੀਆਂ ਦਾ ਪ੍ਰਚਾਰ ਹੋਣ ਨਾਲ ਕਈ ਸਿੱਖਾਂ ਦੇ ਨਾਂ ਹਿੰਦੂ, ਆਰੀਆ ਧਰਮ ਦੇ ਕਲਚਰ 'ਚੋਂ ਵੀ ਲਏ ਗਏ ਜਿਵੇਂ : ਭਗਤ ਸਿੰਘ, ਸਵਰਨ ਸਿੰਘ, ਕਿਸ਼ਨ ਸਿੰਘ, ਈਸ਼ਵਰ ਸਿੰਘ, ਨਰਾਇਣ ਸਿੰਘ, ਲਛਮਣ ਸਿੰਘ, ਰਾਮ ਸਿੰਘ ਅਤੇ ਅਜਿਹੇ ਹੋਰ ਕਈ।

ਸਿੰਘ ਸਭਾ ਤੇ ਅਕਾਲੀ ਲਹਿਰ ਵੇਲੇ ਵੀ ਵਧੇਰੇ ਨਾਂ ਸਿੱਖ ਤਵਾਰੀਖ਼, ਕਲਚਰ ਅਤੇ ਧਰਮ 'ਚੋਂ ਹੀ ਚੁਣੇ ਜਾਂਦੇ ਸਨ। ਮਿਸਾਲ ਵਜੋਂ : ਬਹਾਦਰ ਸਿੰਘ, ਕਰਤਾਰ ਸਿੰਘ, ਤੇਜਾ ਸਿੰਘ, ਮਹਿਤਾਬ ਸਿੰਘ, ਦੇਵਾ ਸਿੰਘ, ਹਜ਼ਾਰਾ ਸਿੰਘ, ਹੁਕਮ ਸਿੰਘ, ਦਾਨ ਸਿੰਘ, ਵਿਸਾਖਾ ਸਿੰਘ, ਅਮਰ ਸਿੰਘ, ਸੰਤ ਸਿੰਘ, ਗੁਰਮੁਖ ਸਿੰਘ, ਗੱਜਣ ਸਿੰਘ, ਗੁਰਬਖ਼ਸ਼ ਸਿੰਘ, ਹਰਚੰਦ ਸਿੰਘ, ਸੁੰਦਰ ਸਿੰਘ, ਹਰਬੰਸ ਸਿੰਘ, ਕਿਹਰ ਸਿੰਘ, ਜੋਧ ਸਿੰਘ, ਸਰਮੁਖ ਸਿੰਘ, ਅਰਜਨ ਸਿੰਘ, ਫ਼ੌਜਾ ਸਿੰਘ, ਸਾਹਿਬ ਸਿੰਘ, ਉੱਤਮ ਸਿੰਘ, ਭਾਗ ਸਿੰਘ, ਹਰੀ ਸਿੰਘ, ਅਨੋਖ ਸਿੰਘ, ਫ਼ੌਜਾ ਸਿੰਘ, ਰਾਏ ਸਿੰਘ, ਮੂਲਾ ਸਿੰਘ, ਮੰਗਲ ਸਿੰਘ, ਸੁਰਜੀਤ ਸਿੰਘ, ਸਰਦੂਲ ਸਿੰਘ, ਸ਼ੇਰ ਸਿੰਘ, ਗੁਰਬਚਨ ਸਿੰਘ, ਹੁਕਮ ਸਿੰਘ, ਹਰਨਾਮ ਸਿੰਘ, ਗਿਆਨ ਸਿੰਘ, ਕਰਮ ਸਿੰਘ, ਵਗੈਰਾ ਸਿੱਖ ਨਾਂ ਸਨ। ਇਹ ਸਾਰੀ ਲੀਡਰਸ਼ਿਪ ਅਕਾਲੀ ਲਹਿਰ ਵੇਲੇ ਦੀ ਸੀ।

ਪਰ ਹੁਣ, ਅਕਾਲੀ ਲਹਿਰ ਤੋਂ ਮਗਰੋਂ ਸਿੱਖਾਂ ਦੇ ਨਾਂ ਬਦਲਣੇ ਸ਼ੁਰੂ ਹੋਏ ਹਨ। ਵਧੇਰੇ ਅਸਰ ਰਾਜਪੂਤਾਂ ਹੇਠ ਪਟਿਆਲਾ-ਨਾਭਾ ਖ਼ਾਨਦਾਨ ਤੋਂ ਸ਼ੁਰੂ ਹੋਇਆ। ਰਾਜਾ ਦੇਵਿੰਦਰ ਸਿੰਘ ਨਾਭਾ (੧੯੨੨-੧੯੬੫) ਤੋਂ ਮਗਰੋਂ ਉਸ ਦੇ ਟੱਬਰ ਵਿਚ ਇੰਦਰ ਦੇਵਤੇ ਦਾ ਅਤੇ ਇਸ ਵਰਗੇ ਹੋਰ "ਰਾਜਾ" ਨਾਂ ਜੁੜਦੇ ਗਏ। ਇਸ ਤੋਂ ਪਹਿਲਾਂ ਕਿਸੇ ਸਿੱਖ ਦੇ ਨਾਂ ਪਿੱਛੇ "ਇੰਦਰ" ਪਿਛੇਤਰ ਨਹੀਂ ਦਿਸਦਾ। ਪਰ ਰਾਜਾ ਭੂਪਿੰਦਰ ਸਿੰਘ (ਪਟਿਆਲਾ) ਤੋਂ ਮਗਰੋਂ "ਇੰਦਰ" ਪਿਛੇਤਰ ਦੀ ਵਰਤੋਂ ਦੀ ਹੱਦ ਹੀ ਹੋ ਗਈ। ਨਾ ਤਾਂ ਸਿੱਖ ਗੁਰੂਆਂ ਨੇ, ਨਾ ਮਿਸਲਾਂ ਵੇਲੇ, ਨਾ ਸਿੰਘ ਸਭਾ ਲਹਿਰ ਵੇਲੇ ਇਹ ਹਿੰਦੂ-ਪਿਛੇਤਰ ਸਿੱਖ ਨਾਵਾਂ ਦਾ ਹਿੱਸਾ ਬਣਿਆ। ਪਰ ਅੱਜ ਇੰਦਰ, ਅਵਿੰਦਰ, ਨਰਿੰਦਰ, ਸੁਰਿੰਦਰ, ਸਵਿੰਦਰ,. ਸਤਿੰਦਰ, ਸਤਵਿੰਦਰ, ਹਰਿੰਦਰ, ਹਰਜਿੰਦਰ, ਹਰਵਿੰਦਰ, ਹਰਨਇੰਦਰ, ਹਰਮਿੰਦਰ, ਕੁਲਵਿੰਦਰ, ਗਜਿੰਦਰ, ਜੋਗਿੰਦਰ, ਜਤਿੰਦਰ, ਜਸਵਿੰਦਰ, ਨਗਿੰਦਰ, ਨਰਿੰਦਰ, ਪੁਸ਼ਪਿੰਦਰ, ਪਲਵਿੰਦਰ, ਬੀਰਇੰਦਰ, ਬਲਵਿੰਦਰ, ਬਲਜਿੰਦਰ, ਬੀਰਦਵਿੰਦਰ, ਦੀਪਇੰਦਰ, ਭਲਿੰਦਰ, ਭੂਪਿੰਦਰ, ਮਨਿੰਦਰ, ਮਨਜਿੰਦਰ, ਰੁਵਿੰਦਰ, ਮਹਿੰਦਰ, ਰਮਿੰਦਰ, ਲਛਿੰਦਰ, ਵਰਿੰਦਰ, ਤਲਵਿੰਦਰ, ਪਰਮਿੰਦਰ ਅਤੇ ਕਈ ਹੋਰ "ਇੰਦਰ" ਨਾਂ ਸਿੱਖਾਂ ਵਿਚ ਮਨਜ਼ੂਰ ਹੋਏ। ਇਹ ਗੱਲ ਦਿਲਚਸਪ ਹੈ ਕਿ ਇਨ੍ਹਾਂ ਵਿਚੋਂ ਸਭ ਤੋਂ ਪੁਰਾਣੇ ਨਾਂ ਰਾਜਿੰਦਰ ਭੂਪਿੰਦਰ, ਦਵਿੰਦਰ ਹਨ ਅਤੇ ਉਨ੍ਹਾਂ ਨੂੰ ਬ੍ਰਾਹਮਣਾਂ 'ਚੋਂ ਆਏ ਪਰਿਵਾਰਾਂ ਨੇ ਸਭ ਤੋਂ ਪਹਿਲਾਂ ਚੁਣਿਆ। ਫੂਲ ਬੰਸ ਦੇ ਅਸਰ ਹੇਠਾਂ ਮਾਲਵੇ 'ਚ ਸਭ ਤੋਂ ਪਹਿਲਾਂ ਅਸਰ ਹੋਣਾ ਸ਼ੁਰੂ ਹੋਇਆ। ਸਿੱਖਾਂ ਵਿਚ ਕੁਝ ਹੋਰ ਨਾਂ ਸਿੱਖ ਫ਼ਲਸਫ਼ੇ, ਸਿੱਖ

ਕਲਚਰ ਅਤੇ ਸਿੱਖ ਰਹਿਣੀ ਬਹਿਣੀ 'ਚੋਂ ਆਏ ਹਨ : ਜਿਵੇਂ ਅਵਤਾਰ ਸਿੰਘ, ਹਜ਼ੂਰ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਮੰਗਲ ਸਿੰਘ, ਆਤਮਾ ਸਿੰਘ, ਪ੍ਰੀਤਮ ਸਿੰਘ, ਕਰਤਾਰ ਸਿੰਘ, ਗੁਰਚਰਨ ਸਿੰਘ, ਈਸ਼ਰ ਸਿੰਘ, ਹਰਨਾਮ ਸਿੰਘ, ਗੁਰਸਾਗਰ ਸਿੰਘ, ਸਰੂਪ ਸਿੰਘ, ਲਾਭ ਸਿੰਘ, ਸੰਤ ਸਿੰਘ, ਸੰਤੋਖ ਸਿੰਘ, ਪ੍ਰਕਾਸ਼ ਸਿੰਘ, ਸੇਵਾ ਸਿੰਘ, ਸਤਨਾਮ ਸਿੰਘ, ਹਰਚਰਨ ਸਿੰਘ, ਹਰਸ਼ਰਨ ਸਿੰਘ, ਗੁਰਸ਼ਰਨ ਸਿੰਘ, ਮਨਜੀਤ ਸਿੰਘ, ਜਗਜੀਤ ਸਿੰਘ, ਜੀਵਨ ਸਿੰਘ, ਦੁਰਲਭ ਸਿੰਘ, ਹਰਬੰਸ ਸਿੰਘ, ਗਿਆਨ ਸਿੰਘ, ਅਮਰ ਸਿੰਘ, ਅੰਮ੍ਰਿਤ ਸਿੰਘ, ਪਵਿੱਤਰ ਸਿੰਘ, ਠਾਕਰ ਸਿੰਘ, ਗੁਰਮੀਤ ਸਿੰਘ, ਹਰਕਿਸ਼ਨ ਸਿੰਘ, ਨਿਰੰਜਨ ਸਿੰਘ, ਲਾਭ ਸਿੰਘ, ਰਾਮ ਸਿੰਘ, ਭਰਪੂਰ ਸਿੰਘ, ਵਗ਼ੈਰਾ। ਕੁਝ ਨਾਂ ਮੌਸਮ 'ਚੋਂ ਵੀ ਸਿੱਖਾਂ ਨੇ ਚੁਣੇ : ਮੱਘਰ ਸਿੰਘ, ਵਿਸਾਖਾ ਸਿੰਘ, ਚੇਤ ਸਿੰਘ, ਬਸੰਤ ਸਿੰਘ, ਸਾਵਣ ਸਿੰਘ। ਸ਼ਹਿਰਾਂ ਦੇ ਨਾਂ ਵੀ ਸਿੱਖਾਂ ਵਿਚ ਕਿਤੇ-ਕਿਤੇ ਮਿਲਦੇ ਹਨ: ਲਹੌਰਾ ਸਿੰਘ, ਅਜਮੇਰ ਸਿੰਘ, ਕਸ਼ਮੀਰ ਸਿੰਘ, ਮੁਲਤਾਨ ਸਿੰਘ ਵਗ਼ੈਰਾ। ਹਿੰਦੂ ਕਲਚਰ 'ਚੋਂ ਆਏ ਕੁਝ ਹੋਰ ਨਾਂ ਇਹ ਵੀ ਹਨ : ਗੋਪਾਲ ਸਿੰਘ, ਨਾਰਾਇਣ ਸਿੰਘ, ਪ੍ਰਿਥੀਪਾਲ ਸਿੰਘ, ਜਸਵੰਤ ਸਿੰਘ, ਸਤਿਬੀਰ ਸਿੰਘ, ਸ਼ਿਵ ਸਿੰਘ, ਤਰਲੋਚਨ ਸਿੰਘ, ਧੰਨਾ ਸਿੰਘ, ਵਗ਼ੈਰਾ। ਇਸਲਾਮ ਵਿਚੋਂ ਆਏ ਨਾਂ ਇਕਬਾਲ ਸਿੰਘ, ਗੁੱਜਰ ਸਿੰਘ, ਉਮਰਾਓ ਸਿੰਘ ਵਗ਼ੈਰਾ ਹਨ।

ਸਮੁੱਚੇ ਤੌਰ ਤੇ ਸਿੱਖਾਂ ਵਿਚ ਨਾਂਵਾਂ ਵਿਚ ਆਈ ਤਬਦੀਲੀ ਦੀ ਵੱਡੀ ਵਜ੍ਹਾ ਹਿੰਦੂ ਕਲਚਰ ਦਾ ਪ੍ਰਚਾਰ ਅਤੇ ਸਿੱਖ ਰਹਿਣੀ-ਬਹਿਣੀ ਤੋਂ ਨਾਵਾਕਫ਼ੀ ਹੈ। ਅਸਲ ਸਿੱਖ ਰਿਵਾਇਤ ਦੇ ਨਾਂ ਉਹੀ ਹਨ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਸਿੰਘ ਸਭਾ ਅਤੇ ਅਕਾਲੀ ਲਹਿਰ ਤਕ ਚਲਦੇ ਰਹੇ। ਬਾਕੀ ਨਾਂ ਭਾਵੇਂ ਚੋਖੀ ਗਿਣਤੀ ਵਿਚ ਮਿਲਦੇ ਹਨ ਪਰ ਉਹ ਸਿੱਖ ਕਲਚਰ ਤੋਂ ਬਾਹਰਲੇ ਨਾਂ ਹਨ।

ਅੱਜ ਫੇਰ ਸਿੱਖਾਂ ਵਿਚ ਆਪਣੇ ਹੀਰੋਜ਼ ਦੇ ਨਾਂ ਚੁਣਨ ਦੀ ਰਿਵਾਇਤ ਸ਼ੁਰੂ ਹੋ ਗਈ ਹੈ। ਖ਼ਾਸ ਕਰ ਕੇ ੧੯੮੪ ਤੋਂ ਮਗਰੋਂ ਖਾਲਸਾ ਜਰਨੈਲਾਂ, ਸ਼ਹੀਦਾਂ, ਜੁਝਾਰੂਆਂ ਅਤੇ ਪੁਰਾਣੇ ਆਗੂਆਂ ਦੇ ਨਾਂ ਸਿੱਖਾਂ ਦੇ ਬੱਚਿਆਂ ਦੇ ਨਾਂਵਾਂ ਵਜੋਂ ਹਰਦਿਲ-ਅਜ਼ੀਜ਼ ਹੋ ਰਹੇ ਹਨ।

ਸਿੱਖਾਂ ਵਿਚ ਨਾਂ ਰੱਖਣ ਦੇ ਦੋ ਤਰੀਕੇ ਹਨ। ਇਕ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ ਉਸ ਸ਼ਬਦ ਦੀ ਪਹਿਲੀ ਲਾਈਨ ਦੇ ਕਿਸੇ ਹਰਫ਼ ਤੇ ਰਖਿਆ ਜਾਂਦਾ ਹੈ। ਦੂਜਾ ਤਰੀਕਾ ਇਹ ਹੈ ਕਿ ਨਾਂ ਚੁਣ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਉਸ ਨਾਂ ਦੀ ਅਰਦਾਸ ਕਰ ਦਿੱਤੀ ਜਾਂਦੀ ਹੈ। ਇਸ ਨੂੰ ਗੁਰੂ ਦੀ ਮਨਜ਼ੂਰੀ ਤੇ ਅਸ਼ੀਰਵਾਦ ਸਮਝਿਆ ਜਾਂਦਾ ਹੈ।

ਕਈ ਸਿੱਖ ਆਪਣੇ ਬੱਚਿਆਂ ਦੇ ਨਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਬੜੇ-ਬੜੇ ਸੁਹਣੇ ਰਖਦੇ ਹਨ ਪਰ ਉਹ ਇਨ੍ਹਾਂ ਬੱਚਿਆਂ ਨੂੰ ਅਜੀਬ ਜਿਹੇ ਪਾਲਤੂ ਨਾਂਵਾਂ ਨਾਲ ਬੁਲਾਉਂਦੇ ਹਨ। (ਇਹ ਰਸਮ ਪੱਛਮ ਵਿਚ ਕੁੱਤਿਆਂ ਦੇ ਨਾਂ ਰਖਣ ਦੀ ਰੀਸ ਹੈ)। ਅਜਿਹੇ ਨਾਂ ਹਨ : ਬਿੱਟੂ, ਟੀਟੂ, ਕੁੱਕੂ, ਬਿੱਲੂ, ਮਿੰਟੂ, ਸੋਨੂ, ਟੋਨੀ, ਬਬਲੂ, ਕਾਕੂ, ਦੀਪੂ, ਹੈਰੀ, ਟਾਈਗਰ, ਡੇਜ਼ੀ, ਪੱਪੂ, ਰੋਜ਼ੀ, ਪਿੰਕੀ, ਸੰਨੀ, ਹਨੀ, ਬੰਟੀ, ਸ਼ੰਟੀ ਵਗ਼ੈਰਾ। ਅਜਿਹੇ ਨਾਂਵਾਂ ਨਾਲ ਬੁਲਾਉਣ ਦਾ ਮਤਲਬ ਇਹ ਹੈ ਕਿ ਅਜਿਹੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਤੇ ਯਕੀਨ ਨਹੀਂ ਜਿਹੜਾ ਉਹ ਉੱਥੋਂ ਚੁਣੇ ਨਾਂ ਸਿਰਫ਼ ਕਾਗਜ਼ਾਂ ਤਕ ਹੀ ਮਹਿਦੂਦ ਕਰ ਦੇਂਦੇ ਹਨ।

* * *

ਸਿੱਖਾਂ ਦੇ ਤਿਉਹਾਰ

ਤਿਉਹਾਰ ਦਾ ਲਫ਼ਜ਼ੀ ਮਾਅਨਾ ਹੈ ਦਿਨ-ਵਾਰ, ਘਟਨਾ, ਕਿਸੇ ਮੇਲੇ, ਰਸਮ, ਯਾਦ ਨੂੰ ਮਨਾਉਣਾ। ਭਾਈ ਕਾਨ੍ਹ ਸਿੰਘ ਨਾਭਾ 'ਤਿਉਹਾਰ' ਲਫ਼ਜ਼ ਦਾ ਮਾਅਨਾ ਦਸਦਿਆਂ ਇਸ ਵਿਚ 'ਵਿਸਾਖੀ, ਹੋਲੀ, ਈਦ ਅਤੇ ਕ੍ਰਿਸਮਿਸ ਡੇਅ' ਗਿਣਦੇ ਹਨ। ਅੰਗਰੇਜ਼ੀ ਐਨਸਾਈਕਲੋਪੀਡੀਆਜ਼ ਤਿਉਹਾਰ ਦੇ ਪਿਛੋਕੜ ਵਿਚ ਧਰਮ ਜਾਂ ਮੌਸਮ ਨੂੰ ਮੰਨਦੇ ਹਨ। ਤਿਉਹਾਰ ਵਿਚ ਨੱਚਣਾ, ਗਾਉਣਾ, ਜਸ਼ਨ ਮਨਾਉਣਾ, ਪਾਰਟੀ ਕਰਨਾ, ਚੰਗਾ ਖਾਣਾ, ਨਸ਼ਾ ਪੀਣਾ ਵਗ਼ੈਰਾ ਸ਼ਾਮਿਲ ਹੁੰਦਾ ਹੈ।

ਪੰਜਾਬ ਵਿਚ ਹਿੰਦੂ ਧਰਮ ਨਾਲ ਸਬੰਧਿਤ ਕਈ ਤਿਉਹਾਰ ਮਨਾਏ ਜਾਂਦੇ ਹਨ। ਇਨ੍ਹਾਂ ਵਿਚ ਲੋਹੜੀ, ਹੋਲੀ, ਦੀਵਾਲੀ, ਰੱਖੜੀ, ਸੰਗਰਾਂਦ, ਮੱਸਿਆ ਅਤੇ ਕਈ ਹੋਰ ਮੇਲੇ ਵੀ ਹਨ। ਹਿੰਦੂ ਇਨ੍ਹਾਂ ਤਿਉਹਾਰਾਂ ਨੂੰ ਸਦੀਆਂ ਤੋਂ ਮਨਾਉਂਦੇ ਆ ਰਹੇ ਹਨ। ਇਹ ਸਾਰੇ ਤਿਉਹਾਰ ਹਿੰਦੂ ਧਰਮ ਦੇ ਕਿਸੇ ਨਾ ਕਿਸੇ ਰਾਜੇ, ਦੇਵਤੇ ਜਾਂ ਦੇਵੀ ਨਾਲ ਜੁੜੇ ਹੋਏ ਹਨ। ਇਨ੍ਹਾਂ ਤਿਉਹਾਰਾਂ ਦਾ ਸਿੱਖਾਂ ਜਾਂ ਮੁਸਲਮਾਨਾਂ ਜਾਂ ਕਿਸੇ ਵੀ ਹੋਰ ਧਰਮ ਨਾਲ ਕੋਈ ਸਬੰਧ ਨਹੀਂ ਹੈ।

ਸਿੱਖ ਫ਼ਲਸਫ਼ੇ ਵਿਚ ਉਪਰਲੇ ਤਿਉਹਾਰਾਂ ਵਰਗੀ ਕੋਈ ਸ਼ੈਅ ਨਹੀਂ। ਸਿੱਖ ਧਰਮ ਵਿਚ ਲੋਹੜੀ ਦਾ ਕੋਈ ਪਿਛੋਕੜ ਨਹੀਂ ਨਾ ਤਾਂ ਇਸ ਦਾ ਧਰਮ ਨਾਲ ਸਬੰਧ ਹੈ, ਨਾ ਹੀ ਗੁਰੂ ਸਾਹਿਬਾਨ ਦੀਆਂ ਜ਼ਿੰਦਗੀਆਂ ਵਿਚ ਇਸ ਦਾ ਮਨਾਏ ਜਾਣਾ ਨਜ਼ਰ ਆਉਂਦਾ ਹੈ ਅਤੇ ਨਾ ਹੀ ਸਿੱਖ ਤਵਾਰੀਖ਼ ਅਤੇ ਕਲਚਰ ਵਿਚ ਕਦੇ ਲੋਹੜੀ ਮਨਾਏ ਜਾਣ ਦਾ ਜ਼ਿਕਰ ਹੈ। ਹਿੰਦੂਆਂ ਦਾ ਗ਼ਲਬਾ ਹੋਣ ਕਰ ਕੇ ਵੇਖੋ-ਵੇਖੀ, ਬੇਸਮਝ, ਕੱਚੇ ਅਤੇ ਭੋਲੇ ਲੋਕ ਇਸ ਅ-ਸਿੱਖ ਰਸਮ ਨੂੰ ਮਨਾਉਣ ਲੱਗ ਪਏ। ਪਰ ਜਿਉਂ-ਜਿਉਂ ਸੋਝੀ ਆ ਰਹੀ ਹੈਂ, ਸਿੱਖ ਇਸ ਨੂੰ ਛੱਡਦੇ ਜਾ ਰਹੇ ਹਨ।

ਹੋਲੀ ਹਿੰਦੂ ਮਿਥਿਹਾਸ ਵਿਚ 'ਹੋਲਿਕਾ' ਨਾਂ ਦੀ ਔਰਤ ਦੇ ਸੜਨ ਨਾਲ ਸਬੰਧ ਰਖਦੀ ਹੈ। ਇਸ ਦਾ ਸਿੱਖ ਧਰਮ ਨਾਲ ਕੋਈ ਮੇਲ ਨਹੀਂ। ਪੰਜਾਬੀਆਂ ਨੂੰ ਪੂਰਬੀਆਂ ਦੀ ਇਸ ਹੋਛੀ ਖੇਡ ਤੋਂ ਰੋਕਣ ਵਾਸਤੇ ਅਨੰਦਪੁਰ ਸਾਹਿਬ ਵਿਚ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਨੇ, ਹੋਲਾ ਮਹੱਲਾ ਮਨਾ ਕੇ, ਹੋਲੀ ਦੇ ਰੰਗ ਪਾਉਣ ਅਤੇ ਹੁਲੜਬਾਜ਼ੀ ਕਰਨ ਦੀ ਹਰਕਤ ਤੋਂ ਰੋਕਣ ਵਾਸਤੇ ਸੂਝ ਦਿੱਤੀ ਸੀ। ਗੁਰੂ ਸਾਹਿਬ ਦਾ ਮਾਅਨਾ ਹਰਗਿਜ਼ ਇਹ ਨਹੀਂ ਸੀ ਕਿ ਹੋਲੀ ਨੂੰ 'ਸਿੱਖੀ ਸਰੂਪ' ਦੇ ਦਿੱਤਾ ਜਾਏ ਜਾਂ ਹੋਲੀ ਦਾ ਦਿਨ ਮਨਾਇਆ ਜ਼ਰੂਰ ਜਾਵੇ, ਪਰ ਸਿੱਖ ਤਰੀਕੇ ਨਾਲ। ਕਈ ਸਾਲਾਂ ਤੋਂ ਅਨੰਦਪੁਰ ਸਾਹਿਬ 'ਚ ਮਨਾਇਆ ਜਾਣ ਵਾਲਾ ਮੇਲਾ, ਅਚਾਨਕ ਹੀ ਕੁਝ ਭੋਲੇ ਸਿੱਖਾਂ ਨੇ ਤਿਉਹਾਰ ਬਣਾ ਲਿਆ ਹੈ। ਗੁਰੂ ਸਾਹਿਬ ਨੇ ਜੋ ਹੋਲਾ ਮਹੱਲਾ ਸ਼ੁਰੂ ਕੀਤਾ ਸੀ, ਉਸ ਵਿਚ ਜੰਗ ਦੀ ਮਸ਼ਕ, ਹਥਿਆਰਾਂ

ਦੀ ਟਰੇਨਿੰਗ ਅਤੇ ਫ਼ੌਜੀ ਸਿਖਿਆ ਸ਼ਾਮਿਲ ਸਨ। (ਵੇਖੋ, ਮਹਾਨ ਕੋਸ਼ ਵਿਚ ਹੋਲਾ ਮਹੱਲਾ ਦੀਆਂ ਐਂਟਰੀਜ਼)। ਇਸ ਵਿਚ ਮੇਲੇ ਵਾਂਗ ਸ਼ੋਰ, ਖਾਣਾ-ਪੀਣਾ, ਖੇਡਾਂ, ਰੰਗ ਉਡਾਉਣੇ ਨਹੀਂ ਸਨ। ਇਨ੍ਹਾਂ ਚੀਜ਼ਾਂ ਨੂੰ ਤਾਂ ਸਗੋਂ ਰੋਕਿਆ ਗਿਆ ਸੀ। ਕੁਝ ਚਿਰ ਤੋਂ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਇਕ ਤਰ੍ਹਾਂ ਨਾਲ 'ਸਿੱਖਾਂ ਦੀ ਹੋਲੀ' ਬਣ ਗਿਆ ਹੈ। ਸਿੱਖ 'ਮੇਲਾ' ਤਾਂ ਕਦੇ ਵੀ ਨਹੀਂ ਮਨਾਉਂਦੇ ਸਨ। ਜੰਗੀ ਮੁਕਾਬਲੇ, ਘੋੜ-ਦੌੜ, ਨੇਜ਼ਾ-ਬਾਜ਼ੀ, ਗਤਕਾ, ਕਿਰਪਾਨ ਦੇ ਹੁਨਰ ਤਾਂ ਖੇਡਾਂ ਸਨ ਨਾ ਕਿ 'ਮੇਲਾ'। ਫ਼ਲਸਫ਼ੇ ਦੇ ਪੱਖੋਂ 'ਹੋਲਾ ਮਹੱਲਾ' ਦੀ ਥਾਂ 'ਹੋਲਾ ਮੇਲਾ' ਮਨਾਉਣਾ ਅ-ਸਿੱਖ ਕਾਰਵਾਈ ਹੈ।

ਦੀਵਾਲੀ ਦਾ ਸਿੱਖ ਫ਼ਲਸਫ਼ੇ ਨਾਲ ਕੋਈ ਸਬੰਧ ਨਹੀਂ। ਦੀਵਾਲੀ ਹਿੰਦੂ ਧਰਮ ਵਿਚ ਲਛਮੀ ਦੀ ਪੂੰਜਾ ਦਾ ਤਿਓਹਾਰ ਹੈ। ਇਸ ਦਾ ਦੂਜਾ ਪਿਛੋਕੜ ਅਯੁਧਿਆ ਦੇ ਰਾਜੇ ਰਾਮ ਚੰਦਰ ਦਾ ਕਈ ਸਾਲਾਂ ਮਗਰੋਂ ਆਪਣੇ ਮੁਲਕ ਪਰਤਣਾ ਹੈ। ਹਿੰਦੂ ਦੀਵੇ ਜਗਾ ਕੇ ਲਛਮੀ ਨੂੰ ਖ਼ੁਸ਼ ਕਰਦੇ ਹਨ। ਸਿੱਖਾਂ ਵਿਚ ਇਸ ਨੂੰ ਛੇਵੇਂ ਪਾਤਿਸ਼ਾਹ ਵਲੋਂ ਗਵਾਲੀਅਰ ਕੈਦ 'ਚੋਂ ਰਿਹਾ ਹੋ ਕੇ ਅੰਮ੍ਰਿਤਸਰ ਪੁੱਜਣ ਦੇ ਨਾਂ 'ਤੇ ਦੀਵੇ ਜਗਾ ਕੇ ਗੁਰੂ ਸਾਹਿਬ ਨੂੰ 'ਜੀ ਆਇਆਂ' ਕਹਿਣ ਨਾਲ ਜੋੜਿਆ ਜਾਂਦਾ ਹੈ। ਛੇਵੇਂ ਪਾਤਿਸ਼ਾਹ, ਅੰਮ੍ਰਿਤਸਰ ਵਿਚ ਦੀਵਾਲੀ ਵਾਲੇ ਦਿਨ ਨਹੀਂ ਬਲਕਿ ੨੮ ਦਿਸੰਬਰ ੧੬੨੦ ਦੇ ਦਿਨ ਪੁੱਜੇ ਸਨ। ੧੬੩੫ ਵਿਚ ਉਹ ਕੀਰਤਪੁਰ ਚਲੇ ਗਏ ਸਨ ਤੇ ਇਸ ਮਗਰੋਂ ੧੬੯੬ ਤਕ ਅੰਮ੍ਰਿਤਸਰ 'ਤੇ ਪ੍ਰਿਥੀ ਚੰਦ ਦੀ ਔਲਾਦ ਯਾਨਿ ਮੀਣਿਆਂ ਦਾ ਕਬਜ਼ਾ ਰਿਹਾ ਸੀ। ਉਨ੍ਹਾਂ ਗੁਰੂ ਸਾਹਿਬ ਦੀ ਰਿਹਾਈ ਦੀ ਖ਼ੁਸ਼ੀ 'ਚ ਦੀਵਾਲੀ ਹਰਗਿਜ਼ ਨਹੀਂ ਮਨਾਈ ਹੋਵੇਗੀ। ਜੇ ਮਨਾਈ ਹੋਏਗੀ ਤਾਂ ਹਿੰਦੂਆਂ ਦੇ ਤਿਓਹਾਰ ਨੂੰ ਤਾਂ ਮਨਾਇਆ ਹੋ ਸਕਦਾ ਹੈ ਪਰ ਗੁਰੂ ਹਰਿਗੋਬਿੰਦ ਸਾਹਿਬ ਦੀ ਖ਼ੁਸ਼ੀ ਕਰ ਕੇ ਨਹੀਂ।

ਇੱਥੇ ਇਹ ਸਵਾਲ ਪੁਛਿਆ ਜਾਏਗਾ ਕਿ ਦੀਵਾਲੀ 'ਤੇ ਤਾਂ ਸਿੱਖ ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ ਅੱਗੇ ਹਰ ਸਾਲ ਇਕੱਠੇ ਹੋਇਆ ਕਰਦੇ ਸੀ ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਵੇਲੇ 'ਦੀਵਾਲੀ' ਮਨਾਈ ਗਈ ਸੀ, ਵਗ਼ੈਰਾ। ਸਿੱਖ ਅਠਾਰ੍ਹਵੀਂ ਸਦੀ ਵਿਚ, ਸਾਲ ਵਿਚ ਦੋ ਵਾਰ, ਵਿਸਾਖੀ ਅਤੇ ਦੀਵਾਲੀ ਦੇ ਦਿਨ ਅੰਮ੍ਰਿਤਸਰ ਵਿਚ ਪਹੁੰਚਿਆ ਕਰਦੇ ਸੀ। ਸਰਬਤ ਖ਼ਾਲਸਾ ਇਕੱਠ ਉੱਥੇ ਹੀ ਹੋਇਆ ਕਰਦੇ ਸੀ। ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਦੀਵਾਲੀ ਤੇ ਵਿਸਾਖੀ ਨੂੰ ਤਿਓਹਾਰਾਂ ਵਜੋਂ ਮਨਾਇਆ ਕਰਦੇ ਸੀ। ਦਰਅਸਲ, ਉਸ ਵੇਲੇ ਡਾਇਰੀਆਂ ਅਤੇ ਕੈਲੰਡਰ ਤਾਂ ਹੋਇਆ-ਹੀ ਨਹੀਂ ਕਰਦੇ ਸੀ। ਹਿੰਦੂਆਂ ਦੇ ਪੁਰੋਹਿਤ ਆਪਣੇ ਕੈਲੰਡਰ (ਬਿਕਰਮੀ ਸੰਮਤ) ਮੁਤਾਬਿਕ ਦਿਨ ਕੱਢਿਆ ਕਰਦੇ ਸਨ। ਇਸ ਹਾਲਤ ਵਿਚ ਸਭ ਨੂੰ ਆਸਾਨੀ ਨਾਲ ਪਤਾ ਲੱਗ ਜਾਇਆ ਕਰਦਾ ਸੀ ਕਿ 'ਹਿੰਦੂ' ਦਿਨ-ਦਿਹਾੜੇ ਕਿਸ ਦਿਨ ਹਨ। ਜੰਗਲਾਂ, ਛੰਭਾਂ, ਪਹਾੜਾਂ, ਮਾਰੂਥਲਾਂ ਵਿਚ ਵਿਚਰ ਰਹੇ ਸਿੱਖਾਂ ਨੂੰ ਇਸ ਦੀ ਪਛਾਣ ਸੌਖੀ ਹੋ ਸਕਦੀ ਸੀ। ਜੇ ਉਦੋਂ ਡਾਇਰੀਆਂ, ਕੈਲੰਡਰ, ਅਖ਼ਬਾਰਾਂ, ਰੇਡੀਓ ਵਗ਼ੈਰਾ ਹੁੰਦੇ ਤਾਂ ਸਿੱਖਾਂ ਨੂੰ ਤਾਰੀਖ਼ਾਂ ਲੱਭਣ ਵਾਸਤੇ ਪੰਡਤਾਂ 'ਤੇ ਮੁਨੱਸਰ ਨਾ ਹੋਣਾ ਪੈਂਦਾ। ਯਾਨਿ ਸਿੱਖਾਂ ਦਾ ਸਾਲ ਵਿਚ ਦੋ ਵਾਰ ਇਕੱਠੇ ਹੋਣ ਵਾਸਤੇ, ਦਿਨ ਲੱਭਣ ਦੀ ਅਸਾਨੀ-ਦੀ ਵਜ੍ਹਾ ਇਹ ਨਹੀਂ ਸੀ ਕਿ ਸਿੱਖ ਦੀਵਾਲੀ ਤੇ ਵਿਸਾਖੀ

ਨੂੰ ਹੀ ਇਕੱਠੇ ਹੋਣਾ ਚਾਹੁੰਦੇ ਸਨ। ਨਾ ਤਾਂ ਸਿੱਖ ਫ਼ਲਸਫ਼ਾ ਅਤੇ ਨਾ ਹੀ ਤਵਾਰੀਖ਼ ਇਨ੍ਹਾਂ ਇਕੱਠਾਂ ਦੀ ਵਜ੍ਹਾ ਦੇ ਪਿਛੋਕੜ ਵਿਚ ਤਿਉਹਾਰ ਮਨਾਉਣਾ ਦਸਦੀ ਹੈ। ਫਿਰ ਇਨ੍ਹਾਂ ਸਰਬਤ ਖ਼ਾਲਸਾ ਇਕੱਠਾਂ ਵਿਚ ਕਿਤੇ ਵੀ ਦੀਵੇ ਜਗਾਉਣ ਯਾਨਿ "ਲਾਟਾਂ ਵਾਲੀ" ਨੂੰ ਖ਼ੁਸ਼ ਕਰਨ ਦਾ ਕੋਈ ਜ਼ਿਕਰ ਨਹੀਂ ਆਉਂਦਾ।

ਕਈ ਭੋਲੇ ਵੀਰ, ਭਾਈ ਗੁਰਦਾਸ ਜੀ ਦੀ ਲਾਈਨ, "ਦੀਵਾਲੀ ਦੀ ਰਾਤ ਦੀਵੇ ਬਾਲੀਅਨਿ", ਦਾ ਹਵਾਲਾ ਦੇਣਗੇ। ਹਾਲਾਂ ਕਿ ਇਸ ਲਾਈਨ ਦਾ ਮਾਅਨਾ ਇਹ ਹੈ ਕਿ ਹਿੰਦੂ ਲੋਕ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਦੇ ਹਨ। ਇਸ ਵਿਚ ਦੀਵਾਲੀ ਮਨਾਉਣ ਦੀ ਹਮਾਇਤ ਨਹੀਂ ਕੀਤੀ ਗਈ, ਬਲਕਿ ਇਸ ਨੂੰ ਰੱਦ ਕੀਤਾ ਹੋਇਆ ਹੈ। ਅਜਿਹਾ ਜਾਪਦਾ ਹੈ ਕਿ ਸਿੱਖਾਂ ਵਿਚ ਇਹ ਪਰਪਾਟੀ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਰਣਜੀਤ ਸਿੰਘ ਦੀ ਹਕੂਮਤ ਦੇ ਛੇਕੜਲੇ ਦਿਨਾਂ ਵਿਚ ਜਾਂ ਅੰਗਰੇਜ਼ੀ ਹਕੂਮਤ ਦੌਰਾਨ ਉਦਾਸੀਆਂ ਦੇ ਅਹਿਦ ਵਿਚ ਸ਼ੁਰੂ ਹੋਈ ਹੋਏਗੀ। ਜੇ ਸਿੱਖ ਦੀਵਾਲੀ ਤੇ ਦੀਵੇ ਜਗਾਉਂਦੇ ਹੁੰਦੇ ਤਾਂ ਭਾਈ ਗੁਰਦਾਸ ਦੀਵੇ ਜਗਾਣ ਨੂੰ ਰੱਦ ਨਾ ਕਰਦੇ।

ਰੱਖੜੀ ਹਿੰਦੂ ਧਰਮ ਦਾ ਤਿਉਹਾਰ ਹੈ। ਰੱਖੜੀ, ਯਾਨਿ ਰੱਖਿਆ ਕਰਨ ਵਾਲੀ ਡੋਰੀ। ਹਿੰਦੂ ਭੈਣਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਅਤੇ ਪੁਰੋਹਿਤ ਯਜਮਾਨ ਦੇ ਹੱਥ 'ਤੇ ਬੰਨ੍ਹ ਕੇ, ਮਾਇਆ ਹਾਸਿਲ ਕਰਦੇ ਹਨ। ਹਿੰਦੂਆਂ ਵਿਚ ਖ਼ਾਸ ਕਰ ਕੇ ਰਾਜਪੂਤਾਂ ਵਿਚ, ਇਹ ਰਸਮ ਪੁਰਾਣੀ ਹੈ। ਭੈਣਾਂ, ਭਰਾਵਾਂ ਦੇ ਹੱਥ 'ਤੇ ਰੱਖੜੀ ਬੰਨ੍ਹ ਕੇ, ਬਦਲੇ ਵਿਚ ਆਪਣੀ ਹਿਫ਼ਾਜ਼ਤ ਦਾ ਵਾਅਦਾ ਲੈਂਦੀਆਂ ਸਨ। ਕਈ ਅਬਲਾਵਾਂ ਵੀ ਬਹਾਦਰ ਜਵਾਨਾਂ ਨੂੰ ਰੱਖੜੀ ਬੰਨ੍ਹ ਕੇ ਇਹ ਵਾਅਦਾ ਹਾਸਿਲ ਕਰਿਆ ਕਰਦੀਆਂ ਸਨ। ਹਿੰਦੂਆਂ ਵਿਚ ਇਸੇ ਕਰ ਕੇ 'ਰੱਖੜੀ ਬੰਨ੍ਹ ਭਰਾ' ਦਾ ਰਿਵਾਜ ਵੀ ਹੈ। (ਇਹ ਵਖਰੀ ਗੱਲ ਹੈ ਕਿ ਅਬਦਾਲੀ ਜਦੋਂ ਹਜ਼ਾਰਾਂ ਔਰਤਾਂ ਚੁਕ ਕੇ ਲੈ ਗਿਆ ਤਾਂ ਹਿੰਦੂ ਨੌਜਵਾਨਾਂ ਦੇ ਹੱਥਾਂ ਤੇ ਬੰਨ੍ਹੀਆਂ ਰੱਖੜੀਆਂ ਨੇ ਉਨ੍ਹਾਂ ਜਵਾਨਾਂ ਨੂੰ ਨਾ ਟੁੰਬਿਆ। ਇਸ ਦੇ ਮੁਕਾਬਲੇ 'ਤੇ ਕੜੇ ਤੇ ਕਿਰਪਾਨਾਂ ਵਾਲੇ ਸਿੰਘਾਂ ਨੇ ਹਜ਼ਾਰਾਂ ਹਿੰਦੂ ਕੁੜੀਆਂ ਬਚਾ ਕੇ ਉਨ੍ਹਾਂ ਦੇ ਘਰੀਂ ਪਹੁੰਚਾਈਆਂ। ਹੋਰ ਕਮਾਲ ਦੀ ਤਾਂ ਗੱਲ ਇਹ ਹੈ ਕਿ 'ਰੱਖੜੀ ਵਾਲੇ ਹਿੰਦੂਆਂ' ਨੇ ਆਪਣੀਆਂ ਇਨ੍ਹਾਂ ਭੈਣਾਂ ਨੂੰ ਕਬੂਲਣ ਤੋਂ ਹਿਚਕਚਾਹਟ ਦਿਖਾਈ)। ਇੰਞ ਹੁਣ, ਇਹ ਹਿੰਦੂ ਤਿਉਹਾਰ ਮਹਿਜ਼ ਇਕ ਰਸਮ ਬਣ ਗਿਆ ਹੈ ਅਤੇ ਫੋਕੀ ਦਿਖਾਵਟ, ਦੰਭ ਤੇ ਪਾਖੰਡ ਤੋਂ ਸਿਵਾ ਇਸ ਦਾ ਕੋਈ ਮਤਲਬ ਨਹੀਂ।

ਸਿੱਖਾਂ ਵਿਚ ਰੱਖੜੀ ਨਾਂ ਦੀ ਕੋਈ ਚੀਜ਼ ਨਹੀਂ। ਕਿਸੇ ਸਿੱਖ ਗੁਰੂ ਨੇ ਭੈਣ ਤੋਂ ਰੱਖੜੀ ਨਹੀਂ ਬੰਨ੍ਹਵਾਈ। ਹੁਣੇ ਜਿਹੇ ਕੁਝ ਹਿੰਦੂ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਤੋਂ ਰੱਖੜੀ ਬੰਨ੍ਹਵਾਉਣ ਦੀ ਝੂਠੀ ਕਹਾਣੀ ਘੜ ਕੇ ਕੁਝ ਭੋਲੇ ਸਿੱਖਾਂ ਨੂੰ ਬੇਵਕੂਫ਼ ਬਨਾਉਣ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਅਜਿਹੀ "ਰੱਖਿਆ" ਦੇ ਦੰਭ ਵਿਚ ਯਕੀਨ ਹੀਂ ਨਹੀਂ ਰਖਦਾ। ਸਿੱਖ ਨੂੰ ਤਾਂ ਅਕਾਲ ਪੁਰਖ ਵਲੋਂ ਰੱਖਿਆ ਮਿਲੀ ਹੋਈ ਹੈ। ਸਿੱਖ ਸਿਰਫ਼ ਆਪਣੀ ਮਾਂ-ਜਾਈ ਭੈਣ ਦਾ ਹੀ ਰਖਵਾਲਾ ਨਹੀਂ ਬਲਕਿ ਹਰ ਔਰਤ ਦਾ ਰਖਵਾਲਾ ਹੈ। ਜੇ ਸਿੱਖ ਰੱਖੜੀ ਬੰਨ੍ਹਦਾ ਹੈ ਤਾਂ ਉਹ ਸਿੱਖੀ ਤੋਂ ਦੂਰ ਹੈ, ਉਹ ਮਨਮਤੀਆ ਹੈ। ਹੱਥ 'ਚ ਕੜਾ

ਪਾ ਕੇ, ਨਾਲ ਹੀ ਰੱਖੜੀ ਬੰਨ੍ਹਣਾ, ਕੜੇ ਦੀ ਵੀ ਤੌਹੀਨ ਕਰਨਾ ਹੈ। ਅਜਿਹਾ ਸਿੱਖ ਨਕਲੀ ਹੈ, ਜਾਅਲੀ ਹੈ, ਦੰਭੀ ਹੈ, ਪਾਖੰਡੀ ਹੈ। ਜਿਵੇਂ ਕੱਟੀ ਹੋਈ ਦਾੜ੍ਹੀ ਸਿੱਖ ਦੇ ਮੂੰਹ ਤੇ ਬਦਸੂਰਤੀ ਦੀ ਨਿਸ਼ਾਨੀ ਹੈ, ਉਵੇਂ ਇਕ ਕੇਸ-ਦਾੜ੍ਹੀ ਵਾਲੇ ਸਿੱਖ ਦੇ ਗੁੱਟ 'ਤੇ ਰੱਖੜੀ ਜਾਂ ਕੋਈ ਸੂਤਰੀ ਉਸ ਵਾਸਤੇ ਕਲੰਕ ਹੈ। ਰੱਖੜੀ ਬੰਨ੍ਹਣ ਵਾਲਾ ਕੇਸਾਧਾਰੀ ਰਾਮ ਤੇ ਕ੍ਰਿਸ਼ਨ ਦਾ ਪੈਰੋਕਾਰ ਤਾਂ ਹੋ ਸਕਦਾ ਹੈ ਪਰ ਸਿੱਖ ਗੁਰੂਆਂ ਦਾ ਨਹੀਂ। ਇੰਞ ਹੀ ਸਿੱਖ ਨੂੰ ਰੱਖੜੀ ਬੰਨ੍ਹਣ ਵਾਲੀ ਭੈਣ, ਭਰਾ ਦਾ ਧਰਮ-ਈਮਾਨ ਹੀ ਤਾਂ ਤੋੜਦੀ ਹੈ।

ਵਿਸਾਖੀ ਵੀ, ਦੀਵਾਲੀ ਵਾਂਗ, ਸਰਬਤ ਖਾਲਸਾ ਇਕੱਠ ਵਾਸਤੇ ਇਸੇ ਕਰ ਕੇ ਚੁਣੀ ਗਈ ਸੀ, ਕਿਉਂਕਿ ਦਿਨ ਲੱਭਣਾ ਆਸਾਨ ਹੁੰਦਾ ਸੀ। ਜਦੋਂ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਸੀ, ਤਾਂ ਉਸ ਦੀ ਵਜ੍ਹਾ ਪਹਿਲੀ ਵਿਸਾਖੀ ਦੀ ਮਹਾਨਤਾ ਕਰ ਕੇ ਨਹੀਂ ਸੀ। ਉਸ ਦਾ ਪਿਛੋਕੜ ਵੀ ਸੰਗਤਾਂ ਨੂੰ ਇਕ ਦਿਨ ਦੀ ਸ਼ਨਾਖ਼ਤ ਕਰਵਾਉਣਾ ਸੀ। ਉਸ ਜ਼ਮਾਨੇ ਵਿਚ ਬਿਕਰਮੀ ਕੈਲੰਡਰ (ਸੰਮਤ) ਚਾਲੂ ਸੀ। ਅੱਜ ਕਲ੍ਹ ਸਾਰਾ ਕੁਝ 'ਗ੍ਰੈਗੋਰੀਅਨ' ਕੈਲੰਡਰ (ਜਿਸ ਨੂੰ ਈਸਾਈ 'ਈਸਵੀ ਕੈਲੰਡਰ' ਆਖਦੇ ਹਨ) ਮੁਤਾਬਿਕ ਚਲਦਾ ਹੈ। ਯਹੂਦੀ ਇਸ ਨੂੰ 'ਕਾਮਨ ਇਰਾ' (ਚਾਲੂ ਜਾਂ ਆਮ ਕੈਲੰਡਰ) ਲਿਖਦੇ ਹਨ। ਈਸਾਈ ਇਸ ਨੂੰ (A.D.) ਲਿਖਦੇ ਹਨ। ਇਸ ਦਾ ਮਤਲਬ ਹੈ : 'ਈਸਾ ਦਾ ਸਾਲ' (Year of the Lord)। ਗ਼ੈਰ-ਈਸਾਈ ਈਸਾ ਨੂੰ ਰੱਬ ਦਾ ਪੁੱਤਰ ਨਹੀਂ ਮੰਨਦੇ। ਇਸ ਕਰ ਕੇ ਉਹ ਏ. ਡੀ. ਦੀ ਥਾਂ "ਸੀ. ਈ." ਯਾਨਿ "ਕਾਮਨ ਇਰਾ" ਲਿਖਣਗੇ। ਸਿੱਖਾਂ ਨੇ ਜੇ ਕਰ ਖਾਲਸਾ ਪ੍ਰਗਟ ਕਰਨ ਦੀ ਯਾਦ ਮਨਾਉਣੀ ਹੈ ਤਾਂ ਹਿੰਦੂ ਕੈਲੰਡਰ ਮੁਤਾਬਿਕ ਕਿਉਂ ਮਨਾਉਣ ? ਇਹ ਹਰ ਸਾਲ ੨੯ ਮਾਰਚ ਨੂੰ ਕਿਉਂ ਨਾ ਮਨਾਈ ਜਾਏ ? ਨਾਲੇ ਦੁਨੀਆਂ ਭਰ ਦੇ ਸਿੱਖਾਂ ਨੂੰ ਤਾਰੀਖ਼ ਦੀ ਆਸਾਨੀ ਹੋਏਗੀ। ਸਵਾਲ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਜੇ ਸਿੱਖ ਬਿਕਰਮੀ ਕੈਲੰਡਰ ਛੱਡਣ ਤਾਂ ਅੰਗਰੇਜ਼ੀ ਕਿਉਂ ਮੰਨਣ ? ਜਵਾਬ ਸਾਫ਼ ਹੈ ਕਿ ਜੇ ੧੬੯੯ ਵਿਚ ਬਿਕਰਮੀ ਕੈਲੰਡਰ ਚਾਲੂ ਸੀ, ਤਾਂ ਅੱਜ "ਕਾਮਨ ਈਰਾ" ਦਾ ਕੈਲੰਡਰ ਵਰਤੋਂ ਵਿਚ ਆ ਰਿਹਾ ਹੈ। ਮੌਕੇ ਦੀ ਸਹੂਲਤ ਕਰ ਕੇ ਇਸ ਨੂੰ ਹੀ ਵਰਤਿਆ ਜਾਣਾ ਚਾਹੀਦਾ ਹੈ। ਉਂਞ, "ਵਿਸਾਖੀ" ਨਹੀਂ "ਖ਼ਾਲਸਾ ਪ੍ਰਗਟ ਕਰਨ ਦਾ ਦਿਨ" ਮਨਾਉਣ ਦਾ ਮਤਲਬ "ਮੇਲਾ" ਲਾਉਣਾ ਨਹੀਂ, ਬਲਕਿ ਖਾਲਸਾ, ਅੰਮ੍ਰਿਤ, ਸਿੱਖੀ, ਗੁਰਬਾਣੀ ਦਾ ਪ੍ਰਚਾਰ ਕਰਨਾ ਹੋਣਾ ਚਾਹੀਦਾ ਹੈ।

ਸੰਗਰਾਂਦ ਲਫ਼ਜ਼ ਸੰਸਕ੍ਰਿਤ ਦੇ ਸੰਕ੍ਰਾਂਤ ਤੋਂ ਬਣਿਆ ਹੈ। ਇਸ ਦਾ ਮਾਅਨਾ ਹੈ: ਉਹ ਦਿਨ, ਜਿਸ ਵਿਚ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਦਾਖ਼ਿਲ ਹੁੰਦਾ ਹੈ। ਸਿੱਖ ਧਰਮ ਸੂਰਜ ਦੇਵਤਾ ਨੂੰ ਨਹੀਂ ਮੰਨਦਾ। ਸੰਗਰਾਂਦ ਮਨਾਉਣਾ ਸੂਰਜ ਦੇਵਤੇ ਦੀ ਪੂਜਾ ਕਰਨਾ ਹੈ। ਇਹ ਸਿੱਖੀ ਅਸੂਲਾਂ ਦੇ ਉਲਟ ਹੈ। ਸੰਗਰਾਂਦ ਨੂੰ ਦਿਨ ਵਜੋਂ ਮਨਾਉਣ ਵਾਲਾ ਸਿੱਖ ਨਹੀਂ, ਮਨਮਤੀਆ ਹੈ। ਹਿੰਦੂਆਂ ਦਾ ਬਿਕਰਮੀ ਕੈਲੰਡਰ ਅਤੇ ਹਿੰਦੂ ਮਹੀਨੇ (ਚੇਤਰ ਤੋਂ ਫਗਣ ਤਕ) ਦਾ ਪਹਿਲਾ ਦਿਨ ਹਿੰਦੂ ਵਾਸਤੇ ਕੋਈ ਕੀਮਤ ਜਾਂ ਮਹਾਤਮ ਭਾਵੇਂ ਰਖਦਾ ਹੋਏ ਪਰ ਸਿੱਖ ਵਾਸਤੇ ਇਸ ਦੀ ਕੋਈ ਵੁੱਕਤ ਨਹੀਂ।

ਕੋਈ ਭੋਲਾ ਵੀਰ ਆਖ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਬਾਰਹ ਮਾਹ'

ਬਾਣੀ ਹੈ। ਜੇ ਮਹੀਨਿਆਂ ਅਤੇ ਸੰਗਰਾਂਦ ਦੀ ਕੋਈ ਕੀਮਤ ਨਹੀਂ ਤਾਂ ਗੁਰੂ ਸਾਹਿਬ ਨੇ ਉਹ ਕਿਉਂ ਲਿਖੇ ਸਨ ? ਗੁਰੂ ਸਾਹਿਬ ਨੇ ਬਾਰਹ ਮਾਹ ਨਜ਼ਮ ਕਾਵਿ ਰੂਪ ਵਰਤਿਆ ਹੈ। ਇੰਵ ਤਾਂ ਉਨ੍ਹਾਂ ਪੱਟੀ (ਪੈਂਤੀ, ਪੰਜਾਬੀ) ਦੇ ਨਾਲ ਨਾਲ ਬਾਵਨ ਅੱਖਰੀ (ਹਿੰਦੀ ਦੀ ਪੱਟੀ) ਵੀ ਲਿਖੀ ਹੈ। ਕੀ ਉਨ੍ਹਾਂ ਦਾ ਮਤਲਬ ਦੇਵਨਾਗਰੀ ਪੜ੍ਹਾਉਣਾ ਸੀ। ਇੰਵ ਹੀ ਉਨ੍ਹਾਂ ਨੇ ਅਲਾਹੁਣੀਆਂ ਦੀ ਵੀ ਰਚਨਾ ਕੀਤੀ ਹੋਈ ਹੈ। ਕੀ ਉਨ੍ਹਾਂ ਦਾ ਮਤਲਬ "ਵੈਣ ਪਾਉਣ" ਨੂੰ ਮਨਜ਼ੂਰੀ ਦੇਣਾ ਹੈ। ਗੁਰੂ ਸਾਹਿਬ ਨੇ ਨਜ਼ਮ ਦੇ ਰੂਪ, ਛੰਦ ਵਗ਼ੈਰਾ ਤਾਂ ਵਰਤੇ ਹਨ ਪਰ ਮਹੀਨਿਆਂ ਦੀ ਮਹਾਨਤਾ ਜਾਂ ਸਿਫ਼ਤ ਸਲਾਹ ਨਹੀਂ ਕੀਤੀ। ਉਨ੍ਹਾਂ ਨੇ ਤਾਂ ਸਗੋਂ ਆਖਿਆ ਹੈ ਕਿ ਹਰ ਮਹੀਨਾ (ਤੇ ਹਰ ਦਿਨ ਤੇ ਹਰ ਪਲ) ਵਾਹਿਗੁਰੂ ਦੇ ਕੀਰਤਨ ਵਾਸਤੇ ਹੈ, ਉਸ ਦੀ ਬੰਦਗੀ ਕਰਨ ਵਾਸਤੇ ਹੈ, ਉਸ ਨਾਲ ਇਕ-ਮਿਕ ਹੋਣ ਦੀ ਮੰਜ਼ਿਲ ਵਲ ਤੁਰਨ ਵਾਸਤੇ ਹੈ।

ਇਸੇ ਤਰ੍ਹਾਂ ਮੱਸਿਆ (ਜਦੋਂ ਸੂਰਜ ਅਤੇ ਚੰਨ ਇਕ ਹੀ ਰਾਸ਼ੀ 'ਚ ਵਸਦੇ ਹੋਣ, ਯਾਨਿ ਹਨੇਰੇ ਪਾਸੇ ਦੀ ਪਿਛਲੀ ਤਾਰੀਖ਼) ਦਾ ਵੀ ਸਿੱਖ ਫ਼ਲਸਫ਼ੇ ਨਾਲ ਸਬੰਧ ਨਹੀਂ ਹੈ। ਸਿੱਖ ਫ਼ਲਸਫ਼ੇ ਵਿਚ ਪੂਰਨਮਾਸ਼ੀ (ਚੰਨ ਦੇ ਚਾਨਣੇ ਪੱਖ ਦੀ ਪੰਦਰ੍ਹਵੀਂ ਤਾਰੀਖ਼) ਦੀ ਵੀ ਕੋਈ ਮਹਾਨਤਾ ਨਹੀਂ। ਸੰਗਰਾਂਦ ਜਾਂ ਮੱਸਿਆ ਜਾਂ ਪੂਰਨਮਾਸ਼ੀ ਦਾ ਮਨਾਉਣਾ ਜਾਂ ਮਹਾਨਤਾ ਸਮਝਣਾ ਮਨਮਤ ਹੈ।

ਕੁਝ ਗੁਰਦੁਆਰਿਆਂ ਵਿਚ 'ਸੰਗਰਾਂਦ' ਨੂੰ ਮਹਾਨਤਾ ਵਜੋਂ, ਖ਼ਾਸ ਦਿਨ ਵਜੋਂ ਜਾਂ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇਹ ਕਾਰਵਾਈ ਸਿੱਖੀ ਅਸੂਲਾਂ ਦੇ ਉਲਟ ਹੈ। ਮਹੀਨੇ ਵਿਚ ਕਿਸੇ ਦਿਨ ਨੂੰ ਖ਼ਾਸ ਸਮਝ ਕੇ ਮਨਾਉਣਾ ਵੀ ਮਨਮਤ ਹੈ। ਹਾਂ ਜੇ ਕਰ ਕਿਸੇ ਜਗ੍ਹਾ ਮਾਹਵਾਰੀ ਦੀਵਾਨ ਕਰਨੇ ਹੋਣ ਤਾਂ ਬੇਹਤਰ ਹੈ ਕਿ ਸੰਗਰਾਂਦ ਦੀ ਬਜਾਇ ਅੰਗਰੇਜ਼ੀ ਦੀ ਪਹਿਲੀ ਜਾਂ ਮਹੀਨੇ ਦੇ ਪਹਿਲੇ ਜਾਂ ਕਿਸੇ ਹੋਰ ਐਤਵਾਰ ਕੀਤੇ ਜਾਣ। ਇਸ ਨਾਲ ਸੰਗਰਾਂਦ ਦੀ ਖ਼ਾਸ ਮਹਾਨਤਾ ਦਾ ਵਹਿਮ ਕਿਸੇ ਸਿੱਖ ਨੂੰ ਨਹੀਂ ਰਹੇਗਾ। ਸਿੱਖਾਂ ਨੂੰ ਸੰਗਰਾਂਦ (ਹਿੰਦੂ ਕੈਲੰਡਰ ਦੇ ਮਹੀਨਿਆਂ ਦੀ ਪਹਿਲੀ ਤਾਰੀਖ਼ ਜਾਂ ਸੂਰਜ ਦੇਵਤੇ ਦੀ ਪੂਜਾ ਦਾ ਦਿਨ) ਯਕੀਨਨ ਬੰਦ ਕਰਨੀ ਚਾਹੀਦੀ ਹੈ ਅਤੇ ਕੋਈ ਹੋਰ ਜਾਂ ਅੰਗਰੇਜ਼ੀ ਦਾ ਪਹਿਲਾ ਦਿਨ ਚੁਣਨਾ ਚਾਹੀਦਾ ਹੈ। ਸਿੱਖਾਂ ਵਿਚ ਪਈ ਮਨਮਤ ਨੂੰ ਸਾਧਾਂ, ਡੇਰੇਦਾਰਾਂ ਤੇ ਹੋਰ ਦੰਭੀਆਂ ਨੇ ਆਪਣੇ ਅੰਦਰ ਦੇ ਛਿਪੇ ਬ੍ਰਾਹਮਣ ਨੂੰ ਜਿਊਂਦਾ ਰੱਖਣ ਵਾਸਤੇ ਅਪਣਾਇਆ ਅਤੇ ਪਰਚਾਰਿਆ ਹੋਇਆ ਹੈ।

ਸਿੱਖ ਫ਼ਲਸਫ਼ੇ ਵਿਚ ਕਿਸੇ ਦਿਨ, ਤਾਰੀਖ਼, ਵਾਰ ਨੂੰ ਖ਼ਾਸ ਮਹਾਨਤਾ ਦੇਣ ਜਾਂ ਮਨਾਉਣ ਵਾਲੇ ਨੂੰ ਬੇਵਕੂਫ਼ ਅਤੇ ਜਾਨਵਰ ਮੰਨਿਆ ਗਿਆ ਹੈ :

ਥਿਤੀ ਵਾਰ ਸੇਵਹਿ ਮੁਗਧ ਗਵਾਰ ॥

(ਸਫ਼ਾ ੮੪੩)

ਸਿਰਫ਼ ਏਨਾ ਹੀ ਨਹੀਂ ਕਿ ਸਿੱਖਾਂ ਵਿਚ ਬ੍ਰਾਹਮਣਵਾਦ ਦੇ ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀ ਵੜੇ ਹੋਏ ਹਨ, ਬਲਕਿ ਹੋਰ ਵੀ ਕਈ ਮਨਮਤ ਦੀਆਂ ਕਾਰਵਾਈਆਂ ਹੋ ਰਹੀਆਂ ਹਨ। ਇਨ੍ਹਾਂ ਵਿਚੋਂ ਖ਼ਾਸ ਹਨ : ਬਾਬੇ ਦਾ ਵਿਆਹ ਪੁਰਬ, ਬਾਬੇ ਦਾ ਸਰਾਧ, ਰੱਖੜ

ਪੁੰਨਿਆਂ, ਮੱਸਿਆ ਤੇ ਵਿਸਾਖੀ ਦੇ ਮੇਲੇ ਵਗ਼ੈਰਾ। ਸਿੱਖ ਪੰਥ ਤਾਂ ਸਗੋਂ ਦੂਜੇ ਮੇਲਿਆਂ ਵਿਚ ਧਾਰਮਿਕ ਦੀਵਾਨ ਕਰ ਕੇ ਅਤੇ ਸੰਗਤ ਨੂੰ ਵਕਤੀ ਦਿਹਾੜੇ ਨੂੰ ਫ਼ਜ਼ੂਲ ਦਸ ਕੇ, ਵਾਹਿਗੁਰੂ ਨਾਲ ਜੁੜਨ ਵਾਸਤੇ ਆਖਿਆ ਕਰਦਾ ਸੀ। ਪਰ ਹੁਣ ਇਨ੍ਹਾਂ ਦੀਵਾਨਾਂ ਵਿਚ ਸਿਆਸਤ ਜਾਂ ਫਿਰ ਦਿਖਾਵਾ ਜ਼ਿਆਦਾ ਰਹਿ ਗਿਆ ਹੈ। ਸਿੱਖ ਫ਼ਲਸਫ਼ਾ ਤਾਂ ਇਨ੍ਹਾਂ ਮੇਲਿਆਂ ਨੂੰ 'ਨੱਚਣ ਕੁੱਦਣੁ ਮਨ ਕਾ ਚਾਓ' ਆਖ ਕੇ ਰੱਦ ਕਰਦਾ, ਮਨ ਵਿਚ ਰੱਬ ਦਾ, ਨਿਰਮਲ ਭਉ ਰਖ ਕੇ ਅਸਲ 'ਭਾਉ' ਹਾਸਿਲ ਕਰਨ ਵਾਸਤੇ ਆਖਦਾ ਹੈ (ਗੁਰੂ ਗ੍ਰੰਥ ਸਾਹਿਬ, ਸਫ਼ਾ ੪੬)। ਅੱਜ ਸਿੱਖ ਪੰਥ, ਖ਼ਾਸ ਕਰ ਕੇ ਵਿਦਵਾਨਾਂ ਤੇ ਪਰਚਾਰਕਾਂ ਦੀ ਵੱਡੀ ਜ਼ਰੂਰਤ ਹੈ ਕਿ ਉਹ ਸਿੱਖਾਂ ਤੇ ਥੋਪੇ ਮਨਮਤੀ ਦਿਨ ਦਿਹਾੜੇ ਤੇ ਤਿਉਹਾਰ ਮਨਾਏ ਜਾਣੇ ਬੰਦ ਕਰਵਾਉਣ। ਸਿੱਖਾਂ ਦੇ ਤਿਖੁਹਾਰ ਨਹੀਂ ਬਲਕਿ ਗੁਰਪੁਰਬ ਹੁੰਦੇ ਹਨ। ਉਨ੍ਹਾਂ ਨੂੰ ਮਨਾਉਣ ਦਾ ਤਰੀਕਾ ਵੀ ਗੁਰਮਤਿ ਵਾਲਾ ਹੈ, ਨਾ ਕਿ ਮੇਲਿਆਂ ਵਾਲਾ।

✲ ✲ ✲

ਗੁਰਦੁਆਰੇ ਕਿਵੇਂ ਜਾਈਏ ?

ਦਸੰਬਰ ੧੯੯੨ ਦੀ ਗੱਲ ਹੈ, ਮੈਂ ਗੁਰਦੁਆਰਾ ਸਿੰਘ ਸਭਾ ਬੰਕਾਕ ਵਿਚ ਕੀਰਤਨ ਸੁਣ ਰਿਹਾ ਸੀ। ਕਮਾਲ ਦੀ ਖ਼ਾਮੋਸ਼ੀ ਵਿਚ ਕੀਰਤਨ ਨਾਲ ਲਿਵ ਜੁੜੀ ਹੋਈ ਸੀ। ਅਚਾਣਕ ਝਾਂਜਰ ਦੀ ਆਵਾਜ਼ ਨਾਲ ਲਿਵ ਟੁੱਟ ਗਈ। ਇਕ ਬੀਬੀ ਭੈਣ ਦੇ ਪੈਰ ਦੀ ਝਾਂਜਰ ਦੀ ਛਣਕ ਨੇ ਸੰਗਤ ਦਾ ਧਿਆਨ ਤੋੜਿਆ। ਮੇਰਾ ਧਿਆਨ ਵੀ ਕੀਰਤਨ ਦੀ ਬਜਾਇ ਉਸ ਪਾਸੇ ਵੱਲ ਹੋ ਗਿਆ। ਰੂਹਨੀਅਤ ਤੋਂ ਲਿਵ ਟੁੱਟਣ ਵਿਚ ਕਸੂਰਵਾਰ ਇਕ ਤਾਂ ਮੈਂ ਖ਼ੁਦ ਵੀ ਸਾਂ। ਝਾਂਜਰ ਦੀ ਛਣਕ ਨਾਲ ਮੇਰੀ ਬਿਰਤੀ ਕਿਉਂ ਹਿੱਲ ਗਈ ? ਦੂਜਾ ਕਸੂਰਵਾਰ ਉਹ ਸੀ, ਜਿਸ ਨੇ ਬਿਰਤੀ ਤੋੜੀ। ਮੈਂ ਉਸ ਵਕਤ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਗੁਰਦੁਆਰੇ ਜਾਣ ਲਈ ਇਕ ਖ਼ਾਸ ਕਲਚਰ ਅਪਣਾਉਣਾ ਚਾਹੀਦਾ ਹੈ।

ਗੁਰਦੁਆਰੇ ਵਿਚ ਜਾਣ ਵੇਲੇ ਸਾਡਾ ਪਹਿਰਾਵਾ ਵੱਧ ਤੋਂ ਵੱਧ ਸਾਦਾ ਹੋਣਾ ਚਾਹੀਦਾ ਹੈ। ਭੜਕਾਊ, ਸ਼ੋਖ, ਫ਼ੈਸ਼ਨ ਵਾਲੇ ਕਪੜੇ, ਗਹਿਣੇ, ਹਥਿਆਰ ਜਾਂ ਹੋਰ ਸਾਮਾਨ ਹਾਜ਼ਿਰ ਸੰਗਤਾਂ ਦਾ ਧਿਆਨ ਤੋੜਦੇ ਹਨ। ਜਦੋਂ ਅਸੀਂ ਕਿਸੇ ਭਗਤ ਦਾ ਧਿਆਨ ਤੋੜਦੇ ਹਾਂ ਤਾਂ ਅਸੀਂ ਇਕ ਤਰ੍ਹਾਂ ਨਾਲ 'ਪਾਪ' ਹੀ ਕਰ ਰਹੇ ਹੁੰਦੇ ਹਾਂ। ਜਿਸ ਦੀ ਲਿਵ ਟੁੱਟਦੀ ਹੈ, ਉਸ ਦਾ ਗੁਨਾਹ, ਉਸ ਦੇ ਆਪਣੇ ਨਿੱਜ ਵਾਸਤੇ ਹੈ। ਪਰ ਜਿਹੜਾ ਦੂਜੇ ਦਾ ਧਿਆਨ ਤੋੜਦਾ ਹੈ ਉਸ ਦਾ ਗੁਨਾਹ ਰੱਬ ਵਾਸਤੇ ਵੀ ਹੈ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਹੈ ਕਿ ਸਿੱਖ ਔਰਤਾਂ ਅਤੇ ਮਰਦਾਂ ਨੂੰ ਸੁਹਣਾ ਲਿਬਾਸ ਜਾਂ ਸਜਾਵਟ ਦੀ ਮਨਾਹੀ ਹੈ ਸਿੱਖ ਔਰਤ ਆਪਣੇ ਪਤੀ ਨੂੰ ਰਿਝਾਉਣ ਲਈ (ਲੋਕਾਂ ਨੂੰ ਰਿਝਾਉਣ ਵਾਸਤੇ ਨਹੀਂ) ਰੱਜ ਕੇ ਸੱਜ ਸਕਦੀ ਹੈ। ਆਪਣੀ ਸਿੰਘਣੀ ਨਾਲ ਵੱਧ ਤੋਂ ਵੱਧ ਮੁਹੱਬਤ ਕਰਨ ਦੀ ਸਿੰਘ ਨੂੰ ਮਨਾਹੀ ਨਹੀਂ। ਜੇ ਪਾਬੰਦੀ ਹੈ ਤਾਂ:

ਅਨਿਕ ਰੂਪ ਦੇਖਿ ਨਹ ਪਤੀਆਨਾ ॥

(ਸਫ਼ਾ ੧੭੯)

ਪਲਕ ਦ੍ਰਿਸਟਿ ਦੇਖਿ ਭੂਲੋ, ਆਕ ਨੀਮ ਕੋ ਤੂੰਮਰੁ ॥
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰ ਗ੍ਰਿਹੁ ॥

(ਸਫ਼ਾ ੪੦੩)

ਗੁਰਦੁਆਰੇ ਜਾਣ ਵੇਲੇ ਸਾਡੇ ਸੀਨੇ ਵਿਚ ਸੰਜੀਦਗੀ ਹੋਣੀ ਚਾਹੀਦੀ ਹੈ। ਸਾਡਾ ਗੁਰਦੁਆਰੇ ਜਾਣ ਦਾ ਮਕਸਦ ਸੰਗਤਾਂ ਨਾਲ ਰਲ ਕੇ ਰੱਬ ਦਾ ਨਾਂ ਲੈਣਾ ਹੈ, ਵਾਹਿਗੁਰੂ ਦੀ ਮਹਿਮਾ ਗਾਉਣਾ ਹੈ, ਫ਼ਲਸਫ਼ਾ ਸਿੱਖਣਾ ਹੈ, ਜੀਵਨ ਜਾਚ ਸਿੱਖਣਾ ਹੈ, ਨੇਕ ਕੰਮਾਂ ਦਾ ਰਾਹ ਸਮਝਣਾ ਹੈ। ਜੇ ਅਸੀਂ ਮਜਬੂਰੀ ਜਾਂ ਦਿਖਾਵੇ ਵਾਸਤੇ ਗੁਰਦੁਆਰੇ ਜਾਂਦੇ ਹਾਂ

ਤਾਂ ਇਹ ਸਿੱਖੀ ਨਹੀਂ ਬਲਕਿ ਦੰਭ ਹੈ। ਦੰਭੀ ਸ਼ਖ਼ਸ ਨੂੰ ਵਾਹਿਗੁਰੂ ਦੀ ਬਖ਼ਸ਼ਿਸ਼ ਨਹੀਂ ਹੁੰਦੀ। ਗੁਰੂ ਘਰ ਵਿਚੋਂ ਕੁਝ ਲੈਣ ਵਾਸਤੇ ਸੰਜੀਦਗੀ ਹੀ ਮਦਦਗਾਰ ਹੈ ਨਾ ਕਿ ਦੰਭ ਤੇ ਚਲਾਕੀ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥

(ਸ਼ਫ਼ਾ 488)

ਗੁਰਦੁਆਰੇ ਜਾਣ ਵਾਲੇ ਵਿਚ ਨਿਮਰਤਾ ਹੋਣਾ ਬਹੁਤ ਜ਼ਰੂਰੀ ਹੈ। ਭੀੜਾਂ ਵਿਚੋਂ ਲੰਘਦਿਆਂ ਮੋਢਾ ਖਹਿ ਜਾਣਾ ਵੱਡੀ ਗੱਲ ਨਹੀਂ। ਪਰ ਫਿੱਕਾ ਹੋਣਾ, ਕਿਸੇ ਨਾਲ ਔਖਾ ਹੋਣਾ, ਕਿਸੇ ਦਾ ਦਿਲ ਦੁਖਾਉਣਾ ਤਾਂ ਸਿੱਖ ਇਖ਼ਲਾਕ ਨਾਲ ਮੇਲ ਨਹੀਂ ਖਾਂਦਾ। ਗੁਰਦੁਆਰੇ ਵਿਚ ਜਾ ਕੇ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀ ਮਿੱਠ-ਬੋਲੇ ਹੋਈਏ। ਕਿਸੇ ਦਾ ਦਿਲ ਦੁਖਾਉਣਾ ਤਾਂ ਸਿੱਖ ਮਜ਼ਹਬ ਵਿਚ ਵੱਡਾ ਪਾਪ ਗਿਣਿਆ ਜਾਂਦਾ ਹੈ।

ਨਾਨਕ, ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ ॥

(ਸ਼ਫ਼ਾ 473)

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

(ਸ਼ਫ਼ਾ 1384)

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥

(ਸ਼ਫ਼ਾ 1022)

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥

(ਸ਼ਫ਼ਾ 560)

ਗੁਰਦੁਆਰੇ ਜਾਣ ਵੇਲੇ ਸਾਡੇ ਵਿਚ ਸੇਵਾ ਭਾਵ ਹੋਣਾ ਚਾਹੀਦਾ ਹੈ। ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਕੁਝ ਪਲ ਵਾਸਤੇ ਜੋੜਿਆਂ, ਲੰਗਰ, ਝਾੜੂ ਦੀ ਸੇਵਾ ਕਰੀਏ। ਇਹ ਠੀਕ ਹੈ ਕਿ ਸਾਰੀ ਦੀ ਸਾਰੀ ਸੰਗਤ ਨੂੰ ਇਕੋ ਵੇਲੇ ਦੀ ਸੇਵਾ ਦਾ ਮੌਕਾ ਨਹੀਂ ਮਿਲ ਸਕਦਾ। ਪਰ ਸੱਚੇ ਸੇਵਕ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜੇ ਕਿਸੇ ਜਗ੍ਹਾ ਉਹ ਕੋਈ ਸੇਵਾ ਜਾਂ ਤਨ, ਮਨ, ਧਨ ਨਾਲ ਕੋਈ ਵੀ ਰੋਲ ਅਦਾ ਕਰ ਸਕਦਾ ਹੈ, ਤਾਂ ਉਹ ਜ਼ਰੂਰ ਕਰੇ।

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥

(ਸ਼ਫ਼ਾ 26)

ਜੇ ਅਸੀਂ ਸੇਵਾ ਕਰ ਕੇ ਉਸ ਦਾ ਵਿਖਾਵਾ ਕਰਦੇ ਹਾਂ ਤਾਂ ਉਹ ਪੁੰਨ ਦੀ ਜਗ੍ਹਾ ਪਾਪ ਬਣ ਜਾਂਦੀ ਹੈ। ਇੰਵ ਹੀ ਸੇਵਾ ਧੱਕੇ ਨਾਲ ਵੀ ਨਹੀਂ ਕੀਤੀ ਜਾ ਸਕਦੀ।

ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥

(ਸਫ਼ਾ ੫੧)

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ, ਸੇਵ ਪਈ ਤਿਨ ਥਾਇ ॥

(ਸਫ਼ਾ ੨੮)

ਇੰਞ ਹੀ ਮਜਬੂਰੀ ਵਿਚ ਕੀਤੀ ਸੇਵਾ ਵੀ ਬੇਫ਼ਾਇਦਾ ਹੈ:—

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥

(ਸਫ਼ਾ ੭੮੭)

ਗੁਰਦੁਆਰੇ ਵਿਚ ਆਉਣ ਤੋਂ ਪਹਿਲਾਂ, ਆਪਣੇ ਨਿੱਜੀ ਫ਼ਰਕ, ਧੜਾ, ਵੈਰ-ਵਿਰੋਧ, ਸਾੜਾ, ਨਿੰਦਾ, ਨਫ਼ਰਤ ਗੁਰਦੁਆਰੇ ਦੀ ਇਮਾਰਤ ਤੋਂ ਬਾਹਰ ਛੱਡ ਆਉਣਾ ਚਾਹੀਦਾ ਹੈ। ਜੇ ਕਰ ਅਸੀਂ ਆਪਣੇ ਨਾਲ ਨਫ਼ਰਤ ਜਾਂ ਚਾਪਲੂਸੀ, ਚੌਧਰ ਜਾਂ ਹੈਂਕੜ, ਧੌਂਸ ਤੇ ਆਕੜ ਲੈ ਕੇ ਗੁਰਦੁਆਰੇ ਵਿਚ ਆਉਂਦੇ ਹਾਂ ਤਾਂ ਯਕੀਨਨ ਰੱਬ ਦੇ ਘਰ ਆਉਣ ਦੀ ਬਜਾਏ, ਕਿਸੇ ਹੋਰ ਜਗ੍ਹਾ ਦੇ ਖ਼ਿਆਲ ਨਾਲ ਚਲ ਰਹੇ ਹੁੰਦੇ ਹਾਂ। ਗੁਰਦੁਆਰੇ ਵਿਚ ਆ ਕੇ ਗੱਪਾਂ ਮਾਰਨੀਆਂ, ਗੱਲਾਂ ਕਰਨੀਆਂ, ਮਜ਼ਾਕ ਕਰਨੇ, ਅਫ਼ਵਾਹਾਂ ਫੈਲਾਉਣੀਆਂ, ਸਾਜ਼ਿਸ਼ਾਂ ਕਰਨਾ, ਹਮਲਾਵਾਰ ਸੋਚ ਵਾਲੀਆਂ ਕਾਰਵਾਈਆਂ ਕਰਨਾ, ਧਮਕੀਆਂ ਦੇਣਾ, ਭੜਕਾਊ ਕਾਰਵਾਈ ਕਰਨੀ, ਤਾਕਤ ਦਾ ਦਿਖਾਵਾ ਕਰਨਾ, ਚੋਧਰ ਦੀ ਧੌਂਸ ਦੇਣੀ ਆਦਿ ਗੁਰਮਤਿ ਦੇ ਉਲਟ ਹਰਕਤਾਂ ਹਨ। ਅੱਜ ਕੱਲ੍ਹ ਕਈ ਜਗ੍ਹਾ ਅਜਿਹੀਆਂ ਹਰਕਤਾਂ ਹੋਈਆਂ ਹਨ ਤੇ ਸ਼ੱਕ ਪੈਂਦਾ ਹੈ ਕਿ ਕੀ ਇਹ ਲੋਕ ਸਿੱਖ ਹਨ ਵੀ ਕਿ ਨਹੀਂ।

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਥੋਂ ਤੱਕ ਪਾਬੰਦੀ ਹੈ ਕਿ ਅਸੀਂ ਕਿਸੇ ਦੀ ਉਸਤਤ ਜਾਂ ਨਿੰਦਾ ਵੀ ਨਹੀਂ ਕਰ ਸਕਦੇ। ਗੁਰਦੁਆਰੇ ਵਿਚ ਕੋਈ ਵੀ ਆ ਜਾਏ ਉਸ ਦੀ ਇਜ਼ਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਫ਼ਤ ਦੇ ਲਫ਼ਜ਼ ਨਹੀਂ ਆਖੇ ਜਾ ਸਕਦੇ। ਉਥੇ ਤਾਂ ਜੋ ਵੀ ਆਉਂਦਾ ਹੈ, ਉਸ ਨੇ ਰੱਬ ਦੀ ਸਿਫ਼ਤ ਕਰਨੀ ਹੁੰਦੀ ਹੈ ਸੋ ਉੱਥੇ ਕਿਸੇ ਸ਼ਖ਼ਸ ਦੀ ਸਿਫ਼ਤ ਨਹੀਂ ਹੋਣੀ ਚਾਹੀਦੀ। ਗੁਰਦੁਆਰੇ ਵਿਚ ਸਿਰਫ਼ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨੀ ਬਣਦੀ ਹੈ।

ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥

(ਸਫ਼ਾ ੬੪੭)

ਗੁਰਦੁਆਰੇ ਹਰ ਇਕ ਵਾਸਤੇ ਖੁਲ੍ਹੇ ਹਨ ਤੇ ਉਥੇ ਹਰ ਇਕ ਹੀ 'ਜੀ ਆਇਆਂ' ਦਾ ਬਰਾਬਰ ਦਾ ਹੱਕਦਾਰ ਹੈ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਫ਼ਿਰਕੇ, ਧੜੇ, ਸ਼ਖ਼ਸ ਦੀ ਨਿੰਦਾ ਵੀ ਨਹੀਂ ਕੀਤੀ ਜਾ ਸਕਦੀ। ਇਸ ਦਾ ਮਤਲਬ ਇਹ ਨਹੀਂ ਕਿ ਦੂਜੇ ਧਰਮ ਤੇ ਆਪਣੇ ਧਰਮ ਦਾ ਫ਼ਰਕ ਵੀ ਨਹੀਂ ਦਸ ਸਕਦੇ। ਧਾਰਮਿਕ ਵਿਲਖਣਤਾ, ਫ਼ਲਸਫ਼ਾ, ਤਵਾਰੀਖ਼, ਕੌਮੀ ਮੁਫ਼ਾਦ ਦੀਆਂ ਗੱਲਾਂ, ਅਦਬ ਦੇ ਤਰੀਕੇ ਨਾਲ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋ ਸਕਦੀਆਂ ਹਨ। ਉਸ ਦੀ ਬੋਲੀ ਤੇ ਤਰੀਕਾ ਗੁਰਮਤਿ ਮੁਤਾਬਿਕ ਅਤੇ ਗੁਰਦੁਆਰੇ ਦੇ ਕਲਚਰ ਤੇ ਜ਼ਾਬਤੇ ਮੁਤਾਬਿਕ ਹੋਣਾ ਚਾਹੀਦਾ ਹੈ।

ਗੁਰਦੁਆਰੇ ਆ ਕੇ ਸਿੱਖ ਨੂੰ ਕਲਚਰ ਦੀ ਜਾਚ ਸਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਪਣੇ ਆਪ ਨੂੰ ਸਿੱਖ ਕੌਮ ਦਾ ਇਕ ਨਿੱਗਰ ਅੰਗ ਸਮਝ ਕੇ ਪੰਥ ਦੀ ਬੇਹਤਰੀ ਵਿਚ ਰੋਲ ਅਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਦਗੀ, ਨਿਮਰਤਾ, ਸੰਜੀਦਗੀ, ਸੇਵਾ-ਭਾਵ, ਸ਼ਰਧਾ, ਰੂਹਾਨੀਅਤ, ਕੌਮੀ ਖ਼ਿਆਲ, ਨਿਰਪੱਖਤਾ, ਬੇਲਾਗ ਹੋਣਾ, ਬਰਾਬਰਤਾ, ਪਾਕੀਜ਼ਗੀ ਦੇ ਮਾਹੌਲ ਵਿਚੋਂ ਜੇ ਅਸੀਂ ਕੁਝ ਸਿੱਖ ਕੇ ਗੁਰਦੁਆਰੇ ਵਿਚੋਂ ਜਾਣ ਮਗਰੋਂ ਉਸ ਕਲਚਰ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਹਾਂ, ਤਾਂ ਸਾਡਾ ਹੀ ਗੁਰਦੁਆਰੇ ਵਿਚ ਆਉਣਾ ਕਾਮਯਾਬ ਹੈ। ਨਹੀਂ ਤਾਂ ਦੇਖਾ ਦੇਖੀ, ਮਜਬੂਰੀ ਵਜੋਂ, ਦੰਭ ਵਜੋਂ ਗੁਰਦੁਆਰੇ ਜਾਣਾ ਤਾਂ ਕਰਮ ਕਾਂਡ ਤੇ ਪਖੰਡ ਬਣ ਜਾਂਦਾ ਹੈ। ਇਸ ਕਰ ਕੇ ਗੁਰਦੁਆਰੇ ਵਿਚ ਜਾਣ ਤੋਂ ਪਹਿਲਾਂ ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ "ਗੁਰਦੁਆਰੇ ਕਿੰਵ ਜਾਈਏ ?"

☆ ☆ ☆

ਸਿੱਖਾਂ ਦੀ ਕੌਮੀ ਅਰਦਾਸਿ

ਅਰਦਾਸਿ ਦਾ ਲਫ਼ਜ਼ੀ ਮਾਅਨਾ ਹੈ : "ਮੰਗਣਾ" ! ਅਰਦਾਸਿ ਲਫ਼ਜ਼ ਦਾ ਪਿਛੋਕੜ ਫ਼ਾਰਸੀ ਤੇ ਸੰਸਕ੍ਰਿਤ 'ਚੋਂ ਲਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਫ਼ਾਰਸੀ 'ਚ ਅਰਦਾਸਿ (ਅਰਜ਼+ਦਾਸ਼ਤ) ਦਾ ਮਾਅਨਾ ਰੱਬ ਅੱਗੇ ਅਰਜ਼ੋਈ ਹੈ। ਸੰਸਕ੍ਰਿਤ 'ਚ ਅਰਦਾਸਿ (ਅਰਦੰ+ਆਸ) ਵੀ ਮੰਗਣ ਤੇ ਹੀ ਜਾ ਮੁਕਦੀ ਹੈ। ਅੰਗਰੇਜ਼ੀ ਦੇ ਲਫ਼ਜ਼ "ਪਰੇਅਰ' ਦਾ ਦੋ ਹਜ਼ਾਰ ਸਾਲ ਪਹਿਲੋਂ ਦਾ ਪਿਛੋਕੜ ਵੇਖੀਏ ਤਾਂ ਇਸ ਦਾ ਮਾਅਨਾ ਨਿੱਜੀ ਖ਼ਾਹਿਸ਼ ਅਤੇ ਜ਼ਰੂਰਤ ਦੇ ਪੂਰਾ ਕਰਵਾਉਣ ਵਾਸਤੇ ਰੱਬ ਤੋਂ ਮੰਗਣਾ ਹੈ। ਪੰਜਾਬੀ ਵਿਚ ਅਰਦਾਸਿ ਯਕੀਨੀ ਤੌਰ ਤੇ ਫ਼ਾਰਸੀ ਤੋਂ ਆਇਆ ਹੋਏਗਾ। ਸੰਸਕ੍ਰਿਤ ਦੇ ਅਰਦੰਆਸ ਅਤੇ ਫ਼ਾਰਸੀ ਦੇ ਅਰਜ਼ਦਾਸ਼ਤ ਵਿਚੋਂ ਅਰਦਾਸਿ ਅਰਜ਼ਦਾਸ਼ਤ ਦੇ ਵਧੇਰੇ ਨੇੜੇ ਜਾਪਦਾ ਹੈ। ਉਂਞ ਵੀ ਸਿੱਖ ਪੰਥ ਜਦੋਂ "ਜਮਾਤੀ" ਹੋਇਆ, ਉਦੋਂ ਸਿੱਖ ਹੋਮਲੈਂਡ ਵਿਚ ਸੰਸਕ੍ਰਿਤ ਦਾ ਏਨਾ ਅਸਰ ਨਹੀਂ ਸੀ। ਪੰਜਾਬ ਦਾ ਆਮ ਹਿੰਦੂ ਵੀ ਸੰਸਕ੍ਰਿਤ ਜ਼ਬਾਨ ਅਤੇ ਸੰਸਕ੍ਰਿਤ ਦੇ ਕਲਚਰ ਦੇ ਚੋਖਾ ਨੇੜੇ ਨਹੀਂ ਸੀ। ਹਿੰਦੂ ਦੀ ਅਰਦਾਸਿ "ਆਰਤੀ" ਵਰਗੀ ਸ਼ੈਅ ਸੀ। ਉਦੋਂ ਤਾਂ ਕੀ, ਹੁਣ ਹਿੰਦੂ ਧਰਮ ਵਿਚ ਲਫ਼ਜ਼ ਅਰਦੰਆਸ ਕਿਤੇ ਨਹੀਂ ਆਉਂਦਾ। ਹਿੰਦੂ ਤੇ ਹਿੰਦੀ ਭਾਈਚਾਰਾ "ਆਰਤੀ' ਅਤੇ ਪ੍ਰਾਰਥਨਾ' ਲਫ਼ਜ਼ ਹੀ ਵਰਤਦਾ ਹੈ।

ਰੱਬ ਅੱਗੇ ਅਰਜ਼ੋਈ ਕਰਨਾ ਯਹੂਦੀਆਂ ਦੇ ਮਜ਼ਹਬ ਦਾ ਜ਼ਰੂਰੀ ਹਿੱਸਾ ਰਿਹਾ ਹੈ। ਯਹੂਦੀ ਦੁਨੀਆਂ ਦਾ ਸਭ ਤੋਂ ਪੁਰਾਣਾ ਜਮਾਤੀ ਅਤੇ ਤਵਾਰੀਖ਼ੀ ਧਰਮ ਹੈ। ਯਹੂਦੀਆਂ ਵਿਚ 'ਰੱਬ ਅੱਗੇ ਅਰਜ਼' ਦੀ ਜਗ੍ਹਾ ਇਸ ਨੂੰ 'ਰੱਬ ਨਾਲ ਰਾਬਤਾ ਕਰਨਾ' ਆਖਿਆ ਜਾਂਦਾ ਹੈ। ਯਹੂਦੀ ਤਵਾਰੀਖ਼ ਮੁਤਾਬਿਕ "ਯਹੂਦੀ-ਅਰਦਾਸਿ" ("ਪਰੇਅਰ" ਤੇ ਅਰਦਾਸਿ ਵਿਚ ਫ਼ਰਕ ਹੈ, ਪਰ ਮੈਂ ਸਹੂਲਤ ਵਾਸਤੇ ਲਫ਼ਜ਼ 'ਯਹੂਦੀ -ਅਰਦਾਸਿ' ਹੀ ਵਰਤਾਂਗਾ) ਸ਼ੁਰੂ-ਸ਼ੁਰੂ ਵਿਚ ਨਿਜੀ ਖ਼ਾਹਿਸ਼ਾਂ ਪੂਰੀਆਂ ਕਰਵਾਉਣ ਵਾਸਤੇ ਹੀ ਕੀਤੀ ਜਾਇਆ ਕਰਦੀ ਸੀ। ਅੱਜ ਤੋਂ ੨੦੦੦ ਸਾਲ ਪਹਿਲੋਂ ਜਦੋਂ ਯਹੂਦੀਆਂ ਨੇ ਪਹਿਲਾ ਟੈਂਪਲ ਉਸਾਰਿਆ, ਉਦੋਂ ਕਬਾਇਲੀ-ਭਾਈਚਾਰਕ "ਯਹੂਦੀ-ਅਰਦਾਸਿ" ਸ਼ੁਰੂ ਹੋਈ ਸੀ। ਯਹੂਦੀ-ਇਬਾਦਤਘਰ ਯਾਨਿ ਸਾਇਨਾਗਾਗ ਦੀ ਕਾਇਮੀ ਦੇ ਵੇਲੇ ਤੋਂ ਹੀ "ਯਹੂਦੀ-ਅਰਦਾਸਿ" ਕੌਮੀ ਅਰਦਾਸਿ ਬਣ ਗਈ। ਪਹਿਲੀ ਸਦੀ ਵਿਚ ਇਹ ਇਬਾਦਤ ਦਾ ਇਕ ਜ਼ਰੂਰੀ ਹਿੱਸਾ ਬਣ ਚੁੱਕੀ ਸੀ। "ਯਹੂਦੀ-ਅਰਦਾਸਿ" ਦਾ ਸਭ ਤੋਂ ਅਹਿਮ ਹਿੱਸਾ "ਅਮੀਦਾਹ" ਯਾਨਿ ਖੜੇ ਹੋ ਕੇ ਕੀਤੀ ਅਰਦਾਸਿ ਹੈ। ਯਹੂਦੀ ਦਿਨ ਵਿਚ ਘੱਟੋ-ਘੱਟ ਤਿੰਨ ਵਾਰ ਅਰਦਾਸਿ ਕਰਦੇ ਹਨ।

ਇਸਲਾਮ ਵੀ ਯਹੂਦੀਆਂ ਦੇ ਅਸਰ ਤੋਂ ਆਜ਼ਾਦ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਇਸਲਾਮ (ਅਤੇ ਕੁਰਾਨ ਮਜੀਦ) ਵਿਚ ਯਹੂਦੀਆਂ ਅਤੇ ਉਨ੍ਹਾਂ ਦੇ ਫ਼ਲਸਫ਼ੇ ਦਾ ਚੋਖਾ ਕੁਝ ਲਿਖਿਆ ਹੋਇਆ ਹੈ। ਪਰ ਇਕ ਗੱਲ ਤਾਂ ਸਾਫ਼ ਹੈ ਕਿ ਇਸਲਾਮ ਦੀ ਜ਼ਮੀਨ

ਕੁਝ ਹੱਦ ਤਕ ਤਾਂ ਯਹੂਦੀ ਮਜ਼ਹਬ ਹੀ ਹੈ। ਇਸਲਾਮ ਵਿਚ ਨਮਾਜ਼ਾਂ ਅਰਦਾਸਿ ਵਰਗੀ ਹੀ ਗੱਲ ਹਨ। ਮੁਸਲਮਾਨ ਨੂੰ ਦਿਨ ਵਿਚ ਪੰਜ ਨਮਾਜ਼ਾਂ ਪੜ੍ਹਨ ਦੀ ਹਦਾਇਤ ਹੈ। ਇਹ ਪੰਜ ਹਨ : ਸਲਾਤੁਲਫ਼ਜ਼ਰ (ਪਹੁ-ਫੁਟਾਲੇ ਤੋਂ ਸੂਰਜ ਚੜ੍ਹਨ ਤਕ), ਸਲਾਤੁੱਜ਼ੁਹਰ (ਸੂਰਜ ਢਲਣ ਲਗਿਆਂ), ਸਲਾਤੁਅਸਰ (ਤੀਜੇ ਪਹਿਰ ਦੀ), ਸਲਾਤੁਲ ਮਗ਼ਰਿਬ (ਸੂਰਜ ਛਿਪਣ ਤੋਂ ਆਸਮਾਨ ਦੀ ਸੁਰਖੀ ਮਿਟਣ ਤਕ ਦੀ), ਸਲਾਤੁਲ ਇਸ਼ਾ (ਸੌਣ ਵੇਲੇ ਦੀ) ਇਸ ਤੋਂ ਇਲਾਵਾ ਹੋਰ ਤਿੰਨ ਨਮਾਜ਼ਾਂ ਅਖ਼ਤਿਆਰੀ ਹਨ।

ਹਿੰਦੂਆਂ ਵਿਚ ਆਰਤੀ ਸ਼ਾਮ ਵੇਲੇ ਹੀ ਹੁੰਦੀ ਹੈ। ਕਈਆਂ ਵਿਚ ਸਵੇਰੇ ਕਰਨ ਦਾ ਰਿਵਾਜ ਵੀ ਹੈ। ਉਂਞ ਹਿੰਦੂ ਪ੍ਰਾਰਥਨਾ ਦਾ ਕੋਈ ਵੇਲਾ ਨਹੀਂ। ਹਿੰਦੂ ਗ਼ੈਬੀ ਤਾਕਤ ਤੇ ਏਨਾ ਮੁਨੱਸਰ ਕਰਦਾ ਹੈ ਕਿ ਨਿੱਕੀ ਤੋਂ ਨਿੱਕੀ ਵੀ ਗੱਲ ਰੱਬ ਤੋਂ ਹੀ ਕਰਵਾਉਣੀ ਚਾਹੁੰਦਾ ਹੈ।

ਪਰ ਇਕ ਗੱਲ ਯਹੂਦੀਆਂ, ਇਸਲਾਮ ਅਤੇ ਹਿੰਦੂਆਂ ਵਿਚ ਸਾਂਝੀ ਹੈ ਕਿ ਉਨ੍ਹਾਂ ਵਿਚ ਰੱਬ ਅੱਗੇ ਅਰਜ਼ ਦਾ ਖ਼ਾਸ ਮੁੱਦਾਅ ਮੰਗ ਮੰਗਣਾ ਹੀ ਹੈ ਅਤੇ ਇਹ ਵਧੇਰੇ ਕਰ ਕੇ ਨਿੱਜੀ ਖ਼ਾਹਿਸ਼ਾਂ ਦਾ ਪੂਰਾ ਕਰਨਾ ਹੁੰਦਾ ਹੈ। ਇਨ੍ਹਾਂ ਨਿੱਜੀ ਖ਼ਾਹਿਸ਼ਾਂ ਵਿਚ ਵਧੇਰੇ ਕਰ ਕੇ ਮਾਲੀ, ਸੁਖ ਦੀ, ਖ਼ੁਸ਼ੀ ਦੀ, ਤਰੱਕੀ ਦੀ, ਬੇਹਤਰੀ ਦੀ ਅਰਦਾਸਿ ਹੀ ਹੁੰਦੀ ਹੈ।

ਸਿੱਖ ਦੀ ਅਰਦਾਸਿ ਬਾਕੀ ਧਰਮਾਂ ਤੋਂ ਲਾਸਾਨੀ ਹੈ। ਫ਼ਲਸਫ਼ੇ ਵਜੋਂ ਸਿੱਖ ਦੀ ਅਰਦਾਸਿ ਤਾਂ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ;

ਮਨੁ ਤਨੁ, ਆਗੈ ਜੀਅੜਾ ਤੁਝ ਪਾਸਿ ॥
ਜਿਉ ਭਾਵੈ ਤਿਉ ਰਖਹੁ ਅਰਦਾਸਿ ॥

(ਸਫ਼ਾ ੧੩੪੫)

ਜਾ ਤੂੰ ਕਰਣਹਾਰੁ ਕਰਤਾਰੁ ॥
ਕਿਆ ਮੁਹਤਾਜੀ ਕਿਆ ਸੰਸਾਰੁ ॥

(ਸਫ਼ਾ ੩੪੯)

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥

(ਸਫ਼ਾ ੭੯੫)

ਗੁਰਬਾਣੀ ਵਿਚ ਗੁਰੂ ਨਾਨਕ ਸਾਹਿਬ ਤੋਂ ਮਗਰੋਂ ਦੂਜੇ ਨਾਨਕ, ਤੀਜੇ ਨਾਨਕ, ਚੌਥੇ ਨਾਨਕ ਅਤੇ ਪੰਜਵੇਂ ਨਾਨਕ, ਯਾਨਿ ਸਾਰੀਆਂ ਪਾਤਿਸ਼ਾਹੀਆਂ ਨੇ ਵੀ ਉਪਰਲੀ ਅਰਦਾਸਿ ਦਾ ਹੀ ਹੁਕਮ ਕੀਤਾ ਹੈ। ਸਿੱਖ ਦੀ ਅਰਦਾਸਿ ਖ਼ਾਹਿਸ਼ਾਂ ਨੂੰ ਪੂਰਾ ਕਰਨ ਵਾਸਤੇ, ਮਾਲੀ ਤਰੱਕੀ ਵਾਸਤੇ ਜਾਂ ਫ਼ਾਇਦੇ ਵਾਸਤੇ ਮੰਗਣਾ ਨਹੀਂ। ਇਸ ਅਰਦਾਸਿ ਦਾ ਸਾਰ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਦਿੱਤਾ ਹੈ ਅਤੇ ਸਿੱਖ ਕੌਮੀ ਅਰਦਾਸਿ ਕਰਨ ਤੋਂ ਪਹਿਲਾਂ ਪੰਜਵੇਂ ਨਾਨਕ ਦੀ ਬਾਣੀ ਦਾ ਅਰਦਾਸਿ-ਹਿੱਸਾ ਜ਼ਰੂਰ ਦੁਹਰਾਉਂਦੇ ਹਨ:

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥

(ਸਫ਼ਾ ੨੬੮)

ਇਸ ਸਿੱਖ ਅਰਦਾਸਿ ਵਿਚ ਸਿੱਖ ਦਾ ਯਕੀਨ ਹੈ ਕਿ ਬੰਦੇ ਦਾ ਸਭ ਕੁਝ ਵਾਹਿਗੁਰੂ ਹੈ ਅਤੇ ਸਭ ਉਸੇ ਦੀ ਲੀਲ੍ਹਾ ਹੈ। ਸਿੱਖ ਇਹ ਯਕੀਨ ਕਰਦਾ ਹੈ ਕਿ 'ਸਭੇ ਕਾਜ ਸਵਾਰੀਐ, ਜਾ ਤੁਧ ਭਾਵੰਦਾ।' (ਸਫ਼ਾ ੧੦੯੬) ਅਤੇ ਤੇਰਾ ਕੀਆ ਮੀਠਾ ਲਾਗੇ (ਸਫ਼ਾ ੩੯੪) ਅਤੇ ਏਸੇ ਕਰ ਕੇ ਸਿੱਖ ਨੂੰ ਨਿਜ ਵਾਸਤੇ ਸੁਖ, ਮਾਲੀ ਤਰੱਕੀ, ਖ਼ਾਹਿਸ਼ਾਂ ਦੀ ਪੂਰਤੀ ਦੀ ਅਰਦਾਸਿ ਦੀ ਲੋੜ ਨਹੀਂ ਰਹਿ ਜਾਂਦੀ। ਜੋ ਸਿੱਖ ਨਿਜੀ ਲੋੜਾਂ ਦੀ ਅਰਜ਼ ਕਰਦਾ ਹੈ ਤਾਂ ਯਕੀਨਨ ਕਿ "ਤੇਰਾ ਕੀਆ ਮੀਠਾ ਲਾਗੇ" ਤੇ ਯਕੀਨ ਨਹੀਂ ਰਖਦਾ ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਸਿੱਖ ਦੀ ਅਰਦਾਸਿ ਕੀ ਹੈ ? ਸਿੱਖਾਂ ਦੀ "ਕੌਮੀ ਅਰਦਾਸ" ਦੇ ਅਲਫ਼ਾਜ਼ ਇਸ ਦਾ ਜਵਾਬ ਹਨ।

ਕੌਮੀ-ਸਿੱਖ ਅਰਦਾਸਿ 'ਚ ਸਿੱਖ ਸਭ ਤੋਂ ਪਹਿਲਾਂ ਵਾਹਿਗੁਰੂ ਨੂੰ ਚੇਤੇ ਕਰਦੇ ਹਨ, ਫਿਰ ਦਸ ਗੁਰੂਆਂ ਨੂੰ ਯਾਦ ਕਰਦੇ ਹਨ ਅਤੇ ਨਾਲ ਹੀ ਦਸਾਂ ਪਾਤਿਸ਼ਾਹਿਆਂ ਦੇ ਰੂਹਾਨੀ ਵਾਰਿਸ ਗੁਰੂ ਗ੍ਰੰਥ ਸਾਹਿਬ ਅਤੇ ਉਸ ਦੇ ਫ਼ਲਸਫ਼ੇ ਅੱਗੇ ਸਿਰ ਝੁਕਾਉਂਦੇ ਹਨ। ਸਿੱਖਾਂ ਦੀ ਕੌਮੀ ਅਰਦਾਸਿ ਦਾ ਪਹਿਲਾ ਹਿੱਸਾ ਸਿੱਖ ਦਾ ਆਪਣੇ ਫ਼ਲਸਫ਼ੇ ਬਾਰੇ ਐਲਾਨਨਾਮਾ ਹੈ। ਸਿੱਖ ਦਾ ਯਕੀਨ ਵਾਹਿਗੁਰੂ, ਦਸ ਗੁਰੂ ਸਾਹਿਬਾਨ ਅਤੇ "ਸ਼ਬਦ" 'ਤੇ ਹੈ। ਇਕ ਲਫ਼ਜ਼ ਵਿਚ ਆਖਣਾ ਹੋਏ ਤਾਂ ਸਿੱਖ ਦਾ ਯਕੀਨ ਸਿਰਫ ਵਾਹਿਗੁਰੂ 'ਤੇ ਹੀ ਹੈ ਕਿਉਂ ਕਿ ਦਸ ਗੁਰੂ ਸਾਹਿਬਾਨ ਵਾਹਿਗੁਰੂ ਦੇ ਨੁਮਾਇੰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਧੁਰ (ਵਾਹਿਗੁਰੂ) ਦੀ ਬਾਣੀ ਹੈ। "ਸ਼ਬਦ" ਅਕਾਲ ਪੁਰਖ ਦਾ ਹੁਕਮ ਹੈ। ਸਿੱਖ ਆਪਣੀ ਕੌਮੀ ਅਰਦਾਸਿ ਵਿਚ ਇਹ ਐਲਾਨਨਾਮਾ, ਯਕੀਨ, ਫ਼ਲਸਫ਼ਾ, ਅਕੀਦਾ ਦੁਹਰਾਉਂਦੇ ਹਨ। ਵਾਹਿਗੁਰੂ ਵਲੋਂ, ਧੁਰ ਦੀ ਬਾਣੀ, ਗੁਰੂ ਸਾਹਿਬਾਨ ਨੂੰ ਦਿੱਤੀ ਗਈ ਅਤੇ ਗੁਰੂ ਸਾਹਿਬਾਨ ਦੀ ਰੂਹ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਵਿਚ ਹੈ, ਇਸੇ ਕਰਕੇ ਸਿੱਖ ਅਰਦਾਸਿ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ "ਪਾਠ-ਦੀਦਾਰ" ਦਾ 'ਧਿਆਨ ਧਰਨ' ਦਾ ਐਲਾਨਨਾਮਾ ਹੈ। ਯਾਨਿ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਸੁਹਣੇ ਪੁਸ਼ਾਕਿਆਂ ਵਿਚ, ਸਜਾਵਟ ਵਾਲੀ ਜਗ੍ਹਾ ਰੱਖਣ ਨੂੰ ਬ੍ਰਾਹਮਣੀ ਕਰਮ ਕਾਂਡ ਮੰਨਦਾ ਹੈ ਤੇ ਇਸੇ ਕਰਕੇ ਪਾਠ, ਬਾਣੀ, "ਸ਼ਬਦ" ਤੇ ਅਮਲ (ਦੀਦਾਰ) ਕਰਨ ਦਾ ਧਿਆਨ ਮੰਗਦਾ ਹੈ। ਇਹ ਹੈ ਸਿੱਖ ਦਾ ਐਲਾਨਨਾਮਾ, ਵਾਇਦਾ, ਇਰਾਦਾ, ਕੋਸ਼ਿਸ਼ ਅਤੇ ਇਸ ਤੇ ਪੂਰਾ ਉਤਰਨ ਵਾਸਤੇ ਵਾਹਿਗੁਰੂ ਕੋਲੋਂ ਹਿੰਮਤ ਮੰਗਣ ਵਾਸਤੇ ਸਿੱਖ ਆਪਣੀ ਅਰਦਾਸਿ ਕਰਦਾ ਹੈ।

ਸਿੱਖ ਦੀ ਕੌਮੀ ਅਰਦਾਸਿ ਦਾ ਦੂਜਾ ਹਿੱਸਾ ਆਪਣੇ ਵੱਡੇ ਵਡੇਰਿਆਂ ਦੀ ਘਾਲਣਾ, ਦੇਣ ਅਤੇ ਸੇਵਾ ਦਾ ਕਰਜ਼ਾ ਕਬੂਲ ਕਰਨਾ ਹੈ। ਪੰਜ ਪਿਆਰੇ (ਜਿਨ੍ਹਾਂ ਨੇ ਆਪਣਾ ਸਿਰ ਵਾਹਿਗੁਰੂ ਦੇ ਕਦਮਾਂ ਵਿਚ ਸਭ ਤੋਂ ਪਹਿਲਾਂ ਰੱਖਿਆ, ਜਿਹੜੇ ਪਹਿਲੇ ਪੰਜ "ਖਾਲਸਾ ਬਣੇ), ਚਾਰ ਸਾਹਿਬਜ਼ਾਦੇ (ਜਿਨ੍ਹਾਂ ਦੀ ਜ਼ਿੰਦਗੀ ਦੀ ਤਵਾਰੀਖ਼ ਕੌਮ ਦੇ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਧਰਮ ਨਿਭਾਉਣ,, ਨਿਡਰਤਾ, ਲਗਾਤਾਰ ਜੂਝਣ ਵਾਸਤੇ ਗੁੜ੍ਹਤੀ ਹੈ),

ਚਾਲ੍ਹੀ ਮੁਕਤੇ [(ਜੋ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ), ਉਹ ਗੁਰੂ ਨਾਲ ਸਾਥ ਨਿਭਾਉਣ ਦੀ ਮਿਸਾਲ ਹਨ। ਚਾਲ੍ਹੀ ਮੁਕਤੇ ਸਿੱਖ ਨੂੰ ਚੇਤੇ ਕਰਵਾਉਂਦੇ ਹਨ ਕਿ ਸਿਰ ਗੁਰੂ ਨੂੰ ਭੇਟ ਕਰਨਾ ਆਖ਼ਰੀ ਸਾਹਾਂ ਤਕ ਨਿਭਣਾ ਅਤੇ ਚੇਤੇ ਰਹਿਣਾ ਹੈ। ਮੁਕਤਸਰ ਦੇ ੪੦ ਸ਼ਹੀਦਾਂ ਨੂੰ ਵੀ ਮੁਕਤੇ ਆਖਿਆ ਜਾਂਦਾ ਹੈ।] ਸ਼ਹੀਦ (ਕੌਮ ਦੇ ਮਹਿਲ ਦੀ ਨੀਂਹ), ਮੁਰੀਦ (ਜਿਨ੍ਹਾਂ ਗੁਰੂ ਤੋਂ ਮੁਖ ਮੋੜਨਾ ਮੌਤ ਜਾਣਿਆ ਹੈ), ਹਠੀ, ਤਪੀ (ਫ਼ਲਸਫ਼ੇ ਤੇ ਅਮਲ ਕਰਨ ਦੇ ਇਰਾਦੇ ਦਾ ਸਿਖ਼ਰ), ਜਪੀ (ਨਾਮ ਜਪਣ ਵਾਲੇ, 'ਸ਼ਬਦ' ਨੂੰ ਸਮਝਣ ਅਤੇ ਉਸ ਤੇ ਚਲਣ ਵਾਲੇ), ਵੰਡ ਛਕਣ ਵਾਲੇ, ਆਪਣੇ ਘਰ ਨੂੰ ਧਰਮਸਾਲਾ ਤੇ ਕੌਮੀ ਰਸੋਈ ਮੰਨਣਾ, ਦੇਗ ਚਲਾਉਣ ਵਾਲੇ (ਕੌਮੀ ਸ਼ਾਨ ਵਾਸਤੇ ਜੂਝਣਾ) ਤੇਗ ਵਾਹੁਣ ਵਾਲੇ (ਕੌਮ ਨੂੰ ਇਕ ਭਾਈਚਾਰਾ, ਇਕ ਟੱਬਰ, ਇਕ ਘਰ ਮੰਨਣ ਦੀ ਸੋਚ),ਦੇਖ ਕੇ ਅਣਡਿਠ ਕਰਨ ਵਾਲੇ, (ਵੀਰਾਂ ਭੈਣਾਂ ਦੇ ਭੋਲੇਪਣ ਨੂੰ ਨਜ਼ਰ-ਅੰਦਾਜ਼ ਕਰਨਾ, ਉਨ੍ਹਾਂ ਦੀਆਂ ਭੁੱਲਾਂ ਨੂੰ ਭੁੱਲ ਜਾਣਾ। ਪਰ ਇੱਥੇ ਜ਼ਾਲਮ ਨੂੰ ਮੁਆਫ਼ ਕਰਨਾ ਹਰਗਿਜ਼ ਨਹੀਂ ਹੈ। ਗ਼ਲਤੀ, ਭੁੱਲ, ਭੁਲੇਖਾ, ਗੁੱਸਾ, ਭੋਲਾਪਣ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਹੈ ਪਰ, ਜ਼ੁਲਮ, ਗੁਰ-ਨਿੰਦਾ, ਰੱਬ ਤੋਂ ਬੇਮੁਖ ਹੋਣਾ ਨੂੰ ਕਿਸੇ ਹਾਲਤ ਵਿਚ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ), ਉਪਰ ਜ਼ਿਕਰ ਕੀਤੇ ਸਾਰਿਆਂ ਗੁਰਸਿੱਖਾਂ ਦੀ ਕਮਾਈ, ਸੇਵਾ, ਕੁਰਬਾਨੀ, ਦੇਣ, ਘਾਲਣਾ ਨੂੰ ਚੇਤੇ ਕਰਨਾ ਅਤੇ ਉਨ੍ਹਾਂ ਦੀ ਦੇਣ ਦਾ ਕਰਜ਼ਾ ਮੰਨਣਾ ਤੇ ਕਬੂਲ ਕਰਨਾ ਸਿੱਖ ਦਾ ਦੂਜਾ ਐਲਾਨਨਾਮਾ ਵੀ ਹੈ ਅਤੇ ਕੌਮੀ ਅਰਦਾਸਿ ਦਾ ਹਿੱਸਾ ਵੀ ਹੈ।

ਸਿੱਖ-ਅਰਦਾਸਿ ਦਾ ਤੀਜਾ ਹਿੱਸਾ ਸ਼ਹੀਦਾਂ ਦੀ ਤਵਾਰੀਖ਼ ਨੂੰ ਚੇਤੇ ਕਰਨਾ ਅਤੇ ਉਨ੍ਹਾਂ ਦਾ ਕਰਜ਼ ਕਬੂਲਣਾ ਹੈ। ਸਿੱਖ ਕੌਮ ਨੇ ਵੱਖ-ਵੱਖ ਦੌਰਾਂ ਵਿਚ, ਜੁਦਾ-ਜੁਦਾ ਤਰੀਕੇ ਦੇ, ਇੰਤਹਾ ਦੇ, ਦੁਨੀਆਂ ਦੀ ਤਵਾਰੀਖ਼ 'ਚ ਪਹਿਲੋਂ ਨਾ ਜਾਣੇ ਹੋਏ ਤਸੀਹੇ ਅਤੇ ਜ਼ੁਲਮ ਸਹੇ ਹਨ। ਇਨ੍ਹਾਂ ਵਿਚ ਜਿਸਮ ਦਾ ਪੋਟਾ-ਪੋਟਾ ਕੱਟਿਆ ਜਾਣਾ, ਕੇਸਾਂ ਬਦਲੇ ਖੋਪੜੀ ਕੱਟਣੀ, ਚਰਖੜੀਆਂ ਤੇ ਮਾਸ ਦਾ ਤੂੰਬਾ-ਤੂੰਬਾ ਕਰਨਾ, ਆਰਿਆਂ ਨਾਲ ਚੀਰਨਾ ਵਰਗੇ ਜ਼ੁਲਮ ਸ਼ਾਮਿਲ ਕੀਤੇ ਹਨ। ਇਨ੍ਹਾਂ ਜ਼ੁਲਮਾਂ ਤੋਂ ਮੁਆਫ਼ੀ ਮਿਲ ਸਕਦਾ ਸੀ ਪਰ ਕੀਮਤ ਰਖੀ ਸੀ: ਧਰਮ ਛੱਡਣਾ। ਜਿਨ੍ਹਾਂ ਸਿੱਖਾਂ ਨੇ ਧਰਮ ਵਾਸਤੇ ਸਿਰ ਦਿੱਤੇ , ਉਨ੍ਹਾਂ ਦੀ ਯਾਦ ਨੂੰ ਸਿੱਖ ਕੌਮ ਕਿੰਵ ਭੁਲਾ ਸਕਦੀ ਹੈ ? ਇਸ ਤੋਂ ਸਿੱਖ ਸਬਕ ਸਿਖਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਸਿੱਖਾਂ ਦਾ ਐਲਾਨਨਾਮਾ "ਕੇਸਾਂ ਸਣੇ", "ਆਖ਼ਰੀ ਸਾਹਾਂ ਤੀਕ" ਜੀਣਾ ਹੈ। ਕੇਸਾਂ ਬਿਨਾਂ ਸਿੱਖ ਮੁਰਦਾ ਹੈ। ਸੱਚ ਪੁੱਛੋ ਤਾਂ ਉਹ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਹੈ। ਸਿੱਖ ਦੀ ਅਰਦਾਸਿ ਵਿਚ ਅਜਿਹੇ ਸ਼ਹੀਦਾਂ ਨੂੰ ਚੇਤੇ ਕੀਤਾ ਜਾਂਦਾ ਹੈ। ਫਿਰ ਇਸ ਦੇ ਨਾਲ ਹੀ ਗੁਰਦੁਆਰਿਆਂ ਤੋਂ ਹਿੰਦੂ-ਪੁਜਾਰੀਆਂ ਦਾ ਕਬਜ਼ਾ ਲੈਣ ਵਾਸਤੇ ਸ਼ਹੀਦ ਹੋਣ ਵਾਲੇ ਅਤੇ ਇਸ ਤੋਂ ਮਗਰੋਂ ਮੌਜੂਦਾ ਜੱਦੋ-ਜਹਿਦ ਵਿਚ ਸ਼ਹੀਦ ਹੋਣ ਵਾਲਿਆਂ ਅਤੇ ਜੂਝਣ ਵਾਲਿਆਂ ਦਾ ਕਰਜ਼ਾ ਸਿੱਖ ਦੀ ਅਰਦਾਸਿ ਦਾ ਤੀਜਾ ਹਿੱਸਾ ਹੈ। ਸਿੱਖ ਆਪਣੇ ਧਰਮ, ਗੁਰਦੁਆਰੇ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਵਾਸਤੇ ਜੂਝਣ ਵਾਲਿਆਂ ਨੂੰ ਹਰ ਰੋਜ਼, ਘੱਟੋ-ਘੱਟ ਦੋ ਵਾਰੀ, ਚੇਤੇ ਕਰਦਾ ਹੈ।

ਇਸ ਤੋਂ ਬਾਅਦ ਸਿੱਖ ਆਪਣੇ "ਤਖ਼ਤ ਸਾਹਿਬ" ਅਤੇ "ਸਰਬਤ ਗੁਰਦੁਆਰਿਆਂ"

ਨੂੰ ਦਿਲ ਵਿਚ ਵਸਾਉਂਦਾ ਹੈ। ਸਿੱਖ ਵਾਸਤੇ ਤਖ਼ਤ ਸਾਹਿਬ ਤੇ ਹਰ ਗੁਰਦੁਆਰਾ ਇਕੋ ਜਿੰਨੀ ਅਹਿਮੀਅਤ ਰਖਦਾ ਹੈ। ਕੋਈ ਵਧੇਰੇ ਪਾਕਿ (ਪਵਿੱਤਰ) ਤੇ ਕੋਈ ਘੱਟ ਪਾਕਿ, ਕੋਈ ਛੋਟਾ ਕੋਈ ਵੱਡਾ, ਕੋਈ ਪਹਿਲੋਂ ਕੋਈ ਪਿਛੋਂ ਨਹੀਂ। ਤਖ਼ਤ ਸਾਹਿਬ ਤੇ ਗੁਰਦੁਆਰੇ ਸਿੱਖ-ਅਰਦਾਸਿ ਵਿਚ ਇਕੋ ਫ਼ਿਕਰੇ ਵਿਚ ਚੇਤੇ ਕੀਤੇ ਗਏ ਹਨ ਤਾਂ ਜੋ ਸਿੱਖ ਹਰ ਗੁਰਦੁਆਰੇ ਅਤੇ ਤਖ਼ਤ ਸਾਹਿਬ ਦਾ ਪਹਿਰੇਦਾਰ ਬਣੇ। ਉਨ੍ਹਾਂ ਦੀ ਹਿਫ਼ਾਜ਼ਤ, ਇਜ਼ਤ ਅਤੇ ਸੇਵਾ-ਸੰਭਾਲ ਹਰ ਸਿੱਖ ਦਾ ਕੌਮੀ ਫ਼ਰਜ਼ ਹੈ ਸਿੱਖ ਆਪਣੀ ਅਰਦਾਸਿ ਵਿਚ ਇਸ ਫ਼ਰਜ਼ ਨੂੰ ਸੰਭਾਲਣ ਦਾ ਐਲਾਨ ਕਰਦਾ ਹੈ।

ਸਿੱਖਾਂ ਦੀ ਕੌਮੀ-ਅਰਦਾਸਿ ਦੇ ਪਹਿਲੇ ਅੱਧ ਵਿਚ ਵਾਹਿਗੁਰੂ, ਗੁਰੂ ਸਾਹਿਬਾਨ, ਸ਼ਬਦ-ਗੁਰੂ, ਕੌਮ ਦੇ ਸੇਵਾਦਾਰ, ਸ਼ਹੀਦ, ਜੁਝਾਰੂ, ਤਖ਼ਤ ਤੇ ਗੁਰਦੁਆਰੇ ਚੇਤੇ ਕਰਨ ਦਾ ਮਕਸਦ ਉਨ੍ਹਾਂ 'ਤੇ ਅਕੀਦਾ ਜ਼ਾਹਿਰ ਕਰਨਾ ਅਤੇ ਉਨ੍ਹਾਂ ਦੇ ਵਿਰਸੇ ਦਾ ਹਿੱਸਾ ਬਣਨਾ ਹੈ। ਸਿੱਖ ਨੇ ਸਿਰਫ਼ ਉਨ੍ਹਾਂ ਨੂੰ ਚੇਤੇ ਹੀ ਨਹੀਂ ਕਰਨਾ, ਬਲਕਿ ਉਸ ਦੇ ਫ਼ਲਸਫ਼ੇ 'ਤੇ ਅਮਲ ਵੀ ਕਰਨਾ ਹੈ। ਸਿੱਖ ਹਰ ਰੋਜ਼, ਘਟੋ-ਘੱਟ ਦੋ ਵਾਰੀ, ਇਸ ਐਲਾਨਨਾਮੇ ਅਤੇ ਇਸ ਵਿਚ ਕੌਮ ਦੀ ਤਵਾਰੀਖ ਨੂੰ ਦੁਹਰਾਉਂਦੇ ਹਨ। ਇਸ ਐਲਾਨਨਾਮੇ ਦਾ ਮਾਅਨਾ ਇਹੀ ਹੈ ਕਿ ਸਿੱਖ ਨੇ ਉਨ੍ਹਾਂ ਤੋਂ ਜੋ ਕੁਝ ਸਿਖਿਆ ਹੈ, ਉਸ ਮੁਤਾਬਿਕ ਆਪਣੀ ਜ਼ਿੰਦਗੀ ਬਣਾਉਣੀ ਹੈ। ਸਬਕ ਚੇਤੇ ਕਰਨਾ ਅਤੇ ਅਮਲ ਕਰਨਾ ਪੂਰਾ ਨੁਕਤਾ ਹੈ; ਸਿਰਫ਼ ਜਾਣਨਾ ਹੀ ਕਾਫ਼ੀ ਨਹੀਂ। ਜਾਣਨ ਮਗਰੋਂ "ਅਮਲ" ਨਾ ਕਰਨਾ ਦੰਭ ਹੈ, ਬੇਈਮਾਨੀ ਹੈ, ਝੂਠ ਹੈ ਅਤੇ ਵੱਡਾ ਗੁਨਾਹ ਹੈ। ਇੰਞ ਹੀ ਤਖ਼ਤ ਸਾਹਿਬ ਅਤੇ ਗੁਰਦੁਆਰਿਆਂ ਨੂੰ ਚੇਤੇ ਕਰਨਾ ਪਰ ਉਨ੍ਹਾਂ ਨੂੰ ਆਪਣਾ ਨਾ ਸਮਝਣਾ, ਉਨ੍ਹਾਂ ਦੀ ਸੇਵਾ-ਸੰਭਾਲ ਤੇ ਹਿਫ਼ਾਜ਼ਤ ਤੋਂ ਦੂਰ ਰਹਿਣਾ ਵੀ ਸਿੱਖ ਵਾਸਤੇ ਗੁਨਾਹ ਹੈ। ਗੁਰਦੁਆਰੇ ਤੇ ਤਖ਼ਤ ਸਾਹਿਬ ਤੇ ਅਰਦਾਸਿ ਦੇ ਪਹਿਲੇ ਅੱਧ ਵਿਚ, ਸ਼ਹੀਦਾਂ ਨੂੰ ਰੋਜ਼ ਹੀ ਚੇਤੇ ਕਰਨ ਦਾ ਮਾਅਨਾ ਇਹ ਹੈ ਕਿ ਜਿੰਨੀ ਮਹਾਨਤਾ ਸ਼ਹੀਦਾਂ ਦੀ ਹੈ, ਓਨੀ ਹੀ ਗੁਰਦੁਆਰਿਆਂ ਦੀ। ਗੁਰਦੁਆਰੇ ਤੇ ਹਮਲਾ ਹੋਣਾ ਸਿੱਖ ਵਾਸਤੇ ਇੰਞ ਹੈ, ਜਿਵੇਂ ਕਿਸੇ ਸ਼ਹੀਦ ਤੇ, ਗੁਰੂ ਤੇ, ਵਾਹਿਗੁਰੂ ਤੇ ਹਮਲਾ ਹੋਇਆ ਹੋਏ। ਜੇ ਕੋਈ ਸਿੱਖ ਇਸ ਹਮਲੇ ਨੂੰ ਕਬੂਲ ਕਰਦਾ ਹੈ ਤਾਂ ਯਕੀਨਨ ਉਹ ਬੇਈਮਾਨ, ਝੂਠਾ ਅਤੇ ਦੰਭੀ ਹੈ।

ਸਿੱਖ ਅਰਦਾਸਿ ਦਾ ਦੂਜਾ ਅੱਧ ਵਾਹਿਗੁਰੂ ਤੋਂ ਮੰਗਣ ਬਾਰੇ ਹੈ। ਸਿੱਖ ਦੀ ਇਹ 'ਮੰਗ' ਦੂਜੇ ਧਰਮਾਂ ਤੋਂ ਵਖਰੀ ਹੈ। ਦੂਜੇ ਧਰਮਾਂ ਵਿਚ ਮਾਲੀ ਖ਼ੁਸ਼ਹਾਲੀ, ਸੁਖ, ਆਰਾਮ, ਤਰੱਕੀ ਵਗ਼ੈਰਾ ਮੰਗੀ ਜਾਂਦੀ ਹੈ ਪਰ ਸਿੱਖ ਧਰਮ ਇਸ ਤੋਂ ਅੱਡਰੀ 'ਮੰਗ' ਕਰਦਾ ਹੈ। ਉਂਞ ਇਸ ਵਾਸਤੇ 'ਮੰਗਣਾ' ਲਫ਼ਜ਼ ਪੂਰੀ ਤਰ੍ਹਾਂ ਢੁਕਦਾ ਨਹੀਂ। ਸਿੱਖ ਦੀ ਮੰਗ ਵਿਚ ਕੋਈ ਅਜਿਹੀ ਚੀਜ਼ ਨਹੀਂ ਜਿਸ ਵਿਚ ਦੁਨਿਆਵੀ ਸੌਖ ਜਾਂ ਸੁਖ ਦੀ ਖ਼ਾਹਿਸ਼ ਹੋਏ। ਫਿਰ, ਇਹ ਨਿਜੀ ਵੀ ਨਹੀਂ। ਸਿੱਖ ਦੀ ਅਰਦਾਸਿ ਵਿਚ ਕੁਝ ਵੀ ਨਿਜ ਵਾਸਤੇ ਨਹੀਂ। ਸਿੱਖ ਤਾਂ ਕੌਮ ਵਾਸਤੇ ਮੰਗਦਾ ਹੈ। ਸਿੱਖ ਸਿਰਫ਼ ਕੌਮ ਵਾਸਤੇ ਹੀ ਨਹੀਂ ਸਾਰੀ ਲੋਕਾਈ (ਸਰਬੱਤ) ਵਾਸਤੇ ਮੰਗਦਾ ਹੈ। ਸਿੱਖ ਦੀ ਅਰਦਾਸਿ ਨੂੰ ਤਾਂ "ਸਿੱਖ ਦੀ ਅਰਦਾਸਿ" ਆਖਣਾ ਵੀ ਪੂਰਾ ਸਹੀ ਨਹੀਂ ਹੈ। ਇਹ ਤਾਂ ਕੁਲ-ਆਲਮ ਦੀ ਅਰਦਾਸਿ ਹੈ। ਇਹ ਤਾਂ ਸਾਰੀ ਲੋਕਾਈ

ਦੀ ਅਰਦਾਸਿ ਹੈ।

ਸਿੱਖ ਦੀ ਕੌਮੀ "ਮੰਗ" ਕੀ ਹੈ ? ਸਿੱਖ ਦੀ ਵਾਹਿਗੁਰੂ ਅੱਗੇ ਅਰਜ਼ ਕੀ ਹੈ ? ਹਰ ਵੇਲੇ 'ਵਾਹਿਗੁਰੂ' ਚੇਤੇ ਆਵੇ, ਹਰ ਕੰਮ ਕਰਦਿਆਂ ਵਾਹਿਗੁਰੂ ਦਾ ਨਿਰਮਲ-ਭਉ ਅਤੇ ਭਾਉ (ਪਿਆਰ) ਸਿੱਖ ਦੇ ਸੀਨੇ ਅਤੇ ਰੂਹ ਵਿਚ ਹੋਏ (ਤੇ ਫਿਰ ਸਾਰੇ ਸੁਖ ਆਪਣੇ ਆਪ ਆ ਜਾਂਦੇ ਹਨ), ਫਿਰ ਜਿਥੇ ਵੀ ਖਾਲਸਾ (ਨਕਲੀ ਸਿੱਖ ਨਹੀਂ) ਹੋਏਗਾ, ਉਥੇ ਹਿਫ਼ਾਜ਼ਤ (ਰੱਖਿਆ ਰਿਆਇਤ) ਅਤੇ ਨਿਗਾਹਬਾਨੀ ਵਾਹਿਗੁਰੂ ਦੀ ਹੋਣੀ ਹੀ ਹੈ, ਉਥੇ ਮਾਲੀ ਹਮਲਾ ਨਹੀਂ ਹੋਣਾ (ਦੇਗ, ਤੇਗ) ਆਪਣੇ ਹਾਫ਼ਿਜ਼ ਸੁਭਾਅ (ਬਿਰਦ) ਦੀ ਪੈਜ ਵਾਹਿਗੁਰੂ ਨੇ ਹੀ ਰਖਣੀ ਹੈ। ਅਜਿਹੇ ਫ਼ਲਸਫ਼ੇ 'ਤੇ ਚਲਣ ਵਾਲਿਆਂ (ਪੰਥ) ਦੀ 'ਜਿੱਤ' ਵਾਹਿਗੁਰੂ ਨੇ ਹੀ ਦੇਣੀ ਹੈ ਅਤੇ ਫੇਰ ਇਸ ਸਭ ਨੂੰ ਬਰਕਰਾਰ ਅਤੇ ਮਹਿਫ਼ੂਜ਼ ਰੱਖਣ ਵਾਸਤੇ (ਸ੍ਰੀ ਸਾਹਿਬ) ਵੀ ਉਸੇ ਨੇ ਦੇਣੀ ਹੈ। ਇਹ ਸਾਰਾ ਕੁਝ ਹੋਣ ਮਗਰੋਂ ਖਾਲਸਾ ਜੀ (ਅਕਾਲ ਪੁਰਖ ਦੇ ਸਿੱਧੇ ਵਾਰਿਸ) ਦੇ 'ਬੋਲ ਬਾਲੇ' ਹੋਣੇ ਹੀ ਹਨ। ਯਾਨਿ ਸਿੱਖਾਂ ਦੀ ਅਰਦਾਸਿ ਵਿਚ, ਸਾਰਾ ਕੁਝ ਕੌਮ ਵਾਸਤੇ ਮੰਗ ਕੇ ਵੀ, ਕੁਝ ਵੀ ਨਹੀਂ ਮੰਗਿਆ ਗਿਆ। ਨਿਚੋੜ ਇਹੀ ਹੈ ਕਿ ਵਾਹਿਗੁਰੂ ਜਿਨ੍ਹਾਂ ਨੂੰ ਆਪਣੇ ਸੱਚੇ-ਵਾਰਿਸ (ਖਾਲਸਾ) ਮੰਨਦਾ ਹੈ, ਉਨ੍ਹਾਂ ਨੂੰ ਆਪਣੀ ਤਾਕਤ ਦੇਵੇ। ਏਥੇ ਵੀ ਮੰਗਣ ਦੀ ਬਜਾਏ ਵਾਹਿਗੁਰੂ ਦੇ ਹੁਕਮ, ਡਰ ਅਤੇ ਉਸ ਨਾਲ ਪਿਆਰ ਵਿਚ ਰਹਿਣ ਦੀ ਖ਼ਾਹਿਸ਼ ਹੈ। ਇਸ ਨੂੰ "ਮੰਗਣਾ" ਕਿੰਞ ਆਖਾਂਗੇ। ਇਹ ਤਾਂ ਮੁਹੱਬਤ ਅਤੇ ਅਕੀਦੇ ਦੇ ਮਿੱਠੇ ਬੋਲ ਨੇ।

ਅੱਗੇ ਜਾ ਕੇ ਸਿੱਖ ਦੀ ਫ਼ਿਹਰਿਸਤ ਵਿਚ "ਮੰਗੇ ਦਾਨ" ਵਿਚ ਕੀ ਸ਼ਾਮਿਲ ਹੈ ? ਸਿੱਖੀ, ਕੇਸ, ਰਹਿਤ (ਜ਼ਬਾਨੀ ਦਾ ਧਰਮ ਤੇ ਫ਼ਲਸਫ਼ਾ ਨਹੀਂ ਬਲਕਿ ਉਸ 'ਤੇ ਅਮਲ), ਬਿਬੇਕ ਰਹਿਤ ਦੀ (ਸੂਝ, ਸਮਝ, ਪਛਾਣ), ਵਿਸਾਹ (ਵਾਹਿਗੁਰੂ 'ਤੇ ਪੂਰਾ ਯਕੀਨ, ਇਸ ਵਿਚ ਕੋਈ ਵੀ, ਕਿਸੇ ਕਿਸਮ ਦੀ ਵੀ ਗੁੰਜਾਇਸ਼, ਨਹੀਂ), ਭਰੋਸਾ (ਉਸ ਵਾਹਿਗੁਰੂ ਅਤੇ ਉਸ ਦੀ ਮਿਹਰ ਅਤੇ ਬਖ਼ਸ਼ਿਸ਼ ਉੱਤੇ ਪੂਰੀ ਟੇਕ), ਨਾਮ (ਉਸ ਦਾ ਹਰ ਵੇਲੇ ਸਿਮਰਨ, ਉਸ ਨੂੰ ਹਰ ਵੇਲੇ ਚੇਤੇ ਰਖਣਾ, ਹਰ ਵੇਲੇ ਮਨ ਵਿਚ ਰੱਖਣਾ), ਇਹ ਸਿੱਖ ਦੀ ਫ਼ਿਹਰਿਸਤ ਵਿਚ ਸ਼ਾਮਿਲ ਹੈ। ਇਸੇ ਫ਼ਿਹਰਿਸਤ ਦਾ ਛੇਕੜਲਾ ਹਿੱਸਾ ਹੈ: ਅੰਮ੍ਰਿਤਸਰ ਦੇ ਇਸ਼ਨਾਨ (ਇਥੇ ਅੰਮ੍ਰਿਤਸਰ ਦਾ ਮਾਅਨਾ ਹੈ 'ਬਾਣੀ ਦਾ ਸਰ'), ਚੌਂਕੀਆਂ, ਝੰਡੇ, ਬੁੰਗੇ (ਮੀਰੀ ਤੇ ਪੀਰੀ ਦਾ ਐਲਾਨਨਾਮਾ) ਅਟੱਲ ਰਹਿਣ, ਧਰਮ (ਫ਼ਲਸਫ਼ੇ, ਅਸੂਲ, ਸੱਚ) ਦਾ ਜੈਕਾਰ ਸਿੱਖ ਦੀ ਫ਼ਿਹਰਿਸਤ ਵਿਚ ਸ਼ਾਮਿਲ ਹੈ।

ਫਿਰ ਸਿੱਖ ਹੋਰ ਕੀ ਮੰਗਦਾ ਹੈ ? ਬੋਲਬਾਲੇ ਨਾਲ ਧੌਣ ਆਕੜਨੀ ਨਹੀਂ ਚਾਹੀਦੀ। ਸਿੱਖ ਦਾ ਮਨ ਨੀਵਾਂ, ਮਤ ਉੱਚੀ ਤੇ ਮਤ ਦਾ ਰਾਖਾ (ਮਤ ਨੂੰ ਸੇਧ ਦੇਣ ਵਾਲਾ) ਵਾਹਿਗੁਰੂ ਹੈ।

ਸਿੱਖਾਂ ਦੀ ਕੌਮੀ ਅਰਦਾਸਿ ਵਿਚ ਇਕ ਵਕਤੀ ਮੰਗ ਜ਼ਰੂਰ ਮੰਗੀ ਹੋਈ ਹੈ। ਉਹ ਹੈ "ਪੰਥ ਤੋਂ ਵਿਛੜੇ ਗੁਰਧਾਮਾਂ ਦੀ ਸੇਵਾ ਸੰਭਾਲ ਦੀ ਮੰਗ।" ਸਿੱਖਾਂ ਤੋਂ ਨਨਕਾਣਾ ਸਾਹਿਬ (ਅਤੇ ਪਾਕਿਸਤਾਨ ਵਿਚਲੇ ਹੋਰ ਗੁਰਦੁਆਰੇ) ਹੀ ਨਹੀਂ ਬਲਕਿ ਸਿੱਖ ਹੋਮਲੈਂਡ ਤੋਂ ਬਾਹਰਲੇ ਗੁਰਦੁਆਰੇ ਤੇ ਹੋਰ ਵੀ ਸਾਰੇ ਗੁਰਦੁਆਰੇ ਵੀ ਸਿੱਖਾਂ ਤੋਂ 'ਖੋਹੇ' ਹੋਏ ਹਨ।

ਸਿੱਖਾਂ ਦੀ ਇਹ ਵਕਤੀ ਮੰਗ ਵੀ ਵਾਹਿਗੁਰੂ ਦੇ ਦੁਆਰੇ ਆਜ਼ਾਦ ਰਹਿਣ ਦੀ ਅਰਦਾਸਿ ਹੈ। ਇਹ ਧਾਰਮਿਕ ਆਜ਼ਾਦੀ ਦੇ ਹੱਕ ਦੀ ਅਰਦਾਸਿ ਵੀ ਆਖੀ ਜਾ ਸਕਦੀ ਹੈ।

ਸਿੱਖ ਅਰਦਾਸਿ ਦੇ ਆਖ਼ਰੀ ਹਿੱਸੇ ਵਿਚ ਚੜ੍ਹਦੀ ਕਲਾ (ਨਾਮ ਨਾਲ) ਅਤੇ ਕੁਲ ਆਲਮ ਦੀ ਬੇਹਤਰੀ ਤੇ ਖ਼ੁਸ਼ਹਾਲੀ (ਸਰਬਤ ਦਾ ਭਲਾ) ਦੀ ਲੋਚਾ ਕੀਤੀ ਗਈ ਹੈ। ਯਾਨਿ ਚੜ੍ਹਦੀ ਕਲਾ, ਨਾਮ ਜਪਣ ਨਾਲ ਹੋਏ ਤੇ ਭਲਾ ਕੁਲ ਲੋਕਾਈ ਦਾ ਹੋਏ। ਕਿਹੜਾ ਧਰਮ ਤੇ ਕਿਹੜੀ ਕੌਮ ਅਜਿਹੀ ਅਰਦਾਸਿ ਕਰਦੀ ਹੈ! ਸਿੱਖ ਹਰ ਵੇਲੇ ਕੁਲ ਆਲਮ ਦਾ ਭਲਾ ਮੰਗਦਾ ਹੋਣ ਕਰਕੇ ਸਮੁੱਚੀ ਲੋਕਾਈ ਦਾ ਨੁਮਾਇੰਦਾ ਹੈ।

ਸ਼ਾਇਦ ਇਸੇ ਕਰ ਕੇ ਜੋ ਲੋਕ ਰੱਬ ਤੋਂ ਮੁਨਕਰ ਨੇ ਉਹ ਕੁਲ ਲੋਕਾਈ ਦੇ ਨੁਮਾਇੰਦਿਆਂ, ਸਿੱਖ ਪੰਥ ਨੂੰ, ਖ਼ਤਮ ਕਰਨਾ ਲੋਚਦੇ ਨੇ। ਭਲਾ ਵਾਹਿਗੁਰੂ ਦਾ ਖਾਲਸਾ ਕਦੇ ਖ਼ਤਮ ਹੋ ਸਕਦਾ ਹੈ? ਜਿਹੜਾ ਵਾਹਿਗੁਰੂ ਦਾ ਆਪਣਾ ਹੈ, ਉਸ ਦੀ ਨਿਗਾਹਬਾਨੀ ਤਾਂ ਵਾਹਿਗੁਰੂ ਨੇ ਆਪੂੰ ਹੀ ਕਰਨੀ ਹੈ।

✲ ✲ ✲

ਚੜ੍ਹਦੀ ਕਲਾ ਦਾ ਅਹਿਸਾਸ

ਜਦੋਂ ਵੀ ਦੋ ਸਿੱਖ ਆਪਸ ਵਿਚ ਮਿਲਦੇ ਹਨ ਤੇ "ਕੀ ਹਾਲ ਹੈ ?" ਪੁਛਦੇ ਹਨ ਤਾਂ ਸੁਤੇ ਸਿਧ ਹੀ ਤਿੰਨ ਹਰਫ਼ਾ ਜਵਾਬ ਲਬਾਂ ਤੇ ਆਉਂਦਾ ਹੈ "ਚੜ੍ਹਦੀ ਕਲਾ ਹੈ"। ਇਹ ਜਵਾਬ ਹਰ ਖਾਲਸੇ ਦਾ ਸਾਂਝਾ ਹੈ।

ਸਿੱਖ ਨੂੰ ਚੜ੍ਹਦੀ ਕਲਾ ਵਿਰਸੇ ਵਿਚ ਮਿਲੀ ਹੈ। ਗੁਰੂ ਨਾਨਕ ਸਾਹਿਬ ਤੋਂ ਅੱਜ ਤੱਕ ਦੀ ਤਾਰੀਖ਼ ਚੜ੍ਹਦੀ ਕਲਾ ਦੀ ਇਕ ਅਰੁਕ ਕਹਾਣੀ ਹੈ। ਪੱਛਮ ਦੇ ਇਕ ਆਮ ਬੰਦੇ ਨੂੰ ਇਸ ਤਾਰੀਖ਼ ਦੇ ਮੰਨਣ ਵਿਚ ਕੁਝ ਝਿਜਕ ਜ਼ਰੂਰ ਮਹਿਸੂਸ ਹੁੰਦੀ ਹੋਵੇਗੀ, ਕਿਉਂਕਿ ਉਸ ਨੂੰ ਅਜਿਹਾ ਕੁਝ ਦੁਨੀਆਂ ਦੀ ਤਾਰੀਖ਼ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦਾ ਹੋਵੇਗਾ। ਸਿਰਫ਼ ਯਹੂਦੀਆਂ ਕੋਲ ਇਹੋ ਜਿਹੀ ਸਿਰੜ ਦੀ ਕਹਾਣੀ ਤੇ ਕੁਰਬਾਨੀਆਂ ਦੀ ਦਾਸਤਾਨ ਸੰਭਾਲੀ ਹੋਈ ਹੈ। (ਪਰ ਉਨ੍ਹਾਂ ਵਿਚ ਤੇ ਸਿੱਖਾਂ ਵਿਚ ਇਕੋ-ਇਕ ਫ਼ਰਕ ਇਹ ਹੈ ਕਿ ਖਾਲਸਾ ਪੰਥ ਵਿਚ ਜੁਝਾਰਵਾਦ ਦਾ ਜਜ਼ਬਾ ਲਾਸਾਨੀ ਹੈ। ਬਾਕੀ ਦਾ ਸਾਰਾ ਕੁਝ ਦੋਹਾਂ ਕੌਮਾਂ ਵਿਚ ਤਕਰੀਬਨ ਇਕੋ ਜਿਹਾ ਹੀ ਹੈ।) ਸਿੱਖ ਦੀ ਤਾਰੀਖ਼ ਹੀ "ਚੜ੍ਹਦੀ ਕਲਾ" ਦੀ ਤਾਰੀਖ਼ ਹੈ।

ਜਦੋਂ ਗੁਰੂ ਨਾਨਕ ਸਾਹਿਬ "ਰਾਜੇ ਸ਼ੀਹ ਮੁਕਦਮ ਕੁੱਤੇ" "ਕਿਆ ਸੁਲਤਾਨ ਸਲਾਮ ਵਿਹੂਣਾ" "ਤਖ਼ਤ ਬਹੈ ਤਖ਼ਤੈ ਕੀ ਲਾਇਕ।" ਆਖਦੇ ਹਨ ਤਾਂ ਇਹ ਚੜ੍ਹਦੀ ਕਲਾ ਹੀ ਹੈ, ਜੋ ਉਨ੍ਹਾਂ ਨੇ ਇਨ੍ਹਾਂ ਲਫ਼ਜ਼ਾਂ ਅਤੇ ਐਲਾਨਨਾਮਿਆ ਵਿਚ ਸਿੱਖ ਪੰਥ ਨੂੰ ਦਿੱਤੀ ਹੈ। ਜਦੋਂ ਉਹ ਬਾਬਰ ਨੂੰ "ਜਾਬਰ" ਆਖਦੇ ਹਨ ਤਾਂ ਉਹ ਚੜ੍ਹਦੀ ਕਲਾ ਦਾ ਸਬਕ ਹੀ ਸਿਖਾ ਰਹੇ ਹੁੰਦੇ ਹਨ। ਫਿਰ ਕੁਰਖੇਤਰ ਵਿਚ ਗ੍ਰਹਿਣ ਵੇਲੇ 'ਮਾਸ ਰਿੱਝਣ ਦਾ ਕੌਤਕ" ਤੇ ਮੱਕੇ ਵਿਚ "ਰੱਬ ਦਾ ਵਜੂਦ ਹਰ ਪਾਸੇ ਹੋਣ' ਦਾ ਅਹਿਸਾਸ ਕਰਵਾਉਣ ਵੇਲੇ ਵੀ ਗੁਰੂ ਨਾਨਕ ਸਾਹਿਬ ਚੜ੍ਹਦੀ ਕਲਾ ਹੀ ਸਿੱਖਾ ਰਹੇ ਹੁੰਦੇ ਹਨ। ਇੰਞ ਹੀ ਵਲੀ ਕੰਧਾਰੀ, ਸੱਜਣ ਠੱਗ, ਕੌਡਾ ਰਾਖਸ਼, ਮਲਿਕ ਭਾਗੋ ਅਤੇ ਹੋਰ ਸਾਰੀਆਂ ਸਾਖੀਆਂ ਵਿਚ ਅਹਿਮ ਨੁਕਤਾ ਤਾਂ ਚੜ੍ਹਦੀ ਕਲਾ ਹੀ ਹੈ ਜੋ ਵਲੀ ਕੰਧਾਰੀ, ਸੱਜਣ ਠੱਗ ਤੇ ਮਲਿਕ ਭਾਗੋ ਨਾਲ ਟੱਕਰ ਲੈਂਦੀ ਹੈ (ਤੇ ਉਨ੍ਹਾਂ ਦੇ ਗੁਨਾਹ, ਜੁਰਮ ਤੇ ਬਦੀ ਦੀ ਦੁਨੀਆਂ ਦਾ ਖ਼ਾਤਮਾ ਕਰਦੀ ਹੈ)।

ਹਮਾਯੂੰ ਦੀ ਉਠਦੀ ਹੋਈ ਤਲਵਾਰ ਦੇ ਬਾਵਜੂਦ ਜਦੋਂ ਗੁਰੂ ਅੰਗਦ ਸਾਹਿਬ ਅਡੋਲ ਰਹਿੰਦੇ ਹਨ ਜਾਂ ਗੁਰੂ ਅਮਰਦਾਸ ਸਾਹਿਬ ਦਰਿਆ ਪਾਰ ਕਰਨ ਸਮੇਂ ਬੇੜੀ ਦਾ ਟੈਕਸ ਨਹੀਂ ਤਾਰਦੇ ਤੇ ਖਾਲਸੇ ਦੇ ਟੈਕਸ-ਰਹਿਤ ਹੋਣ ਦਾ ਐਲਾਨ ਕਰਦੇ ਹਨ, ਜਾਂ ਜਦੋਂ ਉਹ ਗੋਇੰਦਵਾਲ ਵਸਾਉਂਦੇ ਹਨ, ਬਾਉਲੀ ਤਿਆਰ ਕਰਦੇ ਹਨ ਤੇ ਲੰਗਰ ਚਲਾ ਕੇ ਜ਼ਾਤ-ਪਾਤ ਦਾ ਮਹਿਲ ਢਾਹੁੰਦੇ ਹਨ, ਜਾਂ ਜਦੋਂ ਗੁਰੂ ਰਾਮਦਾਸ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ)

ਵਸਾਉਂਦੇ ਹਨ, ਤੇ ਕੌਮ ਦੀ ਖ਼ੁਦਮੁਖ਼ਤਿਆਰ ਰਿਆਸਤ ਕਾਇਮ ਕਰਦੇ ਹਨ, ਜਾਂ ਜਦੋਂ ਗੁਰੂ ਅਰਜਨ ਸਾਹਿਬ ਗੁਰੂ ਗ੍ਰੰਥ ਸਾਹਿਬ ਤਿਆਰ ਕਰਦੇ ਹਨ ਤੇ ਸਿੱਖ-ਕੌਮ ਦੇ ਨਿਆਰਾਪਣ ਦਾ ਐਲਾਨ ਕਰਦੇ ਹਨ ਜਾਂ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅਕਾਲ ਪੁਰਖ ਦਾ ਤਖ਼ਤ ਜ਼ਾਹਿਰ ਕਰ ਕੇ ਝੂਠੇ ਤਖ਼ਤਾਂ ਨੂੰ ਚੈਲੰਜ ਕਰਦੇ ਹਨ ਅਤੇ ਆਪਣੇ ਆਪ ਨੂੰ ਵੱਡੀ ਤਾਕਤ ਆਖਣ ਵਾਲੇ ਮੁਗਲਾਂ ਦੀ ਫ਼ੌਜ ਦਾ ਮੁਕਾਬਲਾ ਕਰ ਕੇ ਉਸ ਨੂੰ ਹਾਰ ਦੇਂਦੇ ਹਨ ਜਾਂ ਜਦੋਂ ਗੁਰੂ ਹਰਿ ਰਾਇ ਸਾਹਿਬ 'ਸ਼ਾਹੀ ਫ਼ੌਜ' ਦਾ ਰਾਹ ਡੱਕਦੇ ਹਨ ਜਾਂ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ "ਨਹੀਂ ਮਲੇਛੁ ਕੋ ਦਰਸਨ ਦੇਹਿ ਹੈ" ਆਖ ਕੇ ਝੂਠੇ ਪਾਤਸ਼ਾਹ (ਔਰੰਗਜ਼ੇਬ) ਨੂੰ ਰੱਦ ਕਰਦੇ ਹਨ ਜਾਂ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਬਾਦਸ਼ਾਹਾਂ ਦੇ ਸਿਆਸੀ ਸਮਝੌਤੇ ਕਰਵਾਉਣ ਲਈ ਆਸਾਮ ਵਿਚ ਜਾਂਦੇ ਹਨ ਜਾਂ ਜਦੋਂ ਉਹ ਧਰਮ ਦੀ ਸ਼ਹੀਦੀ ਮਨਜ਼ੂਰ ਕਰਦੇ ਹਨ ਜਾਂ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਖਾਲਸਾ ਪ੍ਰਗਟ ਕਰਦੇ ਹਨ, ਅਨੰਦਪੁਰ ਸਾਹਿਬ 'ਚ ਕਿਲ੍ਹੇ ਬਣਾਉਂਦੇ ਹਨ, ਚਮਕੌਰ ਵਿਚ ੪੦ ਸਿੰਘਾਂ ਨੂੰ ਲੈ ਕੇ ਵੱਡੀ ਫ਼ੌਜ ਨਾਲ ਲੜਦੇ ਹਨ ਤਾਂ ਚੜ੍ਹਦੀ ਕਲਾ ਦਾ ਸਬਕ ਹੀ ਦੇ ਰਹੇ ਹੁੰਦੇ ਹਨ। ਜਦੋਂ ਮੁਕਤਸਰ ਵਿਚ ਚਾਲ੍ਹੀ ਮੁਕਤਿਆਂ ਨੂੰ ਪੰਜ-ਹਜ਼ਾਰੀ, ਦਸ ਹਜ਼ਾਰੀ ਦਾ ਖ਼ਿਤਾਬ ਦਿੰਦੇ ਹਨ ਤਾਂ ਉਹ 'ਚੜ੍ਹਦੀ ਕਲਾ' ਦਾ ਬਹੁਤ ਵੱਡਾ ਨੁਕਤਾ ਸਮਝਾ ਰਹੇ ਹੁੰਦੇ ਹਨ। ਜਦੋਂ ਉਹ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ ਤੇ ੨੫ ਸਿੰਘ ਦੇ ਕੇ ਤੋਰਦੇ ਹਨ ਤਾਂ ਉਹ 'ਚੜ੍ਹਦੀ ਕਲਾ' ਦਾ ਅੰਮ੍ਰਿਤਧਾਰਾ ਵੰਡ ਰਹੇ ਹੁੰਦੇ ਹਨ (ਤੇ ਫਿਰ ਇਹ ਸਿੰਘ ਸਿੱਖ ਹੋਮਲੈਂਡ ਦੀ ਸਰ-ਜ਼ਮੀਂ ਦਾ ਨਕਸ਼ਾ ਬਦਲ ਦਿੰਦੇ ਹਨ)। ਇਹ ਸੀ 'ਚੜ੍ਹਦੀ ਕਲਾ' ਦਾ ਸਬਕ, ਜੋ ਗੁਰੂ ਸਾਹਿਬ ਆਪਣੀ ਜ਼ਿੰਦਗੀ ਵਿਚ ਮਿਸਾਲਾਂ ਨਾਲ ਪੜ੍ਹਾ ਗਏ। ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਜਾਣ ਲਿਆ ਸੀ ਅਤੇ ਜਾਣਦੇ ਹਨ, ਉਹ ਇਸ ਸਬਕ ਨੂੰ ਚੇਤੇ ਰੱਖਦੇ ਹਨ ਤੇ ਹਮੇਸ਼ਾ 'ਚੜ੍ਹਦੀ ਕਲਾ' ਵਿਚ ਰਹਿੰਦੇ ਹਨ।

ਗੁਰੂ ਸਾਹਿਬ ਦੇ ਦਿੱਤੇ ਸਬਕ ਨੂੰ ਪੜ੍ਹ ਕੇ ਹੀ ਬਾਬਾ ਬੰਦਾ ਸਿੰਘ ਅਡੋਲ ਤਸੀਹੇ ਸਹਿੰਦਾ ਹੈ। ਭਾਈ ਮਨੀ ਸਿੰਘ ਬੰਦ-ਬੰਦ ਕਟਵਾਉਣ ਵੇਲੇ ਜਲਾਦ ਨੂੰ 'ਬੰਦ-ਬੰਦ' ਕੱਟਣ ਦਾ ਮਤਲਬ ਸਮਝਾਉਂਦਾ ਹੈ। ਇਸ ਸਬਕ ਸਦਕਾ ਭਾਈ ਤਾਰੂ ਸਿੰਘ ਖੋਪੜੀ ਉਤਰਵਾਂਦਾ ਹੈ। ਇਸੇ ਸਬਕ ਸਦਕਾ ਹੀ ਰਈਸ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਚਰਖੜੀਆਂ 'ਤੇ ਚੜ੍ਹਦੇ ਹਨ। ਇਹ ਚੜ੍ਹਦੀ ਕਲਾ ਹੀ ਸੀ, ਜਿਸ ਨੇ ਭਾਈ ਤਾਰਾ ਸਿੰਘ ਡੱਲ-ਵਾਂ ਨੂੰ ਸ਼ਾਹੀ ਫ਼ੌਜ ਦੇ ਮੁਕਾਬਲੇ ਵਿਚ ਖੜ੍ਹਾ ਕੀਤਾ ਸੀ। ਇਹ 'ਚੜ੍ਹਦੀ ਕਲਾ' ਹੀ ਸੀ, ਜਿਸ ਨੇ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਨੂੰ ਮੱਸਾ ਰੰਘੜ ਦਾ ਸਿਰ ਵੱਢਣ ਵਾਸਤੇ ਕੁੱਵਤ ਬਖ਼ਸ਼ੀ ਸੀ। ਇਸੇ 'ਚੜ੍ਹਦੀ ਕਲਾ' ਕਰ ਕੇ ਹੀ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਨੂਰ-ਉਦ-ਦੀਨ ਦੀ ਸਰਾਂ ਕੋਲ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਐਲਾਨ ਕੀਤਾ ਸੀ।

ਕਿਤੇ ਵੀਹਵੀਂ ਸਦੀ ਦੇ ਦਲੀਲਬਾਜ਼ੀ ਵਾਲੇ ਲੋਕ ਜਾਂ ਕਿਤਾਬਾਂ ਦੇ ਪਾੜ੍ਹੇ ਸਿੱਖ ਤਵਾਰੀਖ਼ ਤੋਂ ਮੁਨਕਰ ਨਾ ਹੋ ਜਾਣ, ਇਸ ਕਰ ਕੇ ਵਾਹਿਗੁਰੂ ਨੇ ਇਹ 'ਚੜ੍ਹਦੀ ਕਲਾ' ਵੀਹਵੀਂ ਸਦੀ ਵਿਚ ਵੀ ਜ਼ਹਿਰਾ ਕਾਰਵਾਈ ਹੈ। ਜਦੋਂ ਪਤਾ ਹੈ ਗੁਰੂ ਕਾ ਬਾਗ ਵਿਚ (੧੯੨੨ ਦਾ ਮੋਰਚਾ) ਜਾਣ ਵਾਲੇ ਹਰ ਸਿੱਖ ਨੂੰ ਡਾਂਗਾਂ ਪੈਣੀਆਂ ਹਨ ਤੇ ਜੈਤੋ ਵਿਚ

੫੦੦ ਦੇ ਜਥੇ ਤੇ ਗੋਲੀ (੨੧ ਫਰਵਰੀ ੧੯੨੪) ਚਲਣ ਮਗਰੋਂ ਅਗਲੇ ਜੱਥੇ ਵਿਚ ਸ਼ਾਮਿਲ ਹੋਣ ਵਾਲੇ ਨੂੰ ਪਤਾ ਹੈ ਕਿ ਜੱਥੇ ਵਿਚ ਜਾਣ ਦਾ ਮਾਅਨਾ ਸ਼ਹੀਦੀ ਹੈ, ਤਾਂ ਫਿਰ ਵੀ ਜੇ ਸਿੰਘਾਂ ਵਿਚ ਇਨ੍ਹਾਂ ਮੋਰਚਿਆਂ ਵਿਚ ਜਾਣ ਵਾਸਤੇ ਆਪਸ ਵਿਚ ਅੱਗੇ ਨਿਕਲਣ ਦੀ ਦੌੜ ਹੈ, ਤਾਂ ਇਹ 'ਚੜ੍ਹਦੀ ਕਲਾ' ਹੀ ਹੈ। ਜਦੋਂ ਪਤਾ ਹੈ ਕਿ (੩੦ ਅਕਤੂਬਰ ੧੯੨੨) ਪੰਜਾ ਸਾਹਿਬ ਸਟੇਸ਼ਨ 'ਤੇ ਸਿੱਖ ਕੈਦੀਆਂ ਨੂੰ ਲਿਜਾ ਰਹੀ ਗੱਡੀ ਨਹੀਂ ਰੁਕਣੀ ਤੇ ਰੇਲਵੇ ਲਾਇਨ 'ਤੇ ਲੇਟ ਜਾਣ ਵਾਲਿਆਂ ਨੂੰ ਸ਼ਹੀਦੀ ਹੀ ਮਿਲਣੀ ਹੈ, ਤਾਂ ਭਾਈ ਪ੍ਰਤਾਪ ਸਿੰਘ, ਭਾਈ ਕਰਮ ਸਿੰਘ ਅਤੇ ਬਾਕੀ ਸਾਰੇ ਵੀਰ ਤੇ ਭੈਣਾਂ ਵਿਚ 'ਚੜ੍ਹਦੀ ਕਲਾ' ਦੀ ਰੂਹ ਹੀ ਹੈ, ਜੋ ਡਟ ਜਾਣ ਵਾਸਤੇ ਤਿਆਰ ਕਰਦੀ ਹੈ।

ਮੈਂ ਕਈ ਵਾਰ ਸੋਚਦਾ ਹਾਂ ਕਿ ਉਹ ਕਿਹੜੀ ਗੱਲ ਹੈ, ਜਿਸ ਕਰਕੇ ਤਸੀਹੇ ਸਹਿੰਦੇ ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਗੁਰਮੀਤ ਸਿੰਘ ਧੂਲਕੋਟ, ਭਾਈ ਅਨੋਖ ਸਿੰਘ, ਜਥੇਦਾਰ ਤਲਵਿੰਦਰ ਸਿੰਘ ਸਾਰੇ ਦੇ ਸਾਰੇ ਭਾਈ ਮਨੀ ਸਿੰਘ ਬਣ ਜਾਂਦੇ ਹਨ। ਇਨ੍ਹਾਂ ਸਾਰਿਆਂ ਕੋਲ ਗੁਰੂ ਸਾਹਿਬਾਨ ਦੀ ਬਖ਼ਸ਼ੀ ਹੋਈ ਇਹ 'ਚੜ੍ਹਦੀ ਕਲਾ' ਹੀ ਹੈ। ਨਾਮ ਬਾਣੀ ਉਨ੍ਹਾਂ ਨੂੰ 'ਚੜ੍ਹਦੀ ਕਲਾ' ਰਾਹੀਂ ਅਜਿਹੀ ਤਾਕਤ, ਹਿੰਮਤ ਤੇ ਰੂਹ ਬਖ਼ਸ਼ਦੀ ਹੈ।

ਇਹ 'ਚੜ੍ਹਦੀ ਕਲਾ' ਹੀ ਭਾਈ ਫ਼ੌਜਾ ਸਿੰਘ ਤੇ ਬਾਕੀ ਸਿੰਘਾਂ ਨੂੰ ੧੩ ਅਪ੍ਰੈਲ ੧੯੭੮ ਨੂੰ ਨਰਕਧਾਰੀ ਕਾਂਗਾਂ ਦੇ ਮੁਕਾਬਲੇ 'ਚ ਖੜਾ ਕਰਦੀ ਹੈ। ਇਹੀ ਰੂਹ ਹੈ ਜੋ ਭਾਈ ਰਣਜੀਤ ਸਿੰਘ ਨੂੰ ੨੦ ਅਪ੍ਰੈਲ ੧੯੮੦ ਦਾ ਹੀਰੋ ਬਣਾਉਂਦੀ ਹੈ ਤੇ ਇਹ 'ਚੜ੍ਹਦੀ ਕਲਾ' ਹੈ ਜੋ ਭਾਈ ਬਿਅੰਤ ਸਿੰਘ, ਸਤਵੰਤ ਸਿੰਘ, ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਅਕਾਲ ਤਖ਼ਤ ਸਾਹਿਬ ਦੀ ਆਨ ਤੇ ਸ਼ਾਨ ਖ਼ਾਤਿਰ ਜਾਨ ਦੀ ਬਾਜ਼ੀ ਲਾਉਣ ਵਾਸਤੇ ਤਿਆਰ ਕਰਦੀ ਹੈ। ਇਹ 'ਚੜ੍ਹਦੀ ਕਲਾ' ਹੀ ਹੈ ਜੋ ਦਿਲਾਵਰ ਸਿੰਘ ਨੂੰ ਹਜ਼ਾਰਾਂ ਸਿੱਖਾਂ ਦੇ ਕਾਤਲ ਨੂੰ ਸੋਧਣ ਵਾਸਤੇ ਸ਼ਹੀਦੀ ਦੇਣ ਵਾਸਤੇ ਤਿਆਰ ਕਰਦੀ ਹੈ।

ਖਾਲਸੇ ਦੀ 'ਚੜ੍ਹਦੀ ਕਲਾ' ਤਾਂ ਅੱਜ ਤੱਕ ਜ਼ਾਹਿਰ ਹੈ, ਅਮਲੀ ਹੈ, ਸ਼ਰੇਆਮ ਹੈ, ਬੇਰੋਕ ਹੈ, ਬਿਨਾਂ ਸ਼ਰਤ ਹੈ।

'ਚੜ੍ਹਦੀ ਕਲਾ' ਰੂਹ ਦਾ ਅਹਿਸਾਸ ਹੈ ਜਿਸ ਨਾਲ ਇਨਸਾਨ ਕਦੇ ਵੀ ਢਾਹੂ ਸੋਚ, ਵਿਚਾਰਗੀ, ਮਜਬੂਰੀ, ਬੇਕਸੀ, ਬੇਦਿਲੀ, ਕਮਜ਼ੋਰੀ, ਬੇਹਿਸੀ, ਦਰਦ, ਦੁੱਖ, ਦੀਨਤਾ, ਹੀਣਤਾ, ਛੋਟਾਪਣ, ਨੀਵਾਂਪਣ, ਨਿਵਾਣ, ਨਿਘਾਰ.....ਦੀ ਤਰਜ਼ ਤੇ ਨਹੀਂ ਸੋਚਦਾ। ਸਿੱਖ ਤਾਰੀਖ਼ ਵਿਚ ਇਕ ਹੈਰਾਨਕੁੰਨ ਮਿਸਾਲ ਹੈ। ੫ ਫਰਵਰੀ ੧੭੬੨ ਦੇ ਵੱਡੇ ਘੱਲੂਘਾਰੇ ਵਿਚ ੨੫-੩੦ ਹਜ਼ਾਰ ਸਿੰਘ ਸ਼ਹੀਦ ਹੋ ਗਏ। ਕੁਝ ਚਿਰ ਮਗਰੋਂ, ਵਿਸਾਖੀ ਦੇ ਦਿਨ, ਸਿੰਘਾਂ ਦਾ ਇਕੱਠ ਹੋਇਆ। ਇਸ ਇਕੱਠ ਵਿਚ ਇਨ੍ਹਾਂ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਤੇ ਸੋਗੀ ਦੀਵਾਨ ਨਹੀਂ ਕੀਤਾ ਗਿਆ, ਅਫ਼ਸੋਸ ਤੇ ਹਮਦਰਦੀ ਦੇ ਮਤੇ ਨਹੀਂ ਪਾਸ ਕੀਤੇ ਗਏ, ਦਰਦ ਤੇ ਗ਼ਮ ਦੀਆਂ ਨਜ਼ਮਾਂ ਨਹੀਂ ਪੜ੍ਹੀਆਂ ਗਈਆਂ; ਬਲਕਿ ਚੜ੍ਹਦੀ ਕਲਾ ਦਾ ਗੁਰਮਤਾ ਪਾਸ ਹੋਇਆ। ਉਹ ਗੁਰਮਤਾ ਸੀ: "ਖਾਲਸਾ ਜੀ, ਸਿੰਘਾਂ ਦੀਆਂ ਸ਼ਹੀਦੀਆਂ ਨਾਲ ਖੋਟ-ਖੋਟ ਝੜ ਗਿਆ ਹੈ।" ਇਹ ਹੈ 'ਚੜ੍ਹਦੀ ਕਲਾ' ਕਿ ਏਨੀਆਂ ਸ਼ਹੀਦੀਆਂ

ਤੇ ਵੀ ਡਰ ਫ਼ਿਕਰ, ਘਬਰਾਹਟ, ਨਿਘਾਰ, ਵਿਚਾਰਗੀ, ਬੇਦਿਲੀ, ਬੇਹਿਸੀ, ਦੀਨਤਾ, ਦੁੱਖ, ਕਮਜ਼ੋਰੀ, ਹੀਣਤਾ, ਨਫ਼ੀ ਸੋਚ ਨਹੀਂ ਆਈ। ਬਲਕਿ 'ਚੜ੍ਹਦੀ ਕਲਾ' ਦਾ ਗੁਰਮਤਾ ਪਾਸ ਹੋਇਆ ਹੈ। ਇਹ ਹੈ ਅਹਿਸਾਸ ਸਿੱਖ ਪੰਥ ਦਾ। ਚੜ੍ਹਦੀ ਕਲਾ ਦਾ ਅਹਿਸਾਸ ਰੱਖਣ ਵਾਲੀ ਕੌਮ ਦੀ ਰੂਹ ਦੀ ਸੋਚ ਅਜਿਹੀ ਹੀ ਹੋਇਆ ਕਰਦੀ ਹੈ। ਉਹ ਹਮੇਸ਼ਾ ਹੀ ਉਪਰ ਵੱਲ, ਅੱਗੇ ਵੱਲ ਹੀ ਵੇਖਿਆ ਕਰਦੀ ਹੈ। 'ਚੜ੍ਹਦੀ ਕਲਾ' ਵਾਲਿਆਂ ਨੂੰ ਹਨੇਰੇ ਵਿਚ ਵੀ ਕਿਰਨ ਨਜ਼ਰ ਆਉਂਦੀ ਹੈ, ਫਾਕਿਆਂ ਵਿਚ ਮਸਤਾਨਾਪਣ ਨਜ਼ਰ ਆਉਂਦਾ ਹੈ।

'ਚੜ੍ਹਦੀ ਕਲਾ' ਹੀ ਕੌਮ ਨੂੰ ਨਵੀਂ ਪਛਾਣ ਦਿੰਦੀ ਹੈ। ਇਕ ਇਕ ਸਿੰਘ ਸਵਾ ਲੱਖ ਹੈ, ਛੋਲੇ ਬਦਾਮ ਹਨ, ਲੰਗਰ ਦਾ ਖ਼ਤਮ ਹੋਣਾ ਮਸਤਾਨਾ ਹੋ ਜਾਣਾ ਹੈ, ਦੇਗ ਛੱਕ ਲੈਣਾ ਫ਼ਤਿਹ ਹੋ ਜਾਣਾ ਹੈ।

ਸਿੱਖ ਪੰਥ ਦੀ 'ਚੜ੍ਹਦੀ ਕਲਾ' ਦੀ ਇਕ ਹੋਰ ਜ਼ਾਹਿਰਾ ਮਿਸਾਲ ਸਿੱਖਾਂ ਦੀ ਅਰਦਾਸਿ ਹੈ। ਹਰ ਰੋਜ਼ ਦੋ ਵੇਲੇ (ਘੱਟ-ਘੱਟ ਦੋ ਵੇਲੇ) ਸਿੱਖ ਦੀ ਅਰਦਾਸਿ ਵਿਚ ਸ਼ਹੀਦਾਂ, ਮੁਰੀਦਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਨੂੰ ਚੇਤੇ ਕੀਤਾ ਜਾਂਦਾ ਹੈ। ਇੰਞ ਹੀ ਕਿਸੇ ਸ਼ਹੀਦ ਦੀ ਸ਼ਹੀਦੀ ਦੇ ਦਿਹਾੜੇ ਦੀ ਯਾਦ ਵਿਚ ਕੋਈ ਸੱਚਾ ਸਿੰਘ ਕਦੇ 'ਬਰਸੀ' ਨਹੀਂ ਮਨਾਉਂਦਾ ਬਲਕਿ 'ਸ਼ਹੀਦੀ ਜੋੜ ਮੇਲਾ' ਮਨਾਉਂਦਾ ਹੈ। ਸ਼ਹੀਦੀ ਦਿਨ ਇਕ 'ਮੇਲਾ' ਹੈ, ਰੋਸ ਦਿਨ, ਰੰਜ ਦਿਨ, ਅਫ਼ਸੋਸ ਦਿਨ ਨਹੀਂ ਹੈ। ਅਜਿਹੀ ਤਾਂ ਹੈ ਰੂਹ ਸਿੱਖ ਪੰਥ ਦੀ। ਇਹ ਉਸ ਰੂਹ ਤੋਂ ਵੱਖਰੀ ਹੈ, ਜਿਸ ਰੂਹ ਕਰ ਕੇ ਮੁਸਲਮਾਨਾਂ ਦਾ ਇਕ ਫ਼ਿਰਕਾ ਹਸਨ ਤੇ ਹੁਸੈਨ (ਕਰਬਲਾ ਦੀ ਜੰਗ) ਦੀ ਸ਼ਹੀਦੀ ਦੇ ਦਿਨ ਤੇ ਤਾਜੀਆ ਕੱਢਦਾ ਹੈ ਤੇ ਲਹੂ-ਲੁਹਾਣ ਹੁੰਦਾ ਹੈ। ਉਨ੍ਹਾਂ ਨਾਲੋਂ ਵੱਖਰਾਪਣ ਸਿੱਖ ਸ਼ਹੀਦੀ ਦੀ ਰੂਹ ਦਾ ਹੈ ਤੇ ਉਹ ਹੈ 'ਚੜ੍ਹਦੀ ਕਲਾ' ਦਾ ਅਹਿਸਾਸ। ਸਿੱਖ ਵਿਚ ਸ਼ਹੀਦੀ ਖ਼ੁਦ 'ਚੜ੍ਹਦੀ ਕਲਾ' ਵਜੋਂ ਮਨਜ਼ੂਰ ਹੈ।

ਸਿੱਖੀ ਵਿਚ ਸ਼ਹੀਦੀ ਵਾਹਿਗੁਰੂ ਦੀ ਇਕ 'ਬਖ਼ਸ਼ਿਸ਼' ਹੈ। ਇਹ ਸੋਗ ਤੇ ਅਫ਼ਸੋਸ ਦਾ ਮੁਕਾਮ ਨਹੀਂ ਹੈ। ਸ਼ਹੀਦੀ ਮਗਰੋਂ ਸਿੱਖਾਂ 'ਚ ਅਫ਼ਸੋਸ ਤੇ ਉਦਾਸੀ ਨਹੀਂ ਆਉਂਦੀ ਬਲਕਿ ਰੋਹ ਆਉਂਦਾ ਹੈ। ਸ਼ਹੀਦਾਂ ਦੀਆਂ ਰੂਹਾਂ ਕੌਮ ਵਿਚ ਨਵੀਂ ਤਾਕਤ ਭਰਦੀਆਂ ਹਨ। ਸ਼ਹੀਦਾਂ ਦੀਆਂ ਰੂਹਾਂ ਜੁਝਾਰੂਆਂ ਵਿਚ ਦਾਖ਼ਿਲ ਹੋ ਜਾਂਦੀਆਂ ਹਨ ਤੇ ਇਸੇ ਕਰ ਕੇ ਉਹ ਜੂਝਦੇ ਹਨ। ਜਦੋਂ ਕਦੇ ਵੀ ਕੋਈ ਸਿੰਘ ਸ਼ਹੀਦ ਹੁੰਦਾ ਹੈ, ਉਸ ਦੀ ਸ਼ਹੀਦੀ ਨਾਲ ਇਕ ਤੂਫ਼ਾਨ ਦਾ ਆਗਾਜ਼ ਹੁੰਦਾ ਹੈ। ੧੭੨੬ ਵਿਚ ਭਾਈ ਤਾਰਾ ਸਿੰਘ ਡੱਲ-ਵਾਂ ਦੀ ਸ਼ਹੀਦੀ ਨੇ ਪੰਜਾਬ ਦਾ ਨਕਸ਼ਾ ਬਦਲ ਦਿੱਤਾ ਸੀ। ੧੭੬੨ ਦੇ ਘੱਲੂਘਾਰੇ ਨੇ ਕੌਮ ਨੂੰ ਉਹ ਤਾਕਤ ਦਿੱਤੀ ਸੀ, ਕਿ ਸਿਰਫ਼ ੮ ਮਹੀਨੇ ਮਗਰੋਂ ਹੀ ਪੰਥ ਨੇ ਉਸ ਜ਼ਮਾਨੇ ਦੇ ਸਭ ਤੋਂ ਵੱਡੇ ਹਊਏ, ਅਹਿਮਦ ਸ਼ਾਹ ਅਬਦਾਲੀ, ਨੂੰ ੧੭ ਨਵੰਬਰ ੧੭੬੨ ਦੇ ਦਿਨ ਜ਼ਬਰਦਸਤ ਹਾਰ ਦੇ ਕੇ ਪੰਥ ਦੀ 'ਚੜ੍ਹਦੀ ਕਲਾ' ਕਾਇਮ ਕੀਤੀ ਸੀ। ਇਹੀ ਅਬਦਾਲੀ ੧੭੬੧ ਵਿਚ ਪਾਣੀਪਤ ਦੇ ਮੈਦਾਨ ਵਿਚ ਦੁਨੀਆਂ ਦੀ ਦੂਜੀ ਵੱਡੀ ਤਾਕਤ ਮਰਹੱਟਿਆਂ ਨੂੰ ਹਰਾ ਕੇ ਆਇਆ ਸੀ। ਸਿੰਘਾਂ ਨੇ ੨੫-੩੦ ਹਜ਼ਾਰ ਸ਼ਹੀਦੀਆਂ ਤੋਂ ੮ ਮਹੀਨੇ ਮਗਰੋਂ ਹੀ ਇਸ ਅਖੌਤੀ 'ਪਹਾੜ ਜਿੱਡੀ ਤਾਕਤ' ਨੂੰ 'ਔਹ ਮਾਰਿਆ' ਤੇ ਮੁੜ ਕੇ ਅਬਦਾਲੀ

ਜਾਂ ਕੋਈ ਹੋਰ ਧਾੜਵੀ ਪੰਜਾਬ ਵਲ ਮੂੰਹ ਵੀ ਨਾ ਕਰ ਸਕੇ। (ਉਦੋਂ ਵੀ ਜੇ ਕੋਈ ਕਾਮਰੇਡ ਲੇਖਕ ਹੁੰਦਾ ਤਾਂ ਉਸ ਨੇ ਸਿੰਘਾਂ ਦੇ ਹੌਂਸਲੇ ਢਾਹੁਣ ਵਾਸਤੇ ਆਖ ਦੇਣਾ ਸੀ ਕਿ "ਪਹਾੜ ਜਿੱਡੀ ਤਾਕਤ ਨਾਲ ਹਥਿਆਰਬੰਦ ਟੱਕਰ ਲੈਣੀ ਮੁਮਕਿਨ ਨਹੀਂ" ਤੇ ਖਾੜਕੂਆਂ ਦੇ ਹੌਂਸਲੇ ਢਾਹ ਕੇ ਉਨ੍ਹਾਂ ਨੂੰ ਅਬਦਾਲੀ ਕੋਲੋਂ ਪੰਜਾਬ ਦੀ ਚੀਫ਼ ਮਨਿਸਟਰੀ ਲੈਣ ਵਾਸਤੇ ਸਮਝੌਤਾ ਕਰਨ ਦੀ ਸਲਾਹ ਦੇਣੀ ਸੀ।

✲ ✲ ✲

ਸਿੱਖਾਂ ਦਾ ਕੌਮੀ ਤਰਾਨਾ ਕਿਹੜਾ ਹੈ ?

ਕੌਮੀ ਤਰਾਨਾ ਕੀ ਹੁੰਦਾ ਹੈ ? ਸ਼ਾਰਟਰ ਆਕਸਫੋਰਡ ਡਿਕਸ਼ਨਰੀ (ਸਫ਼ਾ ੧੩੯੬) ਮੁਤਾਬਿਕ ਕੌਮੀ ਤਰਾਨਾ ਉਹ ਤਰਾਨਾ ਹੁੰਦਾ ਹੈ, ਜਿਹੜਾ ਕਿ ਕਿਸੇ ਕੌਮ ਦੇ ਲੋਕਾਂ ਵਲੋਂ ਆਪਣੀਆਂ ਕੌਮੀ ਤੇ ਮੁਲਕ ਨਾਲ ਮੁਹੱਬਤ (ਮੁਲਕ ਪ੍ਰਸਤੀ) ਦੇ ਜਜ਼ਬਾਤ ਦਾ ਇਜ਼ਹਾਰ ਕਰੇ। ਇਹ ਤਰਾਨਾ ਆਮ ਤੌਰ 'ਤੇ ਅਵਾਮੀ ਮਹਿਫ਼ਲਾਂ ਨੂੰ ਸ਼ੁਰੂ ਕਰਨ ਵੇਲੇ ਪੜ੍ਹਿਆ ਜਾਂਦਾ ਹੈ ਕੌਮੀ ਤਰਾਨੇ ਵਿਚ ਆਪਣੀ ਕੌਮ ਦੀ ਸਿਆਸਤ ਦਾ ਐਲਾਨਨਾਮਾ ਛੁਪਿਆ ਹੁੰਦਾ ਹੈ।

ਬਰਤਾਨਵੀਂ ਤਾਜ ਦਾ ਕੌਮੀ ਤਰਾਨਾ :'God Save the King / Queen' ਹੈ। ਇੰਜ ਹੀ ਅਸਟਰੇਲੀਆ ਦਾ ਕੌਮੀ ਤਰਾਨਾ ਹੈ : Advance Australia Fair' । ਕਨੇਡਾ ਵਿਚ 'O Canada', ਸਾਂਝੇ ਯੂਰਪ ਵਿਚ 'Ode to joy' (ਸ਼ਿੱਲਰ ਦੀ ਲਿਖੀ ਹੋਈ), ਜਰਮਨ ਵਿਚ 'Deutschland Uber alles', ਹਿੰਦੂਆਂ ਦੀ 'ਬੰਦੇ ਮਾਤਰਮ' ਤੇ ਭਾਰਤ ਵਿਚ 'ਜਨ ਗਨ ਮਨ' ਕੌਮੀ ਤਰਾਨੇ ਹਨ।

ਕੁੱਝ ਸਿੱਖ ਮਹਿਫ਼ਲਾਂ, ਜਲਸਿਆਂ, ਦੀਵਾਨਾਂ, ਪਾਰਟੀਆਂ ਤੇ ਕਾਨਫਰੰਸਾਂ ਵਿਚ 'ਦੇਹ ਸ਼ਿਵਾ ਬਰ ਮੋਹਿ ਇਹ ਹੈ' ਦੇ ਕੌਮੀ ਤਰਾਨੇ ਵਜੋਂ ਸੁਣ ਕੇ ਮੈਨੂੰ ਹੈਰਾਨੀ ਹੋਈ। ਕੀ ਇਹ ਸਿੱਖਾਂ ਦਾ ਕੌਮੀ ਤਰਾਨਾ ਹੈ ? ਇਸ ਨੂੰ ਸਿੱਖਾਂ ਦੇ ਕੌਮੀ ਤਰਾਨੇ ਵਜੋਂ ਕਿਸ ਨੇ ਤੇ ਕਦੋਂ ਸ਼ੁਰੂ ਕੀਤਾ ? ਇਸ ਬਾਰੇ ਭਾਵੇਂ ਪੂਰੇ ਯਕੀਨ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਪਰ ਇਹ ਪਿਰਤ ੧੯੫੦ ਮਗਰੋਂ ਹੀ ਸ਼ੁਰੂ ਹੋਈ ਹੈ। ਹੋ ਸਕਦਾ ਹੈ ਕਾਫ਼ੀ ਮਗਰੋਂ ਸ਼ੁਰੂ ਹੋਈ ਹੋਵੇ। ਦਰਅਸਲ ਇਹ ਸਿੱਖਾਂ ਦਾ ਕੌਮੀ ਤਰਾਨਾ ਨਹੀਂ ਹੈ। ਇਸ ਨੂੰ ਸਭ ਤੋਂ ਪਹਿਲਾਂ ਸਿੱਖਾਂ ਨੇ ਨਹੀਂ ਗਾਇਆ ਬਲਕਿ ਰਾਸ਼ਟਰ ਸੇਇਮ ਸੇਵਕ ਸੰਘ (ਆਰ.ਐਸ.ਐਸ.) ਨੇ ਸ਼ੁਰੂ ਕੀਤਾ ਸੀ। ਸੰਘ ਵਾਲੇ ਹੋਰ ਵੀ ਕਈ ਗੱਲਾਂ ਇਹੋ ਜਿਹੀਆਂ ਕਰਦੇ ਹਨ ਤੇ ਸਿੱਖਾਂ ਨੂੰ ਆਪਣੀਆਂ ਮਹਿਫ਼ਲਾਂ ਵਿਚ ਮਹਿਮਾਨ ਵਜੋਂ ਬੁਲਾ ਕੇ ਆਪਣੇ ਪ੍ਰਚਾਰ ਨੂੰ ਫੈਲਾਇਆ ਕਰਦੇ ਹਨ। ਅਜਿਹਾ ਜਾਪਦਾ ਹੈ ਕਿ ਸਿੱਖਾਂ ਵਿਚ 'ਦੇਹ ਸ਼ਿਵਾ....' ਕੌਮੀ ਤਰਾਨੇ ਵਜੋਂ ਸੰਘ ਦੇ ਕਿਸੇ ਪੈਂਤੜੇ ਵਜੋਂ ਹੀ ਸ਼ੁਰੂ ਕਰਵਾਇਆ ਗਿਆ ਹੋਵੇ। ਪਰ ਇਹ ਵੀ ਹੋ ਸਕਦਾ ਹੈ ਕਿ ਕਿਸੇ ਸਿੱਖ ਨੇ ਅਣਭੋਲ ਹੀ ਸ਼ੁਰੂ ਕਰ ਦਿੱਤਾ ਹੋਵੇ।

ਕਿਸੇ ਵੀ ਕੌਮ ਦਾ ਕੌਮੀ ਤਰਾਨਾ ਆਪਣੇ ਮੁਲਕ, ਕੌਮ, ਹੋਮਲੈਂਡ ਦੀ ਸਿਆਸੀ ਖ਼ੁਦਮੁਖ਼ਤਿਆਰੀ, ਸਿਆਸੀ ਨਿਜ਼ਾਮ ਦੇ ਸੋਮੇ ਤੇ ਕੌਮ ਦੀ ਚੜ੍ਹਦੀ ਕਲਾ ਦੇ ਐਲਾਨਨਾਮੇ, ਤਖ਼ਤ ਦੀ ਤਰੱਕੀ ਤੇ ਲੰਬੀ ਉਮਰ ਦਾ ਜਜ਼ਬਾਤੀ ਇਜ਼ਹਾਰ ਸ਼ੁਕਰਾਨਾ ਤੇ ਅਰਦਾਸ ਹੋਇਆ ਕਰਦਾ ਹੈ। "ਦੇਹ ਸ਼ਿਵਾ..."ਸਿੱਖ ਕੌਮ ਦਾ, ਖਾਲਸੇ ਦਾ, ਕੌਮ ਦੇ ਸਿਆਸੀ ਐਲਾਨਨਾਮੇ ਦਾ, ਤਖ਼ਤ ਦਾ, ਬਾਕੀ ਕੌਮੀ ਤਰਾਨਿਆਂ ਵਾਂਗ, ਕੋਈ ਜ਼ਿਕਰ ਨਹੀਂ ਕਰਦਾ, ਇਸ ਵਿਚ

ਕੋਈ ਸ਼ੱਕ ਨਹੀਂ ਕਿ ਇਸ ਇਨ੍ਹਾਂ ਚਾਰ ਫ਼ਿਕਰਿਆਂ ਵਿਚ ਬਹੁਤਾ ਕੁਝ ਚੰਗਾ ਆਖਿਆ ਹੋਇਆ ਹੈ ਅਤੇ ਇਸ ਨੂੰ ਕੋਈ ਵੀ ਕੌਮ ਆਪਣੇ ਮੈਨੀਫੈਸਟੋ ਵਿਚ ਕਿਤੇ ਵੀ ਦਰਜ ਕਰ ਸਕਦੀ ਹੈ। ਪਰ ਇਹ ਸਿੱਖ ਕੌਮ ਦਾ ਕੌਮੀ ਤਰਾਨਾ ਨਹੀਂ ਹੈ। ਕਿਸੇ ਚੰਗੀ ਚੀਜ਼ ਦਾ ਗਾਉਣਾ ਪੜ੍ਹਨਾ ਵਧੀਆ ਗੱਲ ਹੈ ਪਰ ਬੁਨਿਆਦੀ ਨੁਕਤਿਆਂ ਦਾ ਭੁਲੇਖਾ ਜ਼ਰੂਰ ਦੂਰ ਹੋਣਾ ਚਾਹੀਦਾ ਹੈ।

ਫਿਰ ਸਿੱਖਾਂ ਦਾ 'ਕੌਮੀ ਤਰਾਨਾ' ਕਿਹੜਾ ਹੈ ? ਸਿੱਖਾਂ ਦਾ ਕੌਮੀ ਤਰਾਨਾ ਉਹ ਹੈ ਜੋ ਕੌਮ ਦੀ ਸਿਆਸੀ ਤਾਕਤ ਤੇ ਇਸ ਦੇ ਸੋਮੇ ਤੇ ਅਖ਼ਤਿਆਰ ਦਾ ਜ਼ਿਕਰ ਕਰਦਾ ਹੈ। ਇਹ ਕੌਮੀ ਤਰਾਨਾ ਸਿੱਖ ਮਿਸਲਾਂ ਵੇਲੇ ਵੀ ਅਤੇ ਅੰਗਰੇਜ਼ੀ ਹਕੂਮਤ ਦੀ ਸਰਪ੍ਰਸਤੀ ਕਬੂਲਣ ਮਗਰੋਂ ਵੀ ਸਿੱਖ ਰਿਆਸਤਾਂ ਵਿਚ ਪੜ੍ਹਿਆ ਜਾਂਦਾ ਸੀ। ਇਸ ਕੌਮੀ ਤਰਾਨੇ ਦੇ ਲਫ਼ਜ਼ ਇਹ ਹਨ :

ਦੇਗ ਓ ਤੇਗ ਓ ਫ਼ਤਹਿ ਓ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਪਟਿਆਲਾ, ਨਾਭਾ, ਫਰੀਦਕੋਟ, ਕਪੂਰਥਲਾ ਤੇ ਹੋਰ ਕਈ ਰਿਆਸਤਾਂ ਵਿਚ ਇਹ ਕੌਮੀ ਤਰਾਨਾ ਘੱਟੋ ਘੱਟ ੧੯੪੭ ਤਕ ਤਾਂ ਜ਼ਰੂਰ ਪੜ੍ਹਿਆ ਜਾਂਦਾ ਰਿਹਾ ਹੈ। ਪੁਰਾਣੇ ਕਈ ਰਿਕਾਰਡ ਇਸ ਦੀ ਗਵਾਹੀ ਦੇਂਦੇ ਹਨ। ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) ਵਿਚ ਸਫ਼ਾ ੧੧੬੫ 'ਤੇ ਇਸ ਦਾ ਜ਼ਿਕਰ ਹੈ।

ਸਿੱਖਾਂ ਵਿਚ ਇਸ ਨੂੰ ਹਰਦਿਲ ਅਜ਼ੀਜ਼ ਕਰਨ ਜਾਂ ਇਸ ਦੀ ਪਿਰਤ ਸ਼ੁਰੂ ਕਰਨ ਦੇ ਪਿਛੋਕੜ ਵਿਚ ਸ਼ਾਇਦ ਇਹੀ ਹੋਵੇ ਕਿ ਸਿੱਖਾਂ ਨੂੰ ਆਪਣੀ ਸਿਆਸੀ ਵਿਰਾਸਤ ਵਲੋਂ ਹਟਾਇਆ ਜਾਏ। ਅਣਭੋਲ ਹੀ ਸਿੱਖ ਇਸ ਪਿੱਛੇ ਲਗ ਵੀ ਤੁਰੇ ਸਨ। ਜੇਕਰ ਕੋਈ ਕੌਮ ਗ਼ਲਤੀ ਨਾਲ ਕੋਈ ਪਿਰਤ ਸ਼ੁਰੂ ਕਰ ਲਵੇ ਤਾਂ ਉਸ ਗ਼ਲਤ ਪਿਰਤ ਨੂੰ ਜਾਰੀ ਰੱਖਣ ਦੀ ਜ਼ਿੱਦ ਕਰਨ ਦੀ ਬਜਾਇ ਗ਼ਲਤੀ ਸਹੀ ਕਰ ਲੈਣਾ, ਸੂਝ ਵਾਲੀ ਗੱਲ ਹੁੰਦੀ ਹੈ। ਸਿੱਖ ਜਥੇਬੰਦੀਆਂ ਤੇ ਜਮਾਤਾਂ ਵਲੋਂ ਆਪਣੀ ਗ਼ਲਤੀ ਸਹੀ ਕਰਨਾ ਕੌਮੀ ਸੂਝ ਬੂਝ ਦੀ ਨਿਸ਼ਾਨੀ ਹੋਵੇਗੀ। ਅਜੇ ਸਿੱਖ ਕੌਮ 'ਚ ਹੋਰ ਵੀ ਕਈ ਬੁਨਿਆਦੀ ਭੁਲੇਖੇ ਹਨ, ਜੋ ਦੂਰ ਕਰਨੇ ਜ਼ਰੂਰੀ ਹਨ। ਜੇ ਸਾਰੇ ਉੱਲਮਾ ਚਾਹੁਣ ਤਾਂ ਸਭ ਮਸਲੇ ਤਕਰੀਬਨ ਹੱਲ ਹੋ ਸਕਦੇ ਹਨ।

* * *

ਸਿਰੋਪਾਓ

ਸਿਰੋਪਾ, ਸਿਰੋਪਾਓ, ਸਿਰੋਪਾਉ ਦਾ ਲਫ਼ਜ਼ੀ ਮਾਅਨਾ ਤਾਂ ਸਿਰ ਤੋਂ ਪੈਰ ਤੱਕ ਪਹਿਨਣ ਦੀ ਪੋਸ਼ਾਕ ਹੈ। ਪਰ ਸਿੱਖ ਡਿਕਸ਼ਨਰੀ ਵਿਚ ਇਸਦਾ ਮਾਅਨਾ ਹੈ ਕਿਸੇ ਨੂੰ 'ਪੰਥ ਦੀ ਸੇਵਾ ਕਰਨ ਬਦਲੇ' ਬਖ਼ਸ਼ਿਆ ਗਿਆ 'ਸਨਮਾਨ'। ਸਿਰੋਪਾਓ ਵੀ ਵਕਤ ਦੇ ਨਾਲ-ਨਾਲ ਅੱਡ-ਅੱਡ ਸ਼ਕਲ ਅਖ਼ਤਿਆਰ ਕਰਦਾ ਰਿਹਾ ਹੈ। ਜਿਥੇ ਇਹ ਪਹਿਲੋ-ਪਹਿਲ ਇਕ ਖ਼ੂਬਸੂਰਤ ਚੋਗਾ ਹੁੰਦਾ ਸੀ, ਉਹ ਬਦਲ ਕੇ ਦਸਤਾਰ ਤੇ ਕ੍ਰਿਪਾਨ ਦੀ ਸ਼ਕਲ ਅਖ਼ਤਿਆਰ ਕਰ ਗਿਆ। ਜਿਉਂ-ਜਿਉਂ ਸਿੱਖ ਪੰਥ ਦੀ ਲੀਡਰਸ਼ਿਪ ਸਿੱਖ ਉੱਲਮਾ, ਸਿੱਖ ਫ਼ਿਲਾਸਫ਼ੀ, ਸਿੱਖ ਤਰਜ਼ੇ-ਜ਼ਿੰਦਗੀ, ਸਿੱਖ ਰਹੁ-ਰੀਤਾਂ ਤੇ ਪਿਰਤਾਂ ਤੋਂ ਬੇਗਾਨਾ ਹੁੰਦੀ ਗਈ, ਤਿਉਂ-ਤਿਉਂ ਸਿਰੋਪਾਓ ਦੀ ਪਾਕੀਜ਼ਗੀ ਖ਼ਤਮ ਹੁੰਦੀ ਗਈ। ਦਰਬਾਰ ਸਾਹਿਬ ਜਾ ਕੇ ਸਿਰੋਪਾਉ ਬਾਰੇ ਬਹੁਤ ਅਜੀਬ ਜਿਹਾ ਅਹਿਸਾਸ ਹੋਇਆ ਕਰਦਾ ਹੈ। ਦਰਬਾਰ ਸਾਹਿਬ ਦੇ ਅੰਦਰ ਜੋ ਸ਼ਖ਼ਸ ੧੦੦ ਰੁਪਏ ਜਾਂ ਇਸ ਤੋਂ ਵੱਧ ਗੋਲਕ ਵਿਚ ਪਾਉਂਦਾ ਹੈ, ਉਸ ਨੂੰ ਕੁਝ ਗਜ਼ ਕਪੜਾ ਅਖੌਤੀ-ਸਿਰੋਪਾਓ ਵਜੋਂ ਤੇ ਪਤਾਸੇ ਦਿੱਤੇ ਜਾਂਦੇ ਹਨ ਪਰ ਘਟ ਚੜ੍ਹਾਵਾ ਚੜ੍ਹਾਉਣ ਵਾਲੇ ਨੂੰ ਪਤਾਸਾ ਜਾਂ ਫਿਰ ਕੁਝ ਵੀ ਨਹੀਂ ਦਿੱਤਾ ਜਾਂਦਾ। ਮੈਂ ਪਹਿਲੋਂ ਵੀ ਇਸ ਗ਼ਲਤ-ਪਿਰਤ ਬਾਰੇ ਲਿਖਿਆ ਸੀ। ਪਤਾ ਨਹੀਂ ਕਦੋਂ ਇਹ ਪਿਰਤ ਸ਼ੁਰੂ ਹੋਈ ਸੀ, (ਜੋ ਕਿ ਹੁਣ ਫਿਰ ਚਾਲੂ ਹੋ ਗਈ ਹੈ) ?

ਇੰਞ ਹੀ ਕਿਸੇ ਗੁਰੂ ਘਰ ਵਿਚ ਕਿਸੇ ਮਸ਼ਹੂਰ ਸਿਆਸੀ ਜਾਂ ਦੂਜੇ ਲੀਡਰ ਦੇ ਆਉਣ 'ਤੇ ਵੀ ਦਿੱਤਾ ਜਾਣ ਵਾਲਾ ਸਿਰੋਪਾਓ ਵੀ ਕਿਸੇ ਤਰ੍ਹਾਂ ਵੀ ਹੱਕ-ਬਜਾਨਬ ਨਹੀਂ ਹੋ ਸਕਦਾ। ਸਿਰੋਪਾਓ ਦੀ ਬਖ਼ਸ਼ਿਸ਼ ਤਾਂ 'ਪੰਥ ਦੀ ਸੇਵਾ ਕਰਨ ਬਦਲੇ' ਕੀਤੀ ਜਾਂਦੀ ਹੈ, ਨਾ ਕਿ ਇਸ ਕਰਕੇ ਕਿ ਫਲਾਣਾ ਸ਼ਖ਼ਸ ਵਜ਼ੀਰੇ-ਆਲ੍ਹਾ ਹੈ ਜਾਂ ਚੇਅਰਮੈਨ ਹੈ ਜਾਂ ਕੋਈ ਹੋਰ ਹੈ। 'ਸਨਮਾਨ ਕਰਨਾ' ਅੱਡ ਗੱਲ ਹੈ। ਪਰ ਗੁਰੂ ਘਰ 'ਚ ਫੇਰਾ ਪਾਉਣ ਵਾਲੇ ਨੂੰ "ਸਿਰੋਪਾਓ" ਦੇਣਾ ਗ਼ਲਤ ਹੈ। ਕਿਸੇ ਅਜਿਹੇ ਮਸ਼ਹੂਰ ਆਗੂ ਦੀ ਫੇਰੀ 'ਤੇ ਗੁਰੂ ਘਰ ਦੇ ਦਫ਼ਤਰ ਵਿਚ ਜਾਂ ਕਿਸੇ ਹਾਲ ਵਿਚ, ਕਿਸੇ ਹੋਰ ਤਰੀਕੇ ਨਾਲ ਉਹ ਸ਼ਖ਼ਸ, ਭਾਵੇਂ ਉਹ ਕੋਈ ਵੀ ਹੋਵੇ, ਕਿਸੇ ਵੀ ਕਿਸਮ ਦੇ ਇਸਤਕਬਾਲ ਨੂੰ ਭਾਵੇਂ ਗ਼ਲਤ ਨਾ ਮੰਨਿਆ ਜਾਵੇ ਪਰ ਸਿਰਫ਼ ਗੁਰਦੁਆਰੇ ਆਉਣ 'ਤੇ ਹਰ ਕੋਈ ਸਿਰੋਪਾਓ ਦਾ ਹੱਕਦਾਰ ਨਹੀਂ ਬਣ ਜਾਂਦਾ। ਇਸਤਕਬਾਲ ਉਸ ਦਾ ਕੀਤਾ ਜਾਂਦਾ ਹੈ ਜੋ ਉਹ ਜਗ੍ਹਾ ਦੀ ਸ਼ਾਨ ਵਧਾਉਣ ਆਇਆ ਹੋਵੇ। ਗੁਰੂ ਘਰ ਵਿਚ ਆਉਣ ਵਾਲਾ ਕੋਈ ਵੀ ਸ਼ਖ਼ਸ ਗੁਰੂ ਘਰ ਦੀ ਸ਼ਾਨ ਨਹੀਂ ਵਧਾ ਸਕਦਾ, ਬਲਕਿ ਇਹ ਉਸ ਦੀ ਖ਼ੁਸ਼ਕਿਸਮਤੀ ਹੈ ਕਿ ਉਸ ਨੇ ਗੁਰੂ ਘਰ ਦੇ ਅਤੇ ਸੰਗਤ ਦੇ ਦਰਸ਼ਨ ਕੀਤੇ ਹਨ। ਗੁਰੂ ਘਰ ਦੀ ਸ਼ਾਨ ਤਾਂ ਸਭ ਤੋਂ ਉਪਰ ਹੈ। ਸੋ ਸਿਰਫ਼ ਫੇਰੀ ਪਾਉਣ ਵਾਲੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦਿੱਤਾ ਗਿਆ ਅਖੌਤੀ ਸਿਰੋਪਾਓ ਅ-ਸਿੱਖ

ਕਾਰਵਾਈ ਹੈ। ਪਰ ਜੇ ਕਿਸੇ ਨੇ ਸੱਚ-ਮੁਚ ਕੋਈ ਪੰਥ ਦੀ ਬੇਹਤਰੀ ਵਾਸਤੇ ਕੀਤੀ ਹੋਵੇ ਤਾਂ ਅਜਿਹੇ ਸ਼ਖ਼ਸ ਨੂੰ ਸਿਰੋਪਾਓ ਦੇਣਾ ਮੁਨਾਸਿਬ ਕਾਰਵਾਈ ਜ਼ਰੂਰ ਹੋਵੇਗੀ। ਪਰ ਹਰ ਇਕ ਵਿਜ਼ਟਰ ਨੂੰ ਗੁਰੂ ਘਰ 'ਚ ਸਿਰੋਪਾਓ ਦੇਣਾ ਗ਼ਲਤ ਕਾਰਵਾਈ ਹੈ। ਉਂਜ ਇਸ ਦੇ ਬਦਲੇ ਵਿਚ (ਜੇ ਜ਼ਰੂਰੀ ਹੀ ਕੁਝ ਕਰਨਾ ਹੋਵੇ) ਤਾਂ ਗੁਰੂ ਘਰ ਦੇ ਦਫ਼ਤਰ ਵਿਚ ਕਿਤਾਬਾਂ ਦਾ ਸੈੱਟ, ਪੈੱਨ, ਮੋਮੈਂਟੋ ਵਗ਼ੈਰਾ ਦੇ ਦੇਣ ਨੂੰ ਅੱਡ ਕਿਸਮ ਦੀ ਜ਼ਰੂਰਤ ਮੰਨਿਆ ਜਾ ਸਕਦਾ ਹੈ।

ਸਿਰੋਪਾਓ ਕੀ ਹੋਵੇ ?

ਇਹ ਸੁਆਲ ਵੀ ਵਿਚਾਰ ਗੋਚਰਾ ਹੈ। ਅੱਜ ਤਕ ਬਹੁਤੀਆਂ ਜਗ੍ਹਾ ਤੇ ਦਸਤਾਰ ਤੇ ਕ੍ਰਿਪਾਨ ਦੇਣ ਦਾ ਰਿਵਾਜ ਹੈ। ਮੇਰਾ ਖ਼ਿਆਲ ਹੈ ਕਿ ਹਰ ਇਕ ਨੂੰ ਇਕੋ ਚੀਜ਼ ਸਿਰੋਪਾਓ ਵਜੋਂ ਨਹੀਂ ਦੇਣੀ ਚਾਹੀਦੀ। ਗ਼ੈਰ-ਸਿੱਖ ਨੂੰ ਇਸ ਦੀ ਬਜਾਏ ਮੋਮੈਂਟੋ, ਕਿਤਾਬਾਂ ਜਾਂ ਸਿੱਖ-ਮੁਲਕ ਦੀ ਕੋਈ ਖ਼ਾਸ ਚੀਜ਼ ਦਿੱਤੀ ਜਾਣੀ ਬੇਹਤਰ ਹੋਵੇਗੀ। ਇੰਜ ਹੀ ਕਿਸੇ ਲੇਖਕ ਦਾ ਇਸਤਕਬਾਲ ਕਰਨ ਵੇਲੇ ਕੀਮਤੀ ਪੈੱਨ, ਕਿਤਾਬਾਂ ਦੇਣਾ ਬੇਹਤਰ ਹੋਵੇਗਾ।

ਸਿਰੋਪਾਉ ਬਾਰੇ ਇਕ ਹੋਰ ਖ਼ਾਸ ਨੁਕਤਾ ਵੀ ਮੱਦੇ-ਨਜ਼ਰ ਰੱਖਣ ਦੀ ਜ਼ਰੂਰਤ ਹੈ। ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤਾਂ ਤੋਂ ਸਿਰੋਪਾਉ ਕਿਸੇ ਬਹੁਤ ਹੀ ਖ਼ਾਸ ਸੂਰਤ ਵਿਚ ਦੇਣੇ ਚਾਹੀਦੇ ਹਨ। ਜਿਨ੍ਹਾਂ ਨੇ ਪੰਥ ਦੀ ਬਹੁਤ ਵੱਡੀ ਸੇਵਾ ਕੀਤੀ ਹੋਵੇ, ਉਨ੍ਹਾਂ ਨੂੰ ਹੀ ਇਸ ਸੈਂਟਰ ਤੋਂ ਸਿਰੋਪਾਓ ਦੀ ਬਖ਼ਸ਼ਿਸ਼ ਹੋਣੀ ਚਾਹੀਦੀ ਹੈ। ਪਿੱਛੇ ਜਿਹੇ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾਓ ਇੰਜ ਦਿੱਤੇ ਜਾਂਦੇ ਰਹੇ ਹਨ (ਤੇ ਹੁਣ ਵੀ ਚਲ ਰਿਹਾ ਹੈ) ਜਿਵੇਂ ਕਿਸੇ ਪਾਰਟੀ ਦੇ ਦਫ਼ਤਰ 'ਚ ਆਏ ਮਹਿਮਾਨ ਦਾ ਇਸਤਕਬਾਲ ਕਰਨਾ ਹੋਵੇ। ਅਕਾਲ ਤਖ਼ਤ ਸਾਹਿਬ ਬਾਰੇ ਵਧੇਰੇ ਸੰਜੀਦਗੀ ਦੀ ਜ਼ਰੂਰਤ ਹੈ।

ਇਸੇ ਤਰ੍ਹਾਂ ਗ਼ੈਰ-ਸਿੱਖਾਂ ਮਰਹੱਟਿਆਂ, ਯੂ.ਪੀ. ਦੇ ਭਈਏ ਤੇ ਡੋਗਰਿਆਂ ਦੇ ਨਾਂ ਨਾਲ ਸਿੰਘ ਨਹੀਂ ਬਲਕਿ ਸਿੰਹ ਜਾਂ ਸਿੰਹੁ, ਲਿਖਣਾ ਚਾਹੀਦਾ ਹੈ। ੧੯੬੦ ਤੱਕ ਅਖ਼ਬਾਰਾਂ ਵਾਲੇ ਪੰਜਾਬੀ 'ਚ ਸਿੰਹ ਤੇ ਅੰਗਰੇਜ਼ੀ 'ਚ SINH ਲਿਖਦੇ ਸਨ। ਹੁਣ ਇਹ ਚੌਕਸੀ ਹੋਰ ਵੀ ਵਧ ਜ਼ਰੂਰੀ ਹੋ ਗਈ ਹੈ, ਕਿਉਂਕਿ ਬਾਹਰਲੇ ਮੁਲਕਾਂ 'ਚ ਇਹ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਕਿ ਵੀ.ਪੀ. ਸਿਹੁੰ, ਸਿੰਘ ਹੀ ਤਾਂ ਹੈ ਤੇ ਸਿੱਖਾਂ ਵਿਚੋਂ ਹੀ ਪਰਾਈਮ ਮਨਿਸਟਰ ਬਣਿਆ ਹੈ। ਇੰਜ ਹੀ ਕਰਨ ਸਿਹੁੰ (ਅਮਰੀਕਾ 'ਚ ਹਿੰਦ ਦਾ ਸਫ਼ੀਰ) ਵੀ ਇਹ ਫ਼ਰੇਬ ਕਰਦਾ ਰਿਹਾ ਹੈ ਕਿ ਮੈਂ ਸਿੱਖ ਹੀ ਹਾਂ। ਸਿੱਖਾਂ ਨੂੰ ਸੰਭਲ ਕੇ, ਇਸ ਚਾਲਾਕੀ ਦਾ ਜਵਾਬ ਦੇਣਾ ਚਾਹੀਦਾ ਹੈ। ਕਿਸੇ ਨੂੰ ਸਿਹੁੰ ਲਿਖ ਕੇ ਗ਼ਲਤ ਨਹੀਂ ਕੀਤਾ ਜਾਂਦਾ, ਬਲਕਿ ਦੋ ਮਜ਼ਹਬ ਅੱਡ ਅੱਡ ਦਸਣ ਵਾਸਤੇ ਇਹ ਵਾਜਬ ਵਖਰੇਵਾਂ ਹੋਵੇਗਾ। ਅੰਗਰੇਜ਼ਾਂ ਦੀਆਂ ਪੁਰਾਣੀਆਂ ਕਿਤਾਬਾਂ 'ਚੋਂ ਹਿੰਦੂਆਂ ਵਾਸਤੇ SINH ਹੀ ਮਿਲਦਾ ਹੈ।

✲ ✲ ✲

ਜੋ ਕਦੇ "ਗੁਰੂ ਦੀਆਂ ਲਾਡਲੀਆਂ ਫ਼ੌਜਾਂ" ਸਨ ਨਿਹੰਗ ਸਿੰਘ

ਨਿਹੰਗ ਸਿੰਘ ਲਫ਼ਜ਼ ਦੀ ਜੜ੍ਹ ਸੰਸਕ੍ਰਿਤ ਦੇ ਲਫ਼ਜ਼ 'ਨਿਹਸ਼ੰਕ' ਵਿਚ ਹੈ। ਇਸ ਦਾ ਮਾਅਨਾ ਹੈ : ਜਿਸ ਨੂੰ ਮੌਤ ਦਾ ਫ਼ਿਕਰ ਨਹੀਂ ; ਯਾਨੀ ਬਹਾਦੁਰ, ਦਲੇਰ, ਨਿਡਰ। ਸੰਸਕ੍ਰਿਤ ਵਿਚ ਇਕ ਹੋਰ ਲਫ਼ਜ਼ ਵੀ ਇਸੇ ਨਾਲ ਮਿਲਦਾ-ਜੁਲਦਾ ਮੌਜੂਦ ਹੈ। ਉਹ ਹੈ 'ਨਿਹਸੰਗ'। ਇਸ ਦਾ ਮਾਅਨਾ ਹੈ। ਨਿਰਲੇਪ, ਰੂਹਾਨੀ ਇਲਮ ਵਾਲਾ, ਪਹੁੰਚਿਆ ਹੋਇਆ, ਵਗ਼ੈਰਾ। ਸਿੱਖ ਕੌਮ ਦੇ ਜਿਸ ਹਿੱਸੇ ਨੂੰ ਨਿਹੰਗ ਆਖਿਆ ਜਾਂਦਾ ਹੈ ਉਹ ਸ਼ਾਇਦ ਪਹਿਲੇ ਲਫ਼ਜ਼ ਨਿਹਸੰਕ ਦੇ ਮਾਅਨਿਆਂ ਵਿਚ ਹੈ। ਨਿਹੰਗ, ਯਾਨਿ ਕਿ ਬਹਾਦੁਰ, ਦਲੇਰ, ਮੌਤ ਤੋਂ ਨਾ ਡਰਨ ਵਾਲਾ (ਉਂਞ, ਨਿਹੰਗ ਲਫ਼ਜ਼ ਦੇ ਕਈ ਮਾਅਨੇ ਹੋਰ ਵੀ ਹਨ)।

ਗੁਰੂ ਅਰਜਨ ਸਾਹਿਬ ਨੇ ਵੀ ਨਿਹੰਗ ਲਫ਼ਜ਼ ਦਾ ਇਸਤੇਮਾਲ ਕੀਤਾ ਹੈ; ਉਹ ਵੀ ਇਸੇ ਲਫ਼ਜ਼ ਦੇ ਮਾਅਨਿਆਂ ਨਾਲ ਮੇਲ ਖਾਂਦਾ ਹੈ:

ਨਿਰਭਉ ਹੋਇਓ ਭਇਆ ਨਿਹੰਗਾ ॥

(ਆਸਾ ਮ: ੫, ਸਫ਼ਾ ੩੯੨)

ਨਿਹੰਗਾਂ ਦੇ ਫ਼ਿਰਕੇ ਦਾ ਪਿਛੋਕੜ

ਨਿਹੰਗਾਂ ਦੇ ਫ਼ਿਰਕੇ ਦੀ ਸ਼ੁਰੂਆਤ ਬਾਰੇ ਵੱਖ ਵੱਖ ਲੇਖਕ ਵੱਖ ਵੱਖ ਵਿਚਾਰ ਦੇਂਦੇ ਹਨ। ਇਕ ਖ਼ਿਆਲ ਮੁਤਾਬਿਕ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ ਤਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਸੰਗਤਾਂ ਗੁਰੂ ਸਾਹਿਬ ਦੇ ਦੀਦਾਰੇ ਕਰਨ ਦੀ ਭੁੱਖ ਨਾਲ ਗਵਾਲੀਅਰ ਵੱਲ ਜਾਇਆ ਕਰਦੀਆਂ ਸਨ। ਉੱਥੇ ਪੁੱਜ ਕੇ ਇਹ ਸਾਰੀ ਸੰਗਤ ਜਲੂਸ ਦੀ ਸ਼ਕਲ ਵਿਚ ਗਵਾਲੀਅਰ ਦੇ ਕਿਲ੍ਹੇ ਦੀ ਪਰਿਕਰਮਾ ਕਰਿਆ ਕਰਦੀ ਸੀ। ਜਲੂਸ ਦੇ ਅੱਗੇ ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਚਲਿਆ ਕਰਦੇ ਸਨ। ਇਸ ਕਹਾਣੀ ਮੁਤਾਬਕ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਪੇਸ਼ੀਨਗੋਈ ਕੀਤੀ ਸੀ ਕਿ ਕੁਝ ਸਮਾਂ ਪਾ ਕੇ ਨਿਸ਼ਾਨਾਂ ਵਾਲਾ (ਫੱਰਰੇ ਵਾਲਾ) ਪੰਥ ਚਲੇਗਾ।

ਦੂਜੇ ਖ਼ਿਆਲ ਮੁਤਾਬਿਕ ਇਕ ਵਾਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦੇ ਵਿਲਾਸ ਕਰਦੇ ਹੋਏ ਸਿਰ 'ਤੇ ਦੁਮਾਲਾ ਸਜਾ ਕੇ ਗੁਰੂ ਸਾਹਿਬ ਦੇ ਹਜ਼ੂਰ ਆਏ। ਇਸ 'ਤੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਸ ਬਾਣੇ ਦਾ ਇਕ ਨਿਹੰਗ ਪੰਥ ਹੋਵੇਗਾ, ਜੋ ਬੜਾ ਮਸ਼ਹੂਰ ਹੋਵੇਗਾ।

ਤੀਜੇ ਖ਼ਿਆਲ ਮੁਤਾਬਿਕ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਆਏ ਤਾਂ ਉਨ੍ਹਾਂ ਨੇ ਇਸ ਮੌਕੇ 'ਤੇ ਉੱਚ ਦਾ ਪੀਰ ਵਾਲਾ ਕੌਤਕ ਵੀ ਕੀਤਾ। ਬਾਅਦ ਵਿਚ ਜਦੋਂ ਉਨ੍ਹਾਂ ਨੇ ਉੱਚ ਦਾ ਪੀਰ ਵਾਲਾ ਨੀਲਾ ਬਾਣਾ ਅੱਗ ਵਿਚ ਸਾੜਿਆ ਤਾਂ

ਉਸ ਦੀ ਇਕ ਨੀਲੀ ਲੀਰ ਕਟਾਰ ਦੇ ਨਾਲ ਬੰਨ੍ਹੀ। ਭਾਈ ਸੰਤੋਖ ਸਿੰਘ ਇਹ ਖ਼ਿਆਲ ਪੇਸ਼ ਕਰਦਿਆਂ ਆਖਦੇ ਹਨ ਕਿ ਇਥੋਂ ਹੀ ਨੀਲਾਂਬਰੀ ਸੰਪਰਦਾ ਸ਼ੁਰੂ ਹੋਈ।

ਸਗਲੇ ਫੂਕ ਚੁਕੇ ਨੀਲਾਂਬਰ
ਤਨਿਕ ਤਿਸੀ ਤੇ ਰਾਖ ਲਯਾ ॥
ਪੰਥ ਬੇਖ ਹਿਤ ਸਭਿਨ ਛਯਾ ॥

ਚੌਥੇ ਖ਼ਿਆਲ ਮੁਤਾਬਿਕ ਇਹ ਫ਼ਿਰਕਾ ਭਾਈ ਮਾਨ ਸਿੰਘ ਤੋਂ ਸ਼ੁਰੂ ਹੋਇਆ ਸੀ। ਇਸ ਖ਼ਿਆਲ ਵਾਲੇ ਲੋਕ ਕਹਿੰਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਕੋਟ ਕਪੂਰੇ ਤੋਂ ਢਿਲਵੀਂ ਪਹੁੰਚੇ ਤਾਂ ਸੋਢੀ ਕੌਲ ਆਪਣੇ ਚਾਰੇ ਪੁੱਤਰਾਂ (ਸੱਤਾ ਨੰਦ, ਹਰੀ ਨੰਦ, ਅਮਰੀਕ, ਬਨਵਾਲੀ) ਨਾਲ ਗੁਰੂ ਸਾਹਿਬ ਦੀ ਖ਼ਿਦਮਤ ਵਿਚ ਹਾਜ਼ਿਰ ਹੋਇਆ। ਉਨ੍ਹਾਂ ਦੀ ਅਰਜ਼ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਦੇ ਘਰ ਲੰਗਰ ਛਕਣਾ ਮਨਜ਼ੂਰ ਕੀਤਾ। ਸੋਢੀ ਕੌਲ ਦੇ ਘਰ ਇਸ਼ਨਾਨ ਮਗਰੋਂ ਜਦੋਂ ਗੁਰੂ ਜੀ "ਉੱਚ ਦਾ ਪੀਰ" ਵਾਲੇ ਨੀਲੇ ਬਸਤਰ ਪਾਉਣ ਲਗੇ ਤਾਂ ਕੌਲ ਜੀ ਨੇ ਅਰਜ਼ ਕੀਤੀ ਕਿ ਇਹ ਨੀਲੇ ਬਸਤਰ ਰਹਿਣ ਦਿਓ ਅਤੇ ਚਿੱਟੇ ਪਹਿਣ ਲਓ।

ਗੁਰੂ ਜੀ ਨੇ ਕੌਲ ਦੀ ਅਰਜ਼ ਮਨਜ਼ੂਰ ਕਰ ਕੇ ਚਿੱਟੇ ਬਸਤਰ ਪਹਿਣ ਲਏ ਅਤੇ ਨੀਲੇ ਬਸਤਰਾਂ ਨੂੰ ਪਾੜ ਪਾੜ ਕੇ ਅੱਗ ਵਿਚ ਸਾੜਨ ਲਗ ਪਏ। ਅਖ਼ੀਰ ਜਦੋਂ ਸਿਰਫ਼ ਇਕ ਲੀਰ ਰਹਿ ਗਈ ਤਾਂ ਉਹ ਲੀਰ ਭਾਈ ਮਾਨ ਸਿੰਘ ਨੇ ਗੁਰੂ ਸਾਹਿਬ ਦੇ ਹੱਥੋਂ ਫੜ ਲਈ ਤੇ ਆਪਣੀ ਦਸਤਾਰ ਵਿਚ ਗੁਰੂ ਸਾਹਿਬ ਦੀ ਨਿਸ਼ਾਨੀ ਵਜੋਂ ਟੰਗ ਲਈ। ਉਨ੍ਹਾਂ ਦੀ ਦਸਤਾਰ ਵਿਚ ਉਹ ਨੀਲੀ ਲੀਰ ਸੁਹਣੀ ਲਗ ਰਹੀ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਭਾਈ ਮਾਨ ਸਿੰਘ ਇਹ ਤੁਹਾਨੂੰ ਚੰਗੀ ਲਗਦੀ ਹੈ, ਇਸ ਨੂੰ ਰਖੋ, ਇਸ ਬਾਣੇ ਵਾਲੀ ਸੰਪਰਦਾ ਚਲੇਗੀ, ਜਿਹੜੀ ਨਿਹੰਗ ਅਖਵਾਏਗੀ। ਭਾਈ ਸੰਤੋਖ ਸਿੰਘ ਇਸ ਬਾਰੇ ਲਿਖਦੇ ਹਨ:

ਹੈ ਪ੍ਰਸੰਨ ਬਰ ਦੇਵਤ ਜੋਵੈ ॥ ਪੰਥ ਖਾਲਸੇ ਮੇਂ ਤਵ ਹੋਵੈ ॥
ਤੁਝ ਸਮ ਬੇਖ ਸੁਭਾਊ ਬਿਸਾਲੀ ॥ ਨਾਮ ਨਿਹੰਗ ਅਨੇਕ ਅਕਾਲੀ ॥

ਦਰ ਅਸਲ ਇਨ੍ਹਾਂ ਚੌਹਾਂ ਵਿਚੋਂ ਕੋਈ ਵੀ ਨੁਕਤਾ ਸਹੀ ਨਹੀਂ ਹੈ। ਦਸਤਾਰ ਵਿਚ ਫੱਰਰਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਹੀ ਸ਼ੁਰੂ ਹੋਇਆ ਸੀ। ੧੬ ਜਨਵਰੀ ੧੭੦੪ ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਭਾਈ ਮਾਨ ਸਿੰਘ ਨਿਸ਼ਾਨਚੀ (ਪੁੱਤਰ ਭਾਈ ਜੀਤਾ ਸਿੰਘ) ਨੀਲਾ ਨਿਸ਼ਾਨ ਸਾਹਿਬ ਚੁੱਕ ਕੇ ਅੱਗੇ ਹੋ ਕੇ ਲੜ ਰਹੇ ਸਨ। ਪਹਾੜੀ ਫ਼ੌਜਾਂ ਦੀ ਇਕ ਗੋਲੀ ਭਾਈ ਮਾਨ ਸਿੰਘ ਨੂੰ ਲੱਗੀ ਤੇ ਉਹ ਜ਼ਖ਼ਮੀ ਹੋ ਕੇ ਡਿਗ ਪਏ। ਇਸ ਦੇ ਨਾਲ ਹੀ ਨਿਸ਼ਾਨ ਸਾਹਿਬ ਵੀ ਜ਼ਮੀਨ 'ਤੇ ਡਿੱਗ ਪਿਆ। ਇਸ ਦੀ ਖ਼ਬਰ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਹੁੰਚੀ। ਗੁਰੂ ਸਾਹਿਬ ਨੇ ਉਸੇ ਵੇਲੇ ਆਪਣੀ ਛੋਟੀ ਦਸਤਾਰ (ਕੇਸਕੀ) ਵਿਚੋਂ ਇਕ ਲੀਰ ਪਾੜ ਕੇ ਦਸਤਾਰ ਵਿਚ ਲਗਾ ਲਈ ਤੇ ਐਲਾਨ ਕੀਤਾ ਕਿ ਅੱਗੇ ਤੋਂ ਲੜਾਈ ਵਿਚ ਸਿੱਖ ਆਪਣੀ ਦਸਤਾਰ ਵਿਚ ਨਿਸ਼ਾਨ ਸਾਹਿਬ "ਫੱਰਰਾ" ਵਾਂਗ ਸਜਾਇਆ ਕਰਨਗੇ।

ਗੁਰੂ ਸਾਹਿਬ ਨੂੰ ਵੇਖ ਕੇ ਭਾਈ ਉਦੈ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਆਲਮ ਸਿੰਘ ਨੇ ਵੀ ਆਪਣੀਆਂ ਕੇਸਕੀਆਂ ਵਿਚੋਂ ਲੀਰਾਂ ਪਾੜ ਕੇ ਦਸਤਾਰਾਂ ਵਿਚ ਸਜਾ ਲਈਆਂ। ਉਸ ਵੇਲੇ ਸਾਹਿਬਜ਼ਾਦਾ ਫ਼ਤਹਿ ਸਿੰਘ ਵੀ ਉੱਥੇ ਹਾਜ਼ਿਰ ਸਨ। ਉਨ੍ਹਾਂ ਨੇ ਵੀ ਆਪਣੀ ਦਸਤਾਰ ਵਿਚ ਇਕ ਫੱਰਰਾ ਸਜਾ ਲਿਆ। ਇਹ ਵੇਖ ਕੇ ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਨਿਸ਼ਾਨ ਸਾਹਿਬ ਵਾਲੇ ਨੀਲੇ ਬਾਣੇ ਦਾ ਜੱਥਾ ਪੰਥ ਵਿਚ ਬੜਾ ਮਸ਼ਹੂਰ ਹੋਵੇਗਾ। ਇੰਞ ਇਸ ਦਿਨ ਤੋਂ ਹੀ ਨਿਹੰਗ/ਅਕਾਲੀ ਦਾ ਜਨਮ ਮੰਨਿਆ ਜਾਂਦਾ ਹੈ।

ਨਿਹੰਗ ਸਿੰਘਾਂ ਮੁਤਾਬਕ "ਨਿਹੰਗ" ਸਿੰਘਾਂ ਦੇ ਪਹਿਲੇ ਜਥੇਦਾਰ ਸ੍ਰ: ਮਾਨ ਸਿੰਘ ਨਿਸ਼ਾਨਚੀ ਸਨ। ਉਨ੍ਹਾਂ ਤੋਂ ਬਾਅਦ ਬਾਬਾ ਬਿਨੋਦ ਸਿੰਘ ਤੇ ਬਾਬਾ ਬਿਨੋਦ ਸਿੰਘ ਤੋਂ ਬਾਅਦ ਵਿਚ ਬਾਬਾ ਦਰਬਾਰਾ ਸਿੰਘ (ਪੁੱਤਰ ਭਾਈ ਨਾਨੂੰ ਸਿੰਘ ਦਿਲਵਾਲੀ) ਜਥੇਦਾਰ ਬਣੇ। ਬਾਬਾ ਦਰਬਾਰਾ ਸਿੰਘ ਤੋਂ ਬਾਅਦ ਨਵਾਬ ਕਪੂਰ ਸਿੰਘ ਤੇ ਫਿਰ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੇ ਕਮਾਨ ਸਭਾਲੀ। ਇਸ ਤੋਂ ਬਾਅਦ ਬਾਬਾ ਨੈਣਾ ਸਿੰਘ ਅਕਾਲੀ ਫ਼ੌਜਾਂ ਦੇ ਮੁਖੀ ਬਣੇ। ਉਨ੍ਹਾਂ ਤੋਂ ਬਾਅਦ ਅਕਾਲੀ ਫੂਲਾ ਸਿੰਘ ਨੇ ਜਥੇਦਾਰੀ ਸੰਭਾਲੀ। ਆਪ ਤੋਂ ਬਾਅਦ ਭਾਈ ਹਨੂਮਾਨ ਸਿੰਘ ਆਗੂ ਬਣੇ। ਆਪ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਲੜਾਈਆਂ ਵਿਚ ਹਿੱਸਾ ਲਿਆ। ਉਸ ਮਗਰੋਂ ਆਪ ਦਾ ਜੱਥਾ ਪਟਿਆਲੇ ਵੱਲ ਆ ਗਿਆ। ਪਟਿਆਲੇ ਦਾ ਰਾਜਾ ਅੰਗਰੇਜ਼ਾਂ ਦਾ ਵਫ਼ਾਦਾਰ ਸੀ। ਇੱਥੇ ਪਟਿਆਲੇ ਦੇ ਰਾਜੇ ਕਰਮ ਸਿੰਘ ਦੀਆਂ ਫ਼ੌਜਾਂ ਨੇ ਹਮਲਾ ਕਰ ਕੇ ਇਸ ਜੱਥੇ ਦੇ ਬਹੁਤ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਇਨ੍ਹਾਂ ਵਿਚੋਂ ਬਚੇ ਹੋਏ ਸਿੰਘਾਂ 'ਤੇ ਘੁੜਾਮ ਵਿਚ ਹਮਲਾ ਹੋਇਆ। ਉਥੋਂ ਬਚ ਕੇ ਆਪ ਸੁਹਾਣਾ ਵੱਲ ਨਿਕਲ ਗਏ। ਇਥੇ ਫੇਰ ਲੜਾਈ ਹੋਈ ਜਿਸ ਵਿਚ ਆਪ ਸ਼ਹੀਦ ਹੋ ਗਏ।

ਹਨੂਮਾਨ ਸਿੰਘ ਤੋਂ ਮਗਰੋਂ ਜੱਥੇ ਦੀ ਵਾਗਡੋਰ ਬਾਬਾ ਪ੍ਰਹਿਲਾਦ ਸਿੰਘ ਨੇ ਸੰਭਾਲੀ। ਆਪ ਹਜ਼ੂਰ ਸਾਹਿਬ (ਨੰਦੇੜ) ਵਿਚ ਪੁਜਾਰੀਆਂ ਨਾਲ ਝੜਪਾਂ 'ਚ ਮਾਰੇ ਗਏ। ਇਸ ਤੋਂ ਬਾਅਦ ਬਾਬਾ ਗਿਆਨਾ ਸਿੰਘ ਨੇ ਕਮਾਨ ਸੰਭਾਲੀ। ਗਿਆਨਾ ਸਿੰਘ ਤੋਂ ਮਗਰੋਂ ਸ: ਤੇਜਾ ਸਿੰਘ ਜਥੇਦਾਰ ਬਣੇ। ਇਸ ਜੱਥੇ 'ਚੋਂ ਸ: ਤਾਪਾ ਸਿੰਘ ਵੱਖਰਾ ਹੋ ਕੇ ਛਛਰੌਲੀ ਚਲਾ ਗਿਆ ਅਤੇ ਉੱਥੇ ਹੀ ਰਹਿਣ ਲਗ ਪਿਆ। ਇਸ ਤੋਂ ਸ: ਸਾਹਿਬ ਸਿੰਘ ਕਲਾਧਾਰੀ ਤੇ ਫੇਰ ਸ: ਚੇਤ ਸਿੰਘ ਜਥੇਦਾਰ ਬਣਿਆ। ਬਾਬਾ ਚੇਤ ਸਿੰਘ ਤੋਂ ਮਗਰੋਂ ਸੰਤਾ ਸਿੰਘ ਮੁਖੀ ਬਣਿਆ। ਉਹ ਇੰਦਰਾ ਗਾਂਧੀ ਦੇ ਏਨਾ ਨੇੜੇ ਹੋ ਗਿਆ ਕਿ ਉਸ ਦੀ ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਵੀ ਸ਼ੁਰੂ ਹੋ ਗਈ। ਉਸ ਨੂੰ ੧੯੮੪ ਵਿਚ ਪੰਥ ਵਿਚੋਂ ਖਾਰਿਜ ਕਰ ਦਿਤਾ ਗਿਆ। ਇਸ ਮਗਰੋਂ ਦਲ ਨੇ ਬਾਬਾ ਕਾਹਨ ਸਿੰਘ ਨੂੰ ਬੁੱਢਾ ਦਲ ਦਾ ਜਥੇਦਾਰ ਮੰਨਣਾ ਸ਼ੁਰੂ ਕਰ ਦਿੱਤਾ। ਕਾਹਨ ਸਿੰਘ ਦਾ ਮਗਰੋਂ ਹਜ਼ੂਰ ਸਾਹਿਬ 'ਚ ਕਤਲ ਹੋ ਗਿਆ।

ਨਿਹੰਗਾਂ ਵਿਚ ਦੂਜਾ ਜੱਥਾ ਤਰੁਣਾ ਦਲ ਦਾ ਸੀ। ਇਸ ਦੀ ਕਮਾਨ ਬਾਬਾ ਦੀਪ ਸਿੰਘ ਕੋਲ ਸੀ। ਉਹ ਆਪਣੇ ਜੱਥੇ ਦੇ ਆਗੂ ਬਾਬਾ ਦੀਪ ਸਿੰਘ, ਬਾਬਾ ਸੁਧਾ ਸਿੰਘ, ਬਾਬਾ ਕਰਮ ਸਿੰਘ, ਬਾਬਾ ਗੁਲਾਬ ਸਿੰਘ, ਬਾਬਾ ਸਾਧੂ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ

ਬਿਸ਼ਨ ਸਿੰਘ ਤੇ ਬਾਬਾ ਕੀਰਤਨ ਸਿੰਘ ਨੂੰ ਮੰਨਦੇ ਹਨ। ਤਰੁਣਾ ਦਲ ਦੇ ਇਕ ਮੁਖੀ ਪਾਉਂਟਾ ਸਾਹਿਬ ਵਿਚ ੨੨ ਮਈ ੧੯੬੪ ਦੇ ਦਿਨ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਜਗ੍ਹਾ ਬਾਬਾ ਨਿਹਾਲ ਸਿੰਘ ਆਗੂ ਹਰੀਆਂ ਵੇਲਾਂ ਵਾਲੇ ਬਣੇ। ਬਾਬਾ ਨਿਹਾਲ ਸਿੰਘ ਬੜੇ ਖਾੜਕੂ ਤੇ ਦਲੇਰ ਆਗੂ ਹਨ।

ਨਿਹੰਗ ਸਿੰਘਾਂ ਵਿਚੋਂ ਬੜੇ ਬੜੇ ਆਗੂ ਹੋਏ ਹਨ ਪਰ ਜੋ ਸ਼ਾਨ ਬਾਬਾ ਨੈਣਾ ਸਿੰਘ ਅਤੇ ਅਕਾਲੀ ਫੂਲਾ ਸਿੰਘ ਨੇ ਹਾਸਿਲ ਕੀਤੀ ਉਹ ਮੁਕਾਮ ਫੇਰ ਹਾਸਿਲ ਨਹੀਂ ਕੀਤਾ ਜਾ ਸਕਿਆ।

ਅਕਾਲੀ ਫੂਲਾ ਸਿੰਘ ਨੇ (ਮਹਾਰਾਜਾ) ਰਣਜੀਤ ਸਿੰਘ ਨੂੰ ਉਹ ਸਾਰੇ ਇਲਾਕੇ ਜਿੱਤ ਕੇ ਦਿੱਤੇ ਜੋ ਸਭ ਤੋਂ ਔਖੇ ਮੋਰਚੇ ਸਨ। ਡੋਗਰਿਆਂ ਤੇ ਹੋਰਨਾਂ ਦੀ ਸਾਜਿਸ਼ ਹੇਠ ਅਕਾਲੀ ਜੀ ੧੪ ਮਾਰਚ ੧੮੨੩ ਦੇ ਦਿਨ ਸ਼ਹੀਦ ਹੋ ਗਏ।

ਅਕਾਲੀ ਜੀ ਦੀ ਛਾਵਣੀ ਅੰਮ੍ਰਿਤਸਰ ਵਿਚ ਸੀ ਜਿਸ ਵਿਚ ਹਰ ਵੇਲੇ ੧੨੦੦ ਘੋੜ ਸਵਾਰ ਤੇ ੧੯੦੦ ਪੈਦਲ ਹੋਇਆ ਕਰਦੇ ਸਨ। ਰਣਜੀਤ ਸਿੰਘ ਨੇ ਇਸ ਦੇ ਨਾਂ ਜਾਗੀਰ ਲਾਈ ਹੋਈ ਸੀ। ਇਹ ਛਾਵਣੀ ਅੱਜ ਵੀ ਮੌਜੂਦ ਹੈ।

ਨਿਹੰਗ ਸਿੰਘਾਂ ਦਾ ਹਸ਼ਰ:

ਜਦੋਂ ਪੰਜਾਬ ਵਿਚ ਰਣਜੀਤ ਸਿੰਘ ਤੇ ਬਾਕੀ ਸਿੱਖ ਰਾਜਿਆਂ ਦੀਆਂ ਰਿਆਸਤਾਂ ਪੱਕੇ ਪੈਰੀਂ ਹੋ ਗਈਆਂ ਤਾਂ ਨਿਹੰਗਾਂ ਵਾਸਤੇ ਜਾਗੀਰਾਂ ਲਗ ਗਈਆਂ। ਨਿਹੰਗਾਂ ਦਾ ਰਸਦ ਪਾਣੀ ਇਨ੍ਹਾਂ ਰਿਆਸਤਾਂ ਵਿਚੋਂ ਆਉਣ ਲਗ ਪਿਆ। ਇਸ ਨਾਲ ਕਈ ਨਿਹੰਗ ਨਸ਼ਾ ਵੀ ਕਰਨ ਲਗ ਪਏ। ਕੁਝ ਨਿਹੰਗ ਤਾਂ ਘੋੜਿਆਂ ਨੂੰ ਵੀ ਨਸ਼ਾ ਕਰਵਾਉਣ ਲਗ ਪਏ। ਇਸ ਵਜ੍ਹਾ ਕਰ ਕੇ ਕੁਝ ਜੱਥੇ, ਇਨ੍ਹਾਂ ਰਾਜਿਆਂ ਵਲੋਂ ਇਤਨੀ ਖੁਲ੍ਹ ਤੇ ਆਯਾਸ਼ੀ ਮਿਲਣ ਕਰ ਕੇ, ਨਾਅਹਿਲ ਹੋ ਗਏ। ਇਸੇ ਕਰ ਕੇ ਗੁਰਦੁਆਰਾ ਸੁਧਾਰ ਲਹਿਰ ੧੯੨੦-੨੬ ਤਕ ਅਤੇ ਇਸ ਤੋਂ ਪਹਿਲਾਂ ਵੀ ਗੁਰਦੁਆਰਿਆਂ ਦੀ ਨਿੱਘਰੀ ਹਾਲਤ ਵੇਲੇ ਨਿਹੰਗ ਸਿੰਘਾਂ ਨੇ ਪੰਥ ਨੂੰ ਕੋਈ ਦੇਣ ਨਹੀਂ ਦਿੱਤੀ। ਕੋਈ ਟਾਵਾਂ ਟਾਵਾਂ ਗਰੁਪ ਹੀ ਪੰਥ ਦੇ ਨਾਲ ਜੁੜਿਆ। ਇੰਞ ਹੀ ਅਜੋਕੀ ਜੱਦੋ-ਜਹਿਦ (੧੯੭੮ ਤੋਂ ਬਾਅਦ) ਵਿਚ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੂੰ ਛੱਡ ਕੇ ਬਾਕੀ ਦੇ ਨਿਹੰਗ ਭੰਗ ਦੀ ਮੌਜ ਵਿਚ ਪੰਥ ਨੂੰ ਭੁਲ ਗਏ ਹਨ।

ਨਿਹੰਗਾਂ ਦੇ ਬੋਲੇ:

ਨਿਹੰਗ ਸਿੰਘਾਂ ਨੇ ਅਠਾਰਵੀਂ ਸਦੀ ਵਿਚ ਆਪਣੀ ਵਿਲੱਖਣ ਬੋਲੀ ਵੀ ਘੜ ਲਈ ਸੀ। ਇਸ ਬੋਲੀ ਨੂੰ ਗੜਗੱਜ ਬੋਲੇ ਵੀ ਆਖਿਆ ਜਾਂਦਾ ਸੀ। ਇਨ੍ਹਾਂ ਬੋਲਿਆਂ ਦੇ ਪਿਛੋਕੜ ਵਿਚ ਜਿਥੇ ਖ਼ੁਫ਼ੀਆ ਬੋਲੀ ਦੀ ਜ਼ਰੂਰਤ ਇਕ ਵਜ੍ਹਾ ਮੰਨੀ ਜਾਂਦੀ ਹੈ, ਉੱਥੇ ਸਿੰਘਾਂ ਵਿਚ ਚੜ੍ਹਦੀ ਕਲਾ ਦਾ ਅਹਿਸਾਸ ਵੀ ਇਸ ਦਾ ਪਿਛੋਕੜ ਮੰਨਿਆ ਜਾਂਦਾ ਹੈ। ਜਿਵੇਂ ਕਿ ਇਕ ਸਿੰਘ ਨੂੰ ਸਵਾ ਲੱਖ ਆਖਣਾ। ਜਿੱਥੇ ਇਹ ਜੱਥੇ ਦੀ ਖ਼ੁਫ਼ੀਆ ਬੋਲੀ ਹੈ, ਉੱਥੇ ਇਸ ਵਿਚ ਚੜ੍ਹਦੀ ਕਲਾ ਵੀ। ਅੱਜ ਵੀ ਇਸੇ ਚੜ੍ਹਦੀ ਕਲਾ ਸਦਕਾ ਇਕ ਇਕ ਸਿੰਘ (ਸਹੀ ਸਿੰਘ) ਸਵਾ ਲਖ ਦੇ ਬਰਾਬਰ ਦਾ ਜਿਗਰਾ ਰਖਦਾ ਹੈ।

ਸਿੰਘਾਂ ਦੇ ਇਨ੍ਹਾਂ ਬੋਲਿਆਂ ਦੀ ਤਾਦਾਦ ਕੋਈ ੧੦੦੦ ਦੇ ਕਰੀਬ ਸੀ। ਇਨ੍ਹਾਂ ਵਿਚੋਂ ਕਾਫ਼ੀ ਬੋਲੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਕੱਠੇ ਕੀਤੇ ਸੀ। ਇਨ੍ਹਾਂ ਵਿਚੋਂ ਕੁਝ ਹੇਠ ਲਿਖੇ ਹਨ:

(ਤਰਤੀਬ ਹਰਫ਼ਵਾਰ)

ਉਜਾਗਰੀ............................ਲਾਲਟੈਣ
ਅਕਲਦਾਨ............................ਸੋਟਾ
ਅੜੰਗ ਬੜੰਗ ਹੋਣਾ....................ਸੌਣਾ
ਅੰਮ੍ਰਿਤੀ............................ਸਲੂਣੀ ਕੜ੍ਹੀ
ਇਕ ਟੰਗੀ ਬਟੇਰਾ....................ਬੈਂਗਣ
ਇੰਦਰਾਣੀ............................ਹਵਾ
ਸ਼ਹੀਦੀ ਦੇਗ..........................ਮਿਠੀ ਭੰਗ ਦੀ ਦੇਗ
ਸਦਾ ਗੁਲਾਬ..........................ਕਿੱਕਰ, ਬਬੂਲ
ਸਮੁੰਦਰ..............................ਦੁੱਧ
ਸਲੋਤਰ..............................ਮੋਟਾ ਡੰਡਾ
ਸਵਾਇਆ..............................ਥੋੜਾ ਘਟ
ਸਵਾ ਲਖ..............................ਇਕ
ਸ਼ਿਕਾਰੀ..............................ਪਰ-ਨਾਰੀ ਗਾਮੀ
ਸਿਰਗੁੰਮ..............................ਜਿਸ ਨੇ ਅੰਮ੍ਰਿਤ ਛਕ ਕੇ ਕੇਸ ਮੁਨਾਏ
ਸਿਰਘਸਾ..............................ਮੋਨਾ
ਸਿਰਜੋੜ..............................ਗੁੜ
ਸੁਖਨਿਧਾਨ..........................ਭੰਗ
ਸੁਚੇਤਾ..............................ਝਾੜਾ
ਸੂਬੇਦਾਰ..............................ਝਾੜੂ ਦੇਣ ਵਾਲਾ
ਸੂਰਮਾ................................ਅੰਨ੍ਹਾ
ਸੋਧਾ ਦੇਣਾ..........................ਮਾਂਜਣਾ
ਸੰਖੀ..................................ਮਾਸ ਦੀ ਹੱਡੀ
ਹੱਥ ਸੁਚੇਤ ਕਰਨੇ....................ਹੱਥ ਧੋਣੇ
ਹਰਨ ਹੋਣਾ..........................ਦੌੜ ਜਾਣਾ
ਹਰਾ ਕਰਨਾ..........................ਸੁਕਾਉਣਾ
ਹੋਲਾ ਖੇਡਣਾ........................ਜੰਗ ਕਰਨਾ
ਕੱਚਾ ਪਿਲਾ..........................ਸਿੱਖੀ ਵਿਚ ਅਧੂਰਾ, ਢਿੱਲਾ

ਕੱਚੀ ਬਾਣੀ .... ਗੁਰਬਾਣੀ ਤੋਂ ਬਿਨਾਂ ਹੋਰ ਸਭ
ਕੱਟਾ .... ਹਾਥੀ
ਕਾਜਾ .... ਭੁਖਾ (ਕਾਜਾ ਖੋਹਲਣਾ-ਲੰਗਰ ਛਕਣਾ)
ਕਾਜੀ .... ਮੁਰਗਾ
ਕਾਣਾ .... ਤੁਰਕ, ਮੁਸਲਮਾਨ
ਕਾਬਲੀ ਕੁੱਤਾ .... ਅਬਦਾਲੀ
ਕੁਤਬਦੀਨ .... ਕੁੱਤਾ
ਖੱਸੀ ਫ਼ੌਜ .... ਔਰਤਾਂ ਦਾ ਟੋਲਾ
ਖਾਰ ਸਮੁੰਦਰ .... ਲੱਸੀ, ਛਾਛ
ਖੁਰਮ .... ਬੇਰ
ਖੋਤੀ .... ਚਿਲਮ
ਖੰਡ .... ਸੁਆਹ, ਭਸਮ
ਖੁਸ਼ਕ ਪੁਲਾਓ .... ਭੁੰਨੇ ਦਾਣੇ
ਗੱਫਾ ਲਾਉਣਾ .... ਰੱਜ ਕੇ ਲੰਗਰ ਛਕਣਾ
ਗਧੀ .... ਹੁੱਕਾ
ਗੁੱਦੜ .... ਦੁੱਧ ਦੀ ਮਲਾਈ
ਗੁਪਾਲ ਲੱਡੂ .... ਅੰਡੇ
ਗੁਬਿੰਦੀਆਂ .... ਗਾਜਰਾਂ
ਗੁਬਿੰਦੇ .... ਖਰਬੂਜ਼ੇ
ਗੰਗਾ ਜਲ .... ਸ਼ਰਾਬ
ਘਾਲਾ ਮਾਲਾ .... ਬਿਨਾਂ ਫੈਸਲਾ ਕੀਤੇ ਗੱਲ ਨੂੰ ਟਾਲਣਾ
ਚਤੌੜਗੜ੍ਹ ਤੋੜਨਾ .... ਪਿਸ਼ਾਬ ਕਰਨਾ
ਚਾਂਦਨੀ ਪੁਲਾਓ .... ਜੁਆਰ ਦੀ ਰੋਟੀ
ਚਿਮਨੀ ਬੇਗਮ .... ਅਫੀਮ
ਚੀਤਾ ਭਜਾਉਣਾ .... ਪਿਸ਼ਾਬ ਕਰਨਾ
ਚੁਗਲ .... ਪੋਸਤ ਦੇ ਡੋਡੇ
ਚੁਪ .... ਖੰਡ
ਚੂਨਾ .... ਆਟਾ
ਚੋਬਚੀਨੀ .... ਲਾਲ ਮਿਰਚਾਂ
ਚੌਥਾ .... ਲੂਣ
ਚੌਬਾਰੇ ਚੜ੍ਹਿਆ .... ਬੋਲਾ
ਛੱਰਰਾ ਛਡਣਾ .... ਖੜੇ ਖੜੇ ਪਿਸ਼ਾਬ ਕਰਨਾ
ਛਾਲ ਮਾਰਨੀ .... ਡਿਗ ਪੈਣਾ

ਛਿੱਲੜ .... ਰੁਪਿਆ
ਛੇਵਾਂ .... ਤੇਲ
ਜਹਾਜ਼ .... ਗੱਡਾ
ਜਗਤ ਜੂਠ .... ਹੁੱਕਾ
ਜਲਤੋਰੀ .... ਮੱਛੀ
ਜਲੇਬੀ .... ਜੰਡੀ ਦੀ ਫਲੀ
ਟੇਢ ਗਿਆਨ .... ਲੇਟਣਾ
ਡਲਾ .... ਸੂਰ ਦੇ ਮਾਸ ਦੀ ਬੋਟੀ
ਡਾਇਣ .... ਦੌਲਤ
ਤਰ ਪੁਲਾਉ .... ਖ਼ੁਸ਼ਕ ਰੋਟੀ
ਤੁਰਕਣੀ ਨਾਲ ਯੁੱਧ .... ਮੁਸਲਮਾਨੀ ਭੋਗਣਾ
ਥਾਣੇਦਾਰ .... ਗਧਾ
ਦੇਗ .... ਲੰਗਰ
ਧਰਮਰਾਜ ਦੀ ਧੀ .... ਨੀਂਦਰ
ਪਰਸਾ .... ਜਲ
ਪਰਸ਼ਾਦਾ ਫਟੜ ਕਰਨਾ .... ਰੋਟੀ ਭੰਨਣੀ
ਪਰੀ .... ਭੇਡ਼
ਪੰਜ ਇਸ਼ਨਾਨਾ .... ਹੱਥ, ਪੈਰ, ਮੂੰਹ ਧੋਣਾ
ਪੰਜੱਖਾ .... ਕਾਣਾ
ਪੰਜ ਰਤਨਾ .... ਗਾਜਰ, ਮੂਲੀ, ਸ਼ਲਗਮ, ਬੈਂਗਣ, ਕਦੂ ਮਿਲਾ ਕੇ ਸਲੂਣਾ ਬਣਾਉਣਾ
ਪੰਜਵਾਂ .... ਘਿਉ
ਬਸਾਵਾ .... ਤਵਾ
ਬਸੰਤ ਕੌਰ .... ਮੱਕੀ
ਬਦਾਮ .... ਚਨੇ, ਛੋਲੇ
ਬ੍ਰਾਮਣ .... ਪਿੱਪਲ
ਬ੍ਰਾਮਣੀ .... ਖੀਰ, ਤਸਮਈ
ਬਿਖਯਾ .... ਤੰਮਾਕੂ
ਬੁਧ ਅਵਤਾਰ .... ਲੂਲ੍ਹਾ, ਟੁੰਡਾ
ਬੂੰਦੀ .... ਉਬਲੀ ਕਣਕ, ਮੱਕੀ
ਬ੍ਰਹਮਰਸ .... ਗੰਨਾ, ਰਹੁ
ਭਾਜਾ .... ਸਬਜ਼ੀ
ਭੂਤਨੀ .... ਰੇਲ ਗੱਡੀ

ਭੂਤਨੀ .... ਹਨੇਰੀ, ਝੱਖੜ
ਮਸਤ ਜਾਣਾ .... ਘਟ ਜਾਣਾ, ਮੁਕ ਜਾਣਾ
ਮਸਾਲਾਂ .... ਲਕੜਾਂ, ਬਾਲਣ
ਮਰਚੋਂਨਾ .... ਕਾਲੀਆਂ ਮਿਰਚਾਂ
ਮਲਿਕਾ .... ਬਿੱਲੀ
ਮਾਰੂ ਗਾਉਣਾ .... ਰੋਣਾ ਪਿੱਟਣਾ
ਮਿਠਾਈ .... ਸ਼ਕਰ ਕੰਦੀ
ਮੂੰਹਤਾਣੀ .... ਕੈਂਚੀ
ਰਾਮਜੰਗਾ .... ਬੰਦੂਕ
ਰਾਮ ਲਡੂ .... ਮਤੀਰਾ
ਰੁਪਾ .... ਪਿਆਜ਼, ਗੰਢਾ
ਰੱਜੀ .... ਕੜਛੀ
ਰਣ ਸਿੰਘਾ ਵਜਾਉਣਾ .... ਪੱਦ ਮਾਰਨਾ
ਰੂਪ ਕੌਰ .... ਕਾੜ੍ਹਨੀ
ਲਖ ਨੇਤਰਾ .... ਕਾਣਾ
ਲਵੇਰਾ .... ਅਣ-ਦਾੜ੍ਹੀਆ
ਲੰਡੀ ਬੁਚੀ .... ਸ਼ਰਾਰਤੀ ਲੋਕ
ਵਹੀਰ ਪਾਉਣਾ .... ਕੂਚ ਕਰਨਾ (ਚਲਾਣਾ ਕਰਨਾ ਵੀ)

✲ ✲ ✲

ਸਿੱਖ ਸਿਆਸੀ ਫ਼ਿਲਾਸਫ਼ੀ

ਜਿਵੇਂ ਸਿੱਖ ਤਵਾਰੀਖ਼ ਨਾਲ ਬੇਇਨਸਾਫ਼ੀ ਕੀਤੀ ਗਈ ਹੈ, ਉਸੇ ਤਰ੍ਹਾਂ ਹੀ, ਸਿੱਖ ਸਿਆਸਤ ਵਿਚ ਵੀ ਚੋਖਾ ਰੋਲ ਘਚੋਲਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਹੁਤ ਸਾਰੇ ਭੋਲੇ ਸਿੱਖ ਵੀ ਇਸੇ ਬੇਈਮਾਨੀ ਦਾ ਭੋਲੇ-ਭਾਅ ਸ਼ਿਕਾਰ ਹੁੰਦੇ ਰਹੇ ਹਨ। ਸਿੱਖ ਸਿਆਸੀ ਨਿਜ਼ਾਮ ਨੂੰ ਕਈਆਂ ਨੇ "ਮਜ਼ਹਬ ਤੇ ਸਿਆਸਤ ਦਾ ਮਿਲਗੋਭਾ" ਆਖਿਆ ਹੈ। ਕਈਆਂ ਨੇ ਇਸ ਨੂੰ ਮਜ਼ਹਬੀ ਹਕੂਮਤ ਦਾ ਦਰਜਾ ਦਿੱਤਾ। ਕਈਆਂ ਨੇ ਤਾਂ ਇਸ ਨੂੰ "ਮਾਰਸ਼ਲ ਨਿਜ਼ਾਮ" ਵਜੋਂ ਵੀ ਪੇਸ਼ ਕੀਤਾ ਹੈ। ਇਹ ਸਾਰਾ ਕੁਝ ਕਰਨ ਪਿੱਛੇ ਜਾਂ ਤਾਂ ਇਨ੍ਹਾਂ ਲੇਖਕਾਂ ਦੀ ਨਾਵਾਕਫ਼ੀ ਤੇ ਘੱਟ ਸੂਝ ਸੀ ਤੇ ਜਾਂ ਬਦਨੀਤੀ ਸੀ। ਕੁਝ ਵੀ ਹੋਵੇ ਰੋਲ ਘਚੋਲਾ ਬਥੇਰਾ ਪਿਆ ਰਿਹਾ ਹੈ।

ਸਿੱਖ ਸਿਆਸੀ ਨਿਜ਼ਾਮ ਦੀ ਫ਼ਿਲਾਸਫ਼ੀ ਵਿਚ ਰੂਹਾਨੀਅਤ ਵੀ ਹੈ, ਡੈਮੋਕਰੇਸੀ ਵੀ ਹੈ ਤੇ ਰਿਪਬਲਿਕਨਿਜ਼ਮ ਵੀ। ਇਹ ਸਾਰੇ ਅਵਾਮ ਦਾ ਸਾਂਝਾ, ਸਾਰੇ ਹਿੱਸਿਆਂ ਦੀ ਬਰਾਬਰਤਾ ਵਾਲਾ ਰੂਹਾਨਈਅਤ ਭਰਿਆ, ਆਪਣਾ ਨਿਜ਼ਾਮ ਹੈ। ਇਸ ਨਿਜ਼ਾਮ ਦੇ ਮੋਟੇ ਨੁਕਤੇ ੮ ਹਨ, ਜਿਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

ੳ) ਸੋਮੇ ਤੇ ਅਖ਼ਤਿਆਰ

ਅ) ਦਰਜਾ ਬੰਦੀ

ਸੋਮੇ ਤੇ ਅਖ਼ਤਿਆਰ ਵਿਚ ***ਗੁਰੂ ਗ੍ਰੰਥ ਸਾਹਿਬ *ਖਾਲਸਾ *ਗੁਰਮਤਾ** ਆਉਂਦੇ ਹਨ ਅਤੇ ਦਰਜਾਬੰਦੀ ਵਿਚ **ਅਕਾਲ ਤਖ਼ਤ ਸਾਹਿਬ, ਪੰਜ ਪਿਆਰੇ, ਸਰਬਤ ਖਾਲਸਾ, ਪੰਥ, ਸੰਗਤ** ਸ਼ਾਮਿਲ ਹਨ।

ਗੁਰੂ ਗ੍ਰੰਥ ਸਾਹਿਬ ਸਿੱਖ ਸਿਆਸਤ ਦਾ ਸਭ ਤੋਂ ਵੱਡਾ ਤੇ ਜ਼ਰੂਰੀ ਸੋਮਾ ਵੀ ਹੈ ਅਖ਼ਤਿਆਰ ਵੀ ਸਭ ਤੋਂ ਵਧ ਇਥੇ ਹੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਸਿਆਸਤ ਦਾ ਮੁੱਢਲਾ ਸ਼ਬਦ ਵੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ ਮਿਲਦਾ ਹੈ। (ਸਫ਼ਾ ੧੪੫, ੩੫੦, ੩੫੪, ੩੬੦, ੫੯੬, ੬੯੨, ੧੨੮੮)। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਗੁਰੂ ਸਾਹਿਬਾਨ ਦੀ ਤਵਾਰੀਖ਼ ਤੇ ਉਨ੍ਹਾਂ ਦੇ ਬਚਨਾਂ ਵਿਚ ਵੀ ਸਿੱਖ ਸਿਆਸਤ ਦਾ ਫ਼ਲਸਫ਼ਾ ਸਮਾਇਆ ਹੋਇਆ ਹੈ।

ਸਿੱਖ ਸਿਆਸਤ ਦਾ ਦੂਜਾ ਸੋਮਾ, 'ਖਾਲਸਾ' ਹੈ। ਕੁਝ ਲੇਖਕਾਂ ਨੇ ਇਸ ਦਾ ਮਤਲਬ 'ਖਾਲਸ' ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਕਈ ਭੋਲੇ ਸਿੱਖ ਇਸ ਮਾਅਨੇ ਦੇ ਪਿੱਛੇ ਹੋ ਤੁਰੇ, ਜਦ ਕਿ ਇਸ ਦਾ ਅਸਲ ਮਾਅਨਾ ਹੈ 'ਖ਼ੁਦਮੁਖ਼ਤਿਆਰ'। ਖਾਲਸਾ ਅਰਬੀ ਤੋਂ ਫ਼ਾਰਸੀ ਜ਼ੁਬਾਨ 'ਚ ਹੁੰਦਾ ਪੰਜਾਬੀ 'ਚ ਆਇਆ ਹੈ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਸਿਆਸੀ ਨਿਜ਼ਾਮ ਵਿਚ ਕਈ ਜ਼ਮੀਨਾਂ ਅਜਿਹੀਆਂ ਵੀ ਹੁੰਦੀਆ ਸਨ, ਜੋ ਸਿੱਧੀਆਂ ਬਾਦਸ਼ਾਹ ਦੇ

ਇੰਤਜ਼ਾਮ ਹੇਠ ਹੁੰਦੀਆਂ ਸਨ। ਉਸ ਵਿਚਕਾਰ ਸੂਬੇਦਾਰ, ਜਗੀਰਦਾਰ, ਚੌਧਰੀ, ਰਜਵਾੜੇ ਨਹੀਂ ਸੀ ਹੁੰਦੇ, ਬਾਦਸ਼ਾਹ ਹੇਠ ਸਿੱਧੀ ਜ਼ਮੀਨ ਨੂੰ 'ਖਾਲਸਾ' ਕਿਹਾ ਜਾਂਦਾ ਸੀ। ਯਾਨੀ ਉਹ ਜ਼ਮੀਨ ਜਿਸ ਉਤੇ ਕੋਈ ਹੱਕ ਨਹੀਂ ਰੱਖਦਾ ਤੇ ਸਿੱਧੀ ਹੀ ਬਾਦਸ਼ਾਹ ਨਾਲ ਜੁੜੀ ਹੋਈ ਹੈ। ਇੰਞ ਹੀ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਜ਼ਾਹਿਰ (ਪ੍ਰਗਟ) ਕੀਤਾ ਸੀ, ਤਾਂ ਉਨ੍ਹਾਂ ਇਸ ਨੂੰ "ਵਾਹਿਗੁਰੂ ਦਾ ਸਿੱਧਾ ਹਿੱਸਾ" ਬਣਾਇਆ ਸੀ–"ਖਾਲਸਾ ਵਾਹਿਗੁਰੂ ਜੀ ਦਾ", "ਖਾਲਸਾ ਅਕਾਲ ਪੁਰਖ ਕੀ ਫ਼ੌਜ, ਪਰਗਟਿਓ ਖਾਲਸਾ ਪਰਮਾਤਮ ਕੀ ਮੌਜ।" ਯਾਨੀ ਖਾਲਸਾ ਸਿੱਧਾ ਅਕਾਲ ਪੁਰਖ ਨਾਲ ਜੁੜਿਆ ਹੈ ਤੇ ਇਸ ਵਿਚਕਾਰ ਵਿਚੋਲਾ ਕੋਈ ਨਹੀਂ। ਅਕਾਲ ਪੁਰਖ ਦੀ ਚੀਜ਼ ਯਕੀਨਨ ਖ਼ੁਦਮੁਖ਼ਤਿਆਰ ਹੀ ਹੋਵੇਗੀ। 'ਖਾਲਸਾ' ਨੂੰ 'ਖਾਲਸ' ਵਿਚ ਬਦਲਣ ਪਿੱਛੇ ਜੋ ਸਾਜਿਸ਼ ਘੜੀ ਸੀ, ਉਸ ਦਾ ਮਕਸਦ ਸਿੱਖਾਂ ਦੇ ਜ਼ਿਹਨ (ਤੇ ਫ਼ਿਲਾਸਫ਼ੀ ਵਿਚੋਂ 'ਖ਼ੁਦਮੁਖ਼ਤਿਆਰੀ' ਕੱਢਣਾ ਸੀ। ਇੰਞ ਹੀ ਕੁਝ ਲੋਕਾਂ ਨੇ ਖਾਲਿਸਤਾਨ ਦਾ ਤਰਜਮਾ ਅੰਗਰੇਜ਼ੀ ਵਿਚ Land or Country of the Pure ਕਰਨ ਦੀ ਕੋਸ਼ਿਸ਼ ਵੀ ਕੀਤੀ। ਖਾਲਿਸਤਾਨ ਦਾ ਸਹੀ ਤਰਜਮਾ ਹੈ: 'Land of the sovereign'। ਕੁਝ ਭੋਲੇ ਸਿੱਖ ਵੀ ਇਨ੍ਹਾਂ ਲਫ਼ਜ਼ਾਂ ਨੂੰ ਲੈ ਤੁਰੇ। 'ਨੀਮ ਹਕੀਮ ਖਤਰਾ-ਏ-ਜਾਨ' ਵਾਲੀ ਗੱਲ ਸਿਰਫ਼ ਇਸ ਨੁਕਤੇ ਨਾਲ ਹੀ ਨਹੀਂ ਜੁੜੀ ਬਲਕਿ ਸਾਰੀ ਹੀ ਅਜੋਕੀ ਤਹਿਰੀਕ ਵਿਚ ਇਹ ਗੱਲ ਢੁੱਕਦੀ ਹੈ। ਖਾਲਸਾ ਖ਼ਾਲਸ ਤਾਂ ਆਪੇ ਹੀ ਹੋਵੇਗਾ, ਪਰ ਖ਼ੁਦਮੁਖ਼ਤਿਆਰੀ 'ਖ਼ਾਲਸ' ਵਿਚ ਨਹੀਂ, ਬਲਕਿ 'ਖਾਲਸਾ' ਵਿਚ ਹੈ। ਸਿਰਫ਼ ਸਿੱਖ ਨਿਜ਼ਾਮ ਹੀ ਹਰ ਇਕ ਨੂੰ 'ਖ਼ੁਦਮੁਖ਼ਤਿਆਰੀ' ਦੇਂਦਾ ਹੈ।

ਸਿੱਖ ਸਿਆਸਤ ਦਾ ਤੀਜਾ ਸੋਮਾ 'ਗੁਰਮਤਾ' ਹੈ। ਸਿੱਖੀ ਵਿਚ ਅਵਾਮ ਦੀ ਹਕੂਮਤ, ਡੈਮੋਕਰੇਸੀ, ਜਾਅਲੀ ਨਹੀਂ ਹੈ। ਇਹ ਅਕਸਰੀਅਤ ਦੀ ਹਕੂਮਤ ਨਹੀਂ ਹੈ। ਇਹ ਕਿਸੇ ਜੁੰਡਲੀ, ਗੈਂਗ, ਸਿੰਡੀਕੇਟ, ਧੜੇ ਦੀ ਧੱਕੇਸ਼ਾਹੀ ਨਹੀਂ ਹੈ। ਇਹ ਕਿਸੇ ਇਕ ਹਿੱਸੇ ਦੀ ਬੇਹਤਰੀ ਵਾਸਤੇ, ਦੂਜੇ ਨਾਲ ਜ਼ਿਆਦਤੀ ਕਰਨ ਵਾਲੀ ਚਾਲਬਾਜ਼ੀ ਨਹੀਂ ਹੈ। ਇਹ ਸਭ ਦੀ ਸਾਂਝੀ ਹਕੂਮਤ ਹੈ। ਇਹ ਇਸੇ ਕਰ ਕੇ ਮੁਮਕਿਨ ਹੋ ਸਕਦੀ ਹੈ ਕਿ ਸਭ ਨੂੰ ਮਨਜ਼ੂਰ ਹੋਣ ਵਾਲੇ ਗੁਰਮਤੇ ਦੇ ਤਰੀਕੇ ਨਾਲ ਹੀ ਸਾਰੇ ਫੈਸਲੇ ਲਏ ਜਾਣ। ਇਹ ਸਾਂਝੇ ਫੈਸਲੇ, ਸਾਂਝੀ ਸੋਚ, ਸਾਂਝਾ ਨਿਜ਼ਾਮ ਹੀ ਸਹੀ ਮਾਅਨਿਆਂ ਵਿਚ ਡੈਮੋਕਰੇਸੀ ਹੈ। ਤਵਾਰੀਖ਼ ਦੱਸਦੀ ਹੈ ਕਿ ਜਦੋਂ ਵੀ ਸਿੱਖਾਂ ਨੇ ਗੁਰੂ ਦੇ ਦੱਸੇ ਤਰੀਕੇ ਨਾਲ ਗੁਰਮਤਾ ਕੀਤਾ ਹੈ, ਤਾਂ ਉਸ ਨੂੰ ਸਾਰੇ ਪੰਥ ਨੇ ਮਨਜ਼ੂਰ ਕੀਤਾ ਹੈ ਤੇ ਵਾਹਿਗੁਰੂ ਨੇ ਉਸ ਗੁਰਮਤੇ ਦੀ ਕਾਮਯਾਬੀ ਵੀ ਪੰਥ ਨੂੰ ਬਖ਼ਸ਼ੀ ਹੈ।

ਬਰਾਬਰਤਾ ਸਿੱਖ ਗੁਰਮਤੇ ਦਾ ਮਰਕਜ਼ ਹੈ। 'ਲੰਗਰ' ਸਿੱਖੀ ਵਿਚ ਇਸ ਬਰਾਬਰਤਾ ਦੀ ਪਹਿਲੀ ਕੜੀ ਹੈ। ਪੰਗਤ 'ਚ ਜ਼ਾਤ, ਇਲਾਕਾ, ਦਰਜਾ, ਉਮਰ, ਲਿੰਗ, ਅਹੁਦਾ ਸਭ ਕੁਝ ਛੱਡ ਕੇ ਬੈਠਣਾ ਹੁੰਦਾ ਹੈ। ਸਿੱਖ ਪੰਥ ਦੇ ਸਿਆਸੀ ਨਿਜ਼ਾਮ ਵਿਚ ਇਹ ਬਰਾਬਰਤਾ ਦਾ ਅਸੂਲ ਮੁੱਢਲੀ ਗੱਲ ਹੈ।

ਇੰਤਜ਼ਾਮ ਪੱਖੋਂ ਸਿੱਖ ਸਿਆਸੀ ਨਿਜ਼ਾਮ, ਸਹੀ ਮਾਅਨੀਆਂ ਵਿਚ, ਅਵਾਮੀ ਖ਼ੁਸ਼ਹਾਲੀ ਦਾ ਨਿਜ਼ਾਮ ਹੈ। ਇਸ ਨਿਜ਼ਾਮ 'ਚ ਕੋਈ ਬੰਦਾ ਲਾਵਾਰਿਸ ਛੱਡਿਆ ਨਹੀਂ ਜਾ ਸਕਦਾ।

ਹਰ ਇਕ ਦੀ ਲੋੜ ਪੂਰੀ ਕਰਨ ਵਿਚ ਹਿੱਸਾ ਪਾਉਣਾ ਤਾਂ ਸਿੱਖੀ ਅਸੂਲਾਂ ਵਿਚ ਮੁੱਢਲਾ ਫ਼ਰਜ਼ ਹੈ। ਸਿੱਖੀ ਦਾ ਮੁੱਢਲਾ ਅਸੂਲ ਹੈ 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ'। ਇਸ ਵਿਚ ਵੀ 'ਵੰਡ ਛਕਣਾ', ਨਾਮ ਜਪਣ ਤੋਂ ਪਹਿਲਾਂ ਆਉਂਦਾ ਹੈ। 'ਵੰਡ ਛਕਣਾ' ਸਿੱਖ ਦਾ ਮਜ਼ਹਬੀ ਤੇ ਕੌਮੀ ਫ਼ਰਜ਼ ਹੈ। ਦਸਵੰਧ ਕੱਢਣਾ, ਸਿੱਖੀ ਦਾ ਸਭ ਤੋਂ ਵੱਧ ਕੀਮਤੀ ਅਸੂਲ ਹੈ। ਜੋ ਸਿੱਖ ਆਪਣੀ ਕਮਾਈ ਵਿਚੋਂ 'ਦਸਵੰਧ' (ਇਹ ਜ਼ਰੂਰੀ ਨਹੀਂ ਕਿ ਬਿਲਕੁਲ ੧੦ ਫ਼ੀ ਸਦੀ) ਕੱਢ ਕੇ ਧਰਮ ਵਾਸਤੇ ਜਾਂ ਲੋੜਵੰਦਾਂ ਵਾਸਤੇ ਖ਼ਰਚ ਨਹੀਂ ਕਰਦਾ, ਉਹ ਵਾਹਿਗੁਰੂ ਦਾ 'ਕਰਜ਼ਦਾਰ' ਹੈ। ਸਿੱਖੀ ਵਿਚ ਦਸਵੰਧ ਕੱਢਣਾ ਤਾਂ 'ਕਰਜ਼ਾ ਲਾਹੁਣਾ' ਹੈ ਨਾ ਕਿ ਕਿਸੇ 'ਤੇ ਅਹਿਸਾਨ ਕਰਨਾ। ਕਮਿਊਨਿਸਟ ਨਿਜ਼ਾਮ ਵਿਚ ਧੱਕੇ ਨਾਲ ਸਾਰਾ ਕੁਝ ਸਰਕਾਰੀ ਕਰ ਲੈਣਾ ਜਾਂ ਦੂਜੇ ਨਿਜ਼ਾਮ ਵਿਚ ਜਬਰੀ ਟੈਕਸ ਜਾਂ ਜਜ਼ੀਆ ਵਸੂਲ ਕਰਨਾ, ਗ਼ੈਰ-ਇਨਸਾਨੀ ਜਾਂ ਗ਼ੈਰ-ਕੁਦਰਤੀ ਜਾਂ ਇਹੋ ਜਿਹਾ ਕੁਝ ਹੋਰ ਭਾਵੇਂ ਆਖਿਆ ਜਾ ਸਕਦਾ ਹੈ। (ਉਂਞ ਇਹ ਤਰੀਕਾ, ਰੂਸੀ ਇਜਾਰੇਦਾਰੀ ਵਿਚ ਫੇਲ੍ਹ ਵੀ ਹੋ ਚੁਕਾ ਹੈ)। ਪਰ 'ਦਸਵੰਧ' ਦਾ ਸਿੱਖ ਅਸੂਲ (ਯਹੂਦੀਆਂ ਵਿਚ ਵੀ ਇਹੋ ਜਿਹੀ ਹੀ ਪਿਰਤ ਹੈ) ਜਬਰੀ ਨਹੀਂ ਬਲਕਿ ਖ਼ੁਦ ਮਨਜ਼ੂਰ ਕੀਤਾ ਹੋਇਆ ਇਨਸਾਨੀ ਫ਼ਰਜ਼ ਹੈ। ਸਿੱਖ ਸਿਆਸੀ ਨਿਜ਼ਾਮ ਦੇ ਵੱਡੇ ਨੁਕਤੇ, ਜਿਨ੍ਹਾਂ 'ਤੇ ਸਿੱਖ ਸਿਆਸੀ ਨਿਜ਼ਾਮ ਦੀ ਨੀਂਹ ਰੱਖੀ ਹੋਈ ਹੈ, ਇਹ ਹਨ।

ਸਿੱਖ ਸਿਆਸੀ ਨਿਜ਼ਾਮ ਦੀ ਦਰਜਾਬੰਦੀ (ਇਰਓਰਚਹੇ) ਕੀ ਹੈ ? ਇਸ ਬਾਰੇ ਵੀ ਕਈ ਉਲਝਣਾਂ ਖੜ੍ਹੀਆਂ ਕੀਤੀਆਂ ਗਈਆਂ ਹਨ। ਖ਼ਾਸ ਕਰ ਕੇ ਅਕਾਲ ਤਖ਼ਤ ਸਾਹਿਬ ਬਾਰੇ ਅਜੀਬੋ-ਗ਼ਰੀਬ ਬਿਆਨ ਤੇ ਫ਼ਿਕਰੇ ਪੜ੍ਹਨ ਨੂੰ ਮਿਲਦੇ ਰਹੇ ਹਨ। ਸਿੱਖ ਸਿਆਸੀ ਨਿਜ਼ਾਮ ਦੀ ਦਰਜਾਬੰਦੀ ਵਿਚ ਅਕਾਲ ਤਖ਼ਤ ਸਾਹਿਬ, ਪੰਜ ਪਿਆਰੇ, ਸਰਬਤ ਖਾਲਸਾ ਦੇ ਨੁਕਤੇ ਵਧੇਰੇ ਤਨਕੀਹ ਮੰਗਦੇ ਹਨ।

ਅਕਾਲ ਤਖ਼ਤ ਸਾਹਿਬ

ਸਿੱਖ ਸਿਆਸੀ ਨਿਜ਼ਾਮ ਵਿਚ ਦਰਜਾਬੰਦੀ ਦੇ ਲਿਹਾਜ਼ ਨਾਲ ਅਕਾਲ ਤਖ਼ਤ ਸਾਹਿਬ ਸਭ ਤੋਂ ਪਹਿਲੋਂ ਆਉਂਦਾ ਹੈ। ਸਿੱਖ ਨਿਜ਼ਾਮ ਵਿਚ ਇਹ ਸਭ ਤੋਂ ਵੱਡੀ ਹੈਸੀਅਤ ਰੱਖਦਾ ਹੈ। ਇਸ ਤਖ਼ਤ ਦਾ "ਸਰਬਰਾਹ" (ਜਿਸ ਨੂੰ ੧੯੨੦ ਤੋਂ ਗ਼ਲਤੀ ਨਾਲ ਜਥੇਦਾਰ ਆਖਣਾ ਸ਼ੁਰੂ ਕੀਤਾ ਹੋਇਆ ਹੈ), ਕਿਉਂਕਿ ਦਰਜਾਬੰਦੀ ਵਿਚ ਸਭ ਤੋਂ ਉੱਤੇ ਹੈ, ਇਸ ਕਰ ਕੇ ਸਭ ਤੋਂ ਵੱਧ ਇੱਜ਼ਤਦਾਰ ਸ਼ਖ਼ਸੀਅਤ ਹੁੰਦਾ ਹੈ। ਇਸ ਤਖ਼ਤ ਦਾ ਸਰਬਰਾਹ, ਡਿਕਟੇਟਰ ਨਹੀਂ ਹੁੰਦਾ। ਉਹ ਆਪਣੀ ਮਰਜ਼ੀ ਨਾਲ ਹੁਕਮਨਾਮੇ ਜਾਂ ਫ਼ਤਵੇ ਜਾਰੀ ਨਹੀਂ ਕਰ ਸਕਦਾ। ਦਰਅਸਲ ਉਸ ਦਾ ਅਹੁਦਾ, 'ਸਪੀਕਰ' ਵਾਲਾ ਹੈ। ਉਸ ਰਾਹੀਂ ਜਾਰੀ ਕੀਤੇ ਗਏ 'ਹੁਕਮਨਾਮੇ' ਦਰ-ਹਕੀਕਤ 'ਸਰਬਤ ਖਾਲਸਾ' ਦੇ ਗੁਰਮਤੇ ਹੁੰਦੇ ਹਨ। ਕੁਝ ਹਾਲਤਾਂ ਵਿਚ ਪੰਜ ਪਿਆਰਿਆਂ ਦਾ ਗੁਰਮਤਾ ਵੀ 'ਹੁਕਮਨਾਮਾ' ਵਜੋਂ ਜਾਰੀ ਕੀਤਾ ਹੈ।

ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਜ਼ਿੱਲੇ-ਇਲਾਹੀ ਨਹੀਂ ਹੈ। ਮੁਗਲੀਆ ਸਲਤਨਤ ਵੇਲੇ ਬਾਦਸ਼ਾਹ ਨੂੰ ਜ਼ਿੱਲੇ-ਇਲਾਹੀ (ਰੱਬ ਦਾ ਜ਼ਮੀਨ 'ਤੇ ਪਰਛਾਵਾਂ) ਆਖਿਆ ਜਾਂਦਾ ਸੀ ਤੇ ਉਸ ਦੇ ਫ਼ੁਰਮਾਨ ਇਲਾਹੀ ਫ਼ੁਰਮਾਨ ਮੰਨੇ ਜਾਂਦੇ ਸਨ। ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਯਕੀਨਨ ਰੱਬੀ ਤਾਕਤ ਦਾ ਸਰਬਰਾਹ ਹੈ ਤੇ ਨੁਮਾਇੰਦਾ-ਜਿਹਾ

ਹੈ। ਪਰ ਉਹ ਰੱਬ ਦਾ ਪਰਛਾਵਾਂ ਨਹੀਂ ਹੈ, ਸਿਰਫ਼ ਇੰਤਜ਼ਾਮੀਆ ਹੈ, ਸਪੀਕਰ ਹੈ, ਸਪੋਕਸਮੈਨ (ਬੁਲਾਰਾ) ਹੈ। ਹਿੰਦੂ ਫ਼ਿਲਾਸਫ਼ੀ ਵਿਚ ਮੁਲਕ ਦੇ ਸਿਆਸੀ ਨਿਜ਼ਾਮ ਵਿਚ ਸਭ ਤੋਂ ਉੱਚਾ ਦਰਜਾ ਰਾਜੇ ਦਾ ਹੈ, ਉਹ "ਮਹਾਰਾਜ ਅਧਿਰਾਜ" ਹੈ। ਉਹ ਰੱਬ ਦਾ ਅਵਤਾਰ ਹੈ। (ਭਗਵਤ ਗੀਤਾ, ਚੈਪਟਰ ੪, ਹਿੱਸਾ ੮ ਅਤੇ ਮਨੂੰ ਸਮ੍ਰਿਤੀ, ਚੈਪਟਰ ੭, ਹਿੱਸਾ ੩)। ਪਰ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਇਹ ਕੁਝ ਨਹੀਂ ਹੈ। ਹਾਂ, ਜੇਕਰ ਕੋਈ ਨੇੜੇ ਦਾ ਬਦਲ ਵੇਖਣਾ ਹੋਵੇ ਤਾਂ ਇਸ ਅਹੁਦੇ ਦੀ ਹੈਸੀਅਤ ਨੂੰ ਅਸੀਂ ਬਰਤਾਨਵੀਂ ਪਿਰਤ ਦੀ 'ਆਈਨੀ ਮੁਖੀ' (Constitutional Monarch) ਜਾਂ ਅਮਰੀਕਾ ਵਿਚ 'ਬਰਾਬਰਤਾ ਦੀ ਅਵਾਮੀ ਹਕੂਮਤ' (Republican Democracy) ਦੇ ਨੇੜੇ ਤੇੜੇ ਜੋੜਨ ਦੀ ਕੋਸ਼ਿਸ਼ ਕਰ ਸਕਦੇ ਹਾਂ। ਉਂਞ ਸਿੱਖ ਸਿਆਸੀ ਨਿਜ਼ਾਮ ਤੇ ਬਰਤਾਨਵੀਂ ਜਾਂ ਅਮਰੀਕਨ ਨਿਜ਼ਾਮ 'ਚ ਸੌ ਫ਼ੀ ਸਦੀ ਸਾਂਝ ਤਾਂ ਨਹੀਂ ਬਣਦੀ ਅਤੇ ਨਾ ਹੀ ਇਹੋ ਜਿਹਾ ਮੇਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ ਫਿਰ ਵੀ ਕਈ ਕੁਝ 'ਤਕਰੀਬਨ ਇਕੋ ਜਿਹਾ' ਮਿਲ ਜਾਵੇਗਾ। ਇੰਞ ਹੀ ਮਜ਼ਬੀ ਨੁਕਤੇ ਤੋਂ ਵੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਦਾ ਮੁਕਾਬਲਾ ਰੋਮਨ ਕੈਥੋਲਿਕ ਪੋਪ ਨਾਲ ਨਹੀਂ ਕੀਤਾ ਜਾ ਸਕਦਾ, ਕਿਉਂ ਕਿ ਪੋਪ ਕਈ ਮਸਲਿਆਂ ਵਿਚ ਡਿਕਟੇਟਰ ਵਾਲੀ ਤਾਕਤ ਵੀ ਰੱਖਦਾ ਹੈ। ਪਰ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਕਦੇ ਵੀ ਡਿਕਟੇਟਰ ਵਾਂਗ ਫ਼ਤਵਾ ਨਹੀਂ ਜਾਰੀ ਕਰ ਸਕਦਾ। ਉਹ ਤਾਂ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ, ਸਰਬਤ ਖਾਲਸਾ ਤੇ ਪੰਜ ਪਿਆਰਿਆਂ ਦਾ ਬੁਲਾਰਾ (ਸਪੋਕਸਮੈਨ) ਹੈ।

ਡਿਕਟੇਟਰਸ਼ਿਪ ਜਾਂ ਮਹਾਰਾਜਾ ਦਾ ਲਫ਼ਜ਼ ਹੀ ਅ-ਸਿੱਖ ਲਫ਼ਜ਼ ਹਨ। ਸਿੱਖੀ ਵਿਚ ਇਹ ਲਫ਼ਜ਼ ਹੀ 'ਬਦੇਸ਼ੀ' ਹੈ। ਕੁਝ ਲੇਖਕ ਆਖਦੇ ਹਨ ਕਿ ਗੁਰੂ ਨਾਨਕ ਸਾਹਿਬ "ਮਹਾਰਾਜਾ" ਸਿਸਟਮ ਦੇ ਮੁਖ਼ਾਲਿਫ਼ ਨਹੀਂ ਸਨ। ਇਹ ਲੇਖਕ ਗੁਰੂ ਨਾਨਕ ਸਾਹਿਬ ਦੀਆਂ ਇਹ ਤੁਕਾਂ ਫੜ ਲੈਂਦੇ ਹਨ—

ਤਖਤਿ ਬਹੈ ਤਖਤੈ ਕੀ ਲਾਇਕ ॥

(ਸਫ਼ਾ ੧੦੩੯)

ਅਤੇ

ਕਿਆ ਸੁਲਤਾਨੁ ਸਲਾਮ ਵਿਹੂਣਾ ॥

(ਸਫ਼ਾ ੩੫੪)

ਇਹ ਲੇਖਕ ਆਖਦੇ ਹਨ ਕਿ ਗੁਰੂ ਸਾਹਿਬ "ਤਖ਼ਤ ਬੈਠਾ ਬਾਦਸ਼ਾਹ", ਜਾਂ 'ਸੁਲਤਾਨ' ਦੇ ਮੁਖ਼ਾਲਿਫ਼ ਹੁੰਦੇ ਤਾਂ ਅਵਾਮੀ-ਹਕੂਮਤ ਦੇ ਹੱਕ ਵਿਚ ਆਖਦੇ ਤੇ ਸੁਲਤਾਨ ਨੂੰ 'ਚੰਗਾ' ਹੋਣ ਦੀ ਸ਼ਰਤ ਲਾ ਕੇ ਮਨਜ਼ੂਰ ਨਾ ਕਰਦੇ। ਇਹ ਆਖਣ ਵਾਲੇ ਇਨ੍ਹਾਂ ਤੁਕਾਂ ਦਾ ਲਫ਼ਜ਼ੀ ਤਰਜਮਾ ਕ਼ਰਦੇ ਹਨ। ਗੁਰੂ ਨਾਨਕ ਸਾਹਿਬ 'ਤਖ਼ਤ ਬੈਠਾ' ਜਾਂ 'ਸੁਲਤਾਨ' ਕਿਸੇ ਮਹਾਰਾਜੇ ਵਾਸਤੇ ਨਹੀਂ ਵਰਤ ਰਹੇ, ਉਹ ਤਾਂ ਹਰ ਇਕ ਉਸ ਸ਼ਖ਼ਸ ਵਾਸਤੇ ਵਰਤ ਰਹੇ ਹਨ ਜੋ ਇੰਤਜ਼ਾਮੀਆ ਹੈ। ਹਰ ਉਹ ਸ਼ਖ਼ਸ ਜੋ ਨਿਜ਼ਾਮ ਦਾ ਹਿੱਸਾ ਹੈ; ਉਸ ਨੂੰ ਲਾਇਕ ਹੋਣਾ ਚਾਹੀਦਾ ਹੈ। ਕੁਝ ਭੋਲੇ ਲੇਖਕਾਂ ਨੇ ਇਹ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ

ਦੀ ਹਕੂਮਤ ਸਿੱਖੀ ਅਸੂਲਾਂ ਦੀ ਮੰਜ਼ਿਲ ਦਾ ਸਿਖਰ ਸੀ। ਇਸ ਗੱਲ ਪਿੱਛੇ ਇਹ ਸ਼ਰਾਰਤ ਸੀ ਕਿ ਕਿਹਾ ਜਾਵੇ ਕਿ ਹੁਣ ਉਹ ਮੰਜ਼ਿਲ ਤੈਅ ਹੋ ਕੇ ਫੇਲ੍ਹ ਹੋ ਚੁੱਕੀ ਹੈ ਤੇ ਸਿੱਖੀ ਸਿਆਸੀ ਨਿਜ਼ਾਮ ਅਮਲੀ ਚੀਜ਼ ਨਹੀਂ ਹੈ। ਦਰ-ਹਕੀਕਤ ਰਣਜੀਤ ਸਿੰਘ ਦਾ ਨਿਜ਼ਾਮ ਗੁਰੂ ਗੋਬਿੰਦ ਸਿੰਘ ਵੱਲੋਂ ਪੇਸ਼ ਕੀਤੇ ਮਾਡਲ ਅਤੇ ਗੁਰੂ ਸਾਹਿਬ ਦੀਆਂ ਸਾਫ਼ ਹਦਾਇਤਾਂ ਦੇ ਬਿਲਕੁਲ ਉਲਟ ਸੀ (ਪ੍ਰਸ਼ਨ ਪ੍ਰਸ਼ਨ, ੧੯੯੯ ਦੀ ਐਡੀਸ਼ਨ, ਸਫ਼ਾ ੨੧੧)। ਸਿਰਦਾਰ ਕਪੂਰ ਸਿੰਘ ਇਹ ਵੀ ਆਖਦੇ ਹਨ ਕਿ ਇਹ ਨਿਜ਼ਾਮ ਸਿੱਖ ਸਿਆਸਤ ਦੇ ਅਸੂਲਾਂ 'ਤੇ ਬਣੇ ਹੋਣ ਦੀ ਬਜਾਏ ਇਕ ਤਕੜੀ ਸ਼ਖ਼ਸੀਅਤ ਮਹਾਰਾਜਾ ਰਣਜੀਤ ਸਿੰਘ ਦੀਆਂ ਖ਼ਾਹਿਸ਼ਾਂ ਸਨ ਜਿਨ੍ਹਾਂ ਨੂੰ ਲਾਗੂ ਕਰ ਕੇ ਉਸ ਨੇ ਕੌਮ ਨੂੰ ਉਸ ਦੀਆਂ ਖ਼ਾਹਿਸ਼ਾਂ ਦੇ ਉਲਟ ਕੋਰੇ ਹਿੰਦੂ ਤਰੀਕੇ ਵੱਲ ਧੱਕ ਦਿੱਤਾ। (ਉਹੀ, ਸਫ਼ਾ ੨੧੧)। ਕਈ ਸਿੱਖ ਵਰਕਰ, ਆਗੂ, ਪ੍ਰਚਾਰਕ ਤੇ ਲੇਖਕ ਇਸ ਗੱਲ ਨੂੰ ਸਮਝ ਨਹੀਂ ਸਕੇ ਤੇ ਇਸ ਅਸਰ ਦਾ ਸ਼ਿਕਾਰ ਹੋ ਕੇ 'ਡਿਕਟੇਟਰ', ਜ਼ਿੱਲੇ-ਇਲਾਹੀ, 'ਮਹਾਰਾਜਾ' ਨੂੰ ਸਿੱਖੀ ਤਰੀਕੇ ਤੋਂ ਵੱਖਰਿਆ ਨਹੀਂ ਕਰ ਸਕੇ। ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਦੀ ਤਾਜਪੋਸ਼ੀ (ਇਹ ੧੯੮੬-੮੮ ਦੇ ਖਾੜਕੂ ਦੇ ਦੌਰ ਦੀ ਲਫ਼ਾਜ਼ੀ ਹੈ), ਵਾਹਿਦ ਤਾਕਤ ਤੇ ਹਊਆ ਬਣਾ ਕੇ ਪੇਸ਼ ਕਰਨ ਵਾਲੇ ਜਾਂ ਤਾਂ ਸਿੱਖ ਫ਼ਿਲਾਸਫ਼ੀ ਤੋਂ ਨਾਵਾਕਿਫ਼ ਸਨ/ਹਨ ਅਤੇ ਜਾਂ ਫਿਰ ਕਿਸੇ ਸ਼ਰਾਰਤ, ਲਾਲਚ, ਖ਼ੁਦਗਰਜ਼ੀ ਦੀ ਵਜ੍ਹਾ ਕਰ ਕੇ ਅਜਿਹਾ ਕਰਦੇ ਰਹੇ ਹਨ।

ਪੰਜ ਪਿਆਰੇ

ਸਿੱਖ ਸਿਆਸੀ ਨਿਜ਼ਾਮ ਦਾ ਦੂਜਾ ਥੰਮ੍ਹ 'ਪੰਜ ਪਿਆਰੇ' ਹਨ। ਸਿੱਖ ਸਿਆਸੀ ਨਿਜ਼ਾਮ ਵਿਚ ਤੇ ਮਜ਼ਹਬੀ ਅਦਬ ਵਿਚ ਪੰਜਾਂ ਦੀ ਸਿਰਦਾਰੀ ਨੂੰ ਮਨਜ਼ੂਰ ਕਰਨ ਦੇ ਪਿਛੋਕੜ ਵਿਚ 'ਸਾਂਝੀ ਲੀਡਰਸ਼ਿਪ' ਦਾ ਅਸੂਲ ਹੈ। ਇਕ ਸ਼ਖ਼ਸ ਨੂੰ ਵਾਹਿਦ ਤਾਕਤ ਦੇਣਾ, ਸਿੱਖੀ ਅਸੂਲਾਂ ਦੇ ਖ਼ਿਲਾਫ਼ ਹੈ। ਇਸ ਦਾ ਹੱਲ ਸਿੰਘਾਂ (ਜਾਂ ਪੰਜ ਪਿਆਰਿਆਂ) ਦੇ ਜਮਾਤੀ ਰੋਲ ਵਿਚ ਪੇਸ਼ ਕੀਤਾ ਗਿਆ ਹੈ। ਸਿੱਖਾਂ ਦੇ ਅਹਿਮ ਮਸਲਿਆਂ ਦੇ ਹੱਲ ਵਾਸਤੇ ਇਨ੍ਹਾਂ ਪੰਜਾਂ ਸ਼ਖ਼ਸੀਅਤਾਂ ਵਿਚ ਅਕਾਲ ਤਖ਼ਤ ਸਾਹਿਬਾਨ ਦੇ ਸਰਬਰਾਹ ਤੇ ਹੋਰ ਗ੍ਰੰਥੀ ਸ਼ਾਮਿਲ ਕੀਤੇ ਜਾਂਦੇ ਰਹੇ ਹਨ। ਜਦੋਂ ਇਹ ਸਾਰੇ ਇਕੱਠੇ ਬੈਠਦੇ ਹਨ ਤਾਂ ਉਨ੍ਹਾਂ ਵਿਚ ਦਰਜਾ ਨਹੀਂ ਹੁੰਦਾ। ਸਾਰਿਆਂ ਦੇ ਇਕੋ ਜਿਹੇ ਫ਼ਰਜ਼ ਤੇ ਇਕੋ ਜਿਹੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹ ਹਾਕਮ ਵਜੋਂ ਨਹੀਂ ਕੌਮੀ ਖ਼ਿਦਮਤਗਾਰ ਵਜੋਂ ਬੈਠਕ ਕਰਦੇ ਹਨ। ਪੰਜ ਪਿਆਰਿਆਂ ਦੀ 'ਸਾਂਝੀ ਲੀਡਰਸ਼ਿਪ' ਨੂੰ ਅਸੀਂ ਰੂਸ ਦੀ 'ਪ੍ਰੀਜ਼ੀਡੀਅਮ' ਨਾਲ ਮੇਲ ਸਕਦੇ ਹਾਂ। ਰੂਸੀ ਪ੍ਰੀਜ਼ੀਡੀਅਮ ਪਹਿਲੋਂ ਖ਼ੁਦ ਨੂੰ ਕਾਇਮ ਕਰਦੀ ਹੈ ਤੇ ਫਿਰ ਆਵਾਮ ਤੇ ਹਕੂਮਤ ਕਰਦੀ ਹੈ। ਪਰ ਸਿੱਖ ਨਿਜ਼ਾਮ 'ਚ ਪੰਜ ਸਿੰਘ, ਪੰਜ ਪਿਆਰੇ ਜਾਂ ਸਾਂਝੀ ਲੀਡਰਸ਼ਿਪ ਉਦੋਂ ਤੱਕ ਡਿਊਟੀ ਕਰਦੀ ਹੈ, ਜਦੋਂ ਤੱਕ ਸਰਬਤ ਖਾਲਸਾ ਦਾ ਭਰੋਸਾ ਉਸ 'ਤੇ ਰਹਿੰਦਾ ਹੈ। ਜਦੋਂ ਹੀ ਸਰਬਤ ਖਾਲਸਾ ਉਨ੍ਹਾਂ 'ਤੇ (ਜਾਂ ਕਿਸੇ ਇਕ 'ਤੇ) ਬੇਇਤਬਾਰੀ ਦਾ ਐਲਾਨ ਕਰ ਦੇਵੇ ਤਾਂ ਉਸ ਵੇਲੇ ਤੋਂ ਹੀ ਇਸ ਲੀਡਰਸ਼ਿਪ ਦੀ ਮੋਹਰ ਜਾਅਲੀ ਮੰਨੀ ਜਾਂਦੀ ਹੈ।

ਸਰਬਤ ਖਾਲਸਾ

ਸਿੱਖ ਸਿਆਸੀ ਨਿਜ਼ਾਮ ਦਾ ਤੀਜਾ ਵੱਡਾ ਥੰਮ੍ਹ 'ਸਰਬਤ ਖਾਲਸਾ' ਹੈ। ਸਰਬਤ

ਖਾਲਸਾ ਦੇ ਪਿਛੋਕੜ ਵਿਚ 'ਸਭ ਹਿੱਸਿਆਂ ਦੀ ਬਰਾਬਰਤਾ' (Federal Republicanism) ਹੈ ਜਿਵੇਂ ਅਮਰੀਕਾ ਵਿਚ ਹਰ ਸਟੇਟ ਨੂੰ ਪ੍ਰੈਜ਼ੀਡੈਂਟ (ਸਦਰ) ਦੀ ਚੋਣ ਵਿਚ ਪੂਰਾ ਯੂਨਿਟ ਮੰਨਿਆ ਜਾਂਦਾ ਹੈ, ਉਵੇਂ ਹੀ ਸਿੱਖ ਕੌਮ ਵਿਚ ਹਰ ਹਿੱਸੇ ਨੂੰ, ਹਰ ਮਿਸਲ ਨੂੰ, ਜਥੇ ਨੂੰ, ਬਰਾਬਰਤਾ ਵਾਲੇ ਹਕੂਕ ਹਾਸਿਲ ਹਨ। ਹਰ ਹਿੱਸਾ ਆਪਣੀ ਤਾਦਾਦ ਮੁਤਾਬਕ ਅਲੱਗ ਅਤੇ ਆਪਣੀ ਯੂਨਿਟ ਮੁਤਾਬਕ ਅਲੱਗ ਤੌਰ 'ਤੇ ਕਾਇਮ ਹੈ। ਪਰ ਕੌਮੀ ਸਵਾਲ 'ਤੇ ਉਹ ਸਭ ਬਰਾਬਰ ਹਨ।

ਸਰਬਤ ਖਾਲਸਾ ਸਿੱਖ ਪੰਥ ਦੀ ਪਾਰਲੀਮੈਂਟ ਹੈ। ਇਸ ਵਿਚ ਸਿੱਖ ਕਾਮਨਵੈਲਥ ਦੇ ਹਰ ਹਿੱਸੇ ਦੀ ਨੁਮਾਇੰਦਗੀ ਹੁੰਦੀ ਹੈ, ਜਿਸ ਵਿਚ ਦਸ ਵੀਹ ਹਜ਼ਾਰ ਜਾਂ ਲੱਖ-ਦੋ ਲੱਖ ਜਾਂ ਪੰਜਾਹ ਲੱਖ ਸਿੱਖ ਇਕੱਠੇ ਹੋਣ। ਇਹ ਤਾਂ ਇਕ ਨੁਮਾਇੰਦਾ ਇਕੱਠ ਹੈ ਜਿਸ ਵਿਚ ਸਿੱਖ ਪੰਥ ਦੇ ਹਰ ਅਹਿਮ ਹਿੱਸੇ ਜਥੇ ਮਿਸਲ ਦੇ ਨੁਮਾਇੰਦੇ ਸ਼ਾਮਲ ਹੋਣ। ਸਰਬਤ ਖਾਲਸਾ ਦੇ ਇਕੱਠ ਵਿਚ ਸ਼ਾਮਿਲ ਹੋਣ ਵਾਲਾ ਹਰ ਇਕ ਹਾਜ਼ਰੀਨ ਬਰਾਬਰ ਦਾ ਦਰਜਾ ਰੱਖਦਾ ਹੈ ਤੇ ਆਪਣਾ ਧੜਾ, ਜੱਥਾ, ਬਰਾਦਰੀ, ਇਲਾਕਾ ਆਪਣੇ ਨਾਲ ਇਕੱਠ ਤੋਂ ਬਾਹਰ ਹੀ ਛੱਡ ਆਉਂਦਾ ਹੈ। ਸਰਬਤ ਖਾਲਸਾ ਇਕੱਠ ਵਿਚ ਸ਼ਾਮਿਲ ਹੋਣ ਵਾਲਾ ਸਿਰਫ਼ ਤੇ ਸਿਰਫ਼ ਪੰਥ ਦਾ ਖ਼ਿਦਮਤਗਾਰ ਬਣ ਕੇ ਹੀ ਆਉਂਦਾ ਹੈ। ਉਸ ਦਾ ਇਕੋ ਇਕ ਮਕਸਦ 'ਪੰਥ ਦੀ ਬੇਹਤਰੀ' ਹੀ ਹੁੰਦਾ ਹੈ। (ਮਾਲਕਮ: "ਸਕੈੱਚ ਆਫ਼ ਦਾ ਸਿਖਜ਼", ਸਫ਼ਾ ੯੬)

ਸਰਬਤ ਖਾਲਸਾ, ਕੌਮ ਦੀ ਸਾਂਝੀ ਲੀਡਰਸ਼ਿਪ, ਸਾਂਝੀ ਜ਼ਿਮੇਵਾਰੀ ਤੇ ਸਾਂਝੀ ਜਵਾਬ-ਦੇਹੀ ਹੈ। ਜਦੋਂ ਵੀ ਇਸ ਦਾ ਕੋਈ ਹਿੱਸਾ ਕੌਮੀ ਮੁਫ਼ਾਦ ਤੋਂ ਉਲਟ ਕੋਈ ਕਾਰਵਾਈ ਕਰਦਾ ਹੈ ਤਾਂ ਉਹ ਪੰਥ, ਸਰਬਤ ਖਾਲਸਾ, ਪੰਜ ਪਿਆਰਿਆਂ ਦੀ ਤਨਖ਼ਾਹ ਦਾ ਸਜ਼ਾਵਾਰ ਬਣ ਜਾਂਦਾ ਹੈ। ਸਿੱਖ ਸੰਗਤ ਵੀ ਉਸ ਦੇ ਖ਼ਿਲਾਫ਼ ਗੁਰਮਤਾ ਪਾਸ ਕਰ ਕੇ ਸਰਬਤ ਖਾਲਸਾ ਜਾਂ ਤਖ਼ਤਾਂ ਨੂੰ ਭੇਜ ਸਕਦੀ ਹੈ। ਪਰ ਆਖ਼ਰੀ ਗੁਰਮਤਾ ਤਾਂ ਸਰਬਤ ਖਾਲਸਾ ਹੀ ਕਰ ਸਕਦਾ ਹੈ ਤੇ ਫ਼ਤਵਾ, ਫ਼ੁਰਮਾਨ, ਹੁਕਮਨਾਮਾ ਤਾਂ ਸਿਰਫ਼ ਅਕਾਲ ਤਖ਼ਤ ਸਾਹਿਬ ਦੇ ਨਾਂ ਹੇਠ ਹੀ ਜਾਰੀ ਹੋ ਸਕਦਾ ਹੈ। "ਸਰਬਤ ਖਾਲਸਾ" "ਗੁਰਮਤਾ" ਪਾਸ ਕਰਨ ਦਾ ਹੱਕ ਜ਼ਰੂਰ ਰੱਖਦਾ ਹੈ।

ਸਰਬਤ ਖਾਲਸਾ ਕੋਈ ਕਾਇਮ ਹੋਈ ਕਮੇਟੀ ਜਾਂ ਪੱਕਾ ਜੁੱਟ ਨਹੀਂ ਹੈ। ਇਹ ਤਾਂ ਅਸੂਲਨ ਹਰ ਸਾਲ ਆਪਣੇ ਜੱਥੇ ਵਲੋਂ ਥਾਪੇ ਗਏ ਖ਼ਿਦਮਤਗਾਰਾਂ ਦੀ ਬੈਠਕ ਹੋਇਆ ਕਰਦੀ ਹੈ। ਜਦੋਂ ਤੱਕ ਉਹ ਜੱਥਾ ਉਸ ਨੁਮਾਇੰਦੇ 'ਤੇ ਆਪਣਾ ਸਿਦਕ ਕਾਇਮ ਰੱਖਦਾ ਹੈ, ਉਦੋਂ ਤਕ ਉਹ ਸ਼ਖ਼ਸ ਸਰਬਤ ਖਾਲਸਾ ਦਾ ਹਿੱਸਾ ਰਹਿੰਦਾ ਹੈ। ਅਹੁਦੇ ਜਾਂ ਮੈਂਬਰੀ ਦੀ ਨਜਾਇਜ਼ ਭੁੱਖ ਜਾਂ ਪਕੜ ਰੱਖਣ ਵਾਲਾ ਤਾਂ ਸਿੱਖ ਹੋ ਹੀ ਨਹੀਂ ਸਕਦਾ।

* * *

ਗੁਰੂ ਸਾਹਿਬ ਦੀ ਪੰਜਾਬ ਦੇ ਕਲਚਰ ਨੂੰ ਦੇਣ

ਸਹੀ ਮਾਅਨਿਆਂ ਵਿਚ ਦੇਖਿਆ ਜਾਏ ਤਾਂ ਸਿਰਫ਼ ਸਿੱਖ ਧਰਮ ਦੀ ਨੀਂਹ ਪੰਜਾਬ ਦੀ ਮਿੱਟੀ ਵਿਚ ਰੱਖੀ ਗਈ ਸੀ ਤੇ ਬਾਕੀ ਸਾਰੇ ਧਰਮਾਂ ਦੀਆਂ ਜੜ੍ਹਾਂ ਓਪਰੀ ਮਿੱਟੀ ਵਿਚ ਸਨ। ਇਸੇ ਕਰ ਕੇ ਸੱਚੇ ਤੇ ਅਸਲ ਪੰਜਾਬੀਆਂ ਨੇ ਸਿੱਖ ਧਰਮ ਨੂੰ ਦਿਲੋਂ ਕਬੂਲ ਕੀਤਾ।

ਪੰਜਾਬ ਵਿਚ ਸਿੱਖ ਧਰਮ ਦੀ ਸ਼ੁਰੂਆਤ ਤੋਂ ਪਹਿਲਾਂ ਵੱਖ-ਵੱਖ ਵੇਲਿਆਂ ਵਿਚ ਬੋਧੀਆਂ, ਜੈਨੀਆਂ, ਹਿੰਦੂਆਂ, ਮੁਸਲਮਾਨਾਂ ਤੇ ਜੋਗੀਆਂ ਦਾ ਬੋਲਬਾਲਾ ਵੀ ਰਿਹਾ ਸੀ। ਇਹ ਧਰਮ ਕਈ ਵੱਖ-ਵੱਖ ਕਾਰਨਾਂ ਕਰ ਕੇ ਪੰਜਾਬ ਵਿਚ ਆਪਣਾ ਦਬਦਬਾ ਕਾਇਮ ਕਰ ਸਕੇ ਸਨ। ਪਰ ਪੰਜਾਬੀਆਂ ਨੇ ਇਨ੍ਹਾਂ ਵਿਚੋਂ ਕੋਈ ਧਰਮ ਵੀ ਆਪਣੀ ਮਰਜ਼ੀ ਨਾਲ ਕਬੂਲ ਨਹੀਂ ਕੀਤਾ ਸੀ। ਬਾਕੀ ਮੁਲਕਾਂ, ਟਾਪੂਆਂ ਤੇ ਇਲਾਕਿਆਂ ਵਾਂਗ ਅੱਜ ਤੋਂ ਦੋ-ਤਿੰਨ ਹਜ਼ਾਰ ਸਾਲ ਪਹਿਲਾਂ ਪੰਜਾਬ ਵਿਚ ਕੋਈ ਜਥੇਬੰਦ ਧਰਮ ਨਹੀਂ ਸੀ। ਇਥੋਂ ਦੇ ਲੋਕ ਵੀ ਅੱਗ, ਪਾਣੀ, ਆਸਮਾਨ, ਸੂਰਜ, ਸਮੁੰਦਰ, ਪਹਾੜ, ਮੀਂਹ, ਬੱਦਲ ਵਗ਼ੈਰਾ ਦੀ ਪੂਜਾ ਕਰਿਆ ਕਰਦੇ ਸਨ। ਚਾਲਾਕ ਲੋਕਾਂ ਨੇ ਇਨ੍ਹਾਂ ਕੁਦਰਤੀ ਤਬਦੀਲੀਆਂ, ਸੋਮਿਆਂ ਤੇ ਆਫ਼ਤ ਨੂੰ ਦੇਵੀ, ਦੇਵਤੇ ਤੇ ਬਲਾਵਾਂ ਬਣਾ ਕੇ ਆਮ ਲੋਕਾਂ ਨੂੰ ਇਕ ਅਣ-ਦਿਸਦੀ ਤਾਕਤ ਦੇ ਗ਼ੁਲਾਮ ਬਣਾਇਆ ਹੋਇਆ ਸੀ। ਉਂਞ ਪੰਜਾਬ ਵਿਚ ਕੋਈ ਜਥੇਬੰਦ ਜਾਂ ਜਮਾਤੀ ਧਰਮ ਨਹੀਂ ਸੀ। ਜਦੋਂ ਬਦੇਸ਼ੀ ਹਮਲਾਵਰ ਅਤੇ ਯਾਤਰੂ (ਪਠਾਣ, ਮੰਗੋਲ, ਯੂਰਪੀਨ ਵਗ਼ੈਰਾ) ਪੰਜਾਬ ਦੇ ਆਲੇ ਦੁਆਲੇ ਦਾ ਚੱਕਰ ਲਗਾ ਕੇ ਗਏ ਤਾਂ ਉਨ੍ਹਾਂ ਨੇ ਇਸ ਇਲਾਕੇ ਨੂੰ ਸਿੰਧ ਦਰਿਆ ਵਿਚ ਡਿੱਗਣ ਵਾਲੇ ਸੱਤ ਦਰਿਆਵਾਂ ਦੇ ਨਾਂ ਤੇ 'ਸਪਤ ਸਿੰਧੂ' ਆਖਣਾ ਸ਼ੁਰੂ ਕੀਤਾ। ਹੌਲੀ ਹੌਲੀ ਇਹ ਨਾਂ ਵਿਗੜ ਕੇ ਸਿੰਧੂ ਤੋਂ ਹਿੰਦੂ ਬਣ ਗਿਆ। ਇਨ੍ਹਾਂ ਦਰਿਆਵਾਂ ਵਿਚੋਂ ਪੰਜ ਪਾਣੀਆਂ ਦਾ ਵਖਰਾ ਖ਼ਾਸ ਕਲਚਰ ਸੀ। ਇਸ ਕਰਕੇ ਖੋਜੀ ਯਾਤਰੂਆਂ ਨੇ ਇਸ ਦੇਸ਼ ਨੂੰ "ਪੰਜਾਬ" ਦਾ ਨਾਂ ਦਿਤਾ। ਉਸ ਵੇਲੇ ਭਾਰਤ ਜਾਂ ਹਿੰਦੁਸਤਾਨ ਦਾ ਕੋਈ ਵਜੂਦ ਨਹੀਂ ਸੀ। ਇਹ ਤਾਂ ਵੱਖ-ਵੱਖ ਨਸਲਾਂ, ਵੱਖ-ਵੱਖ ਕਬਾਇਲੀ ਤੇ ਕਲਚਰ ਜ਼ੋਨਾਂ ਦਾ ਇਕ ਜਜ਼ੀਰਾ ਸੀ।

ਪੰਜਾਬ ਦੀ ਤਾਰੀਖ਼ ਵਿਚ ਕਿਸੇ ਜਮਾਤੀ ਜਾਂ ਜਥੇਬੰਦ ਧਰਮ ਵਜੋਂ ਸਭ ਤੋਂ ਪਹਿਲਾ ਨਾਂ ਬੁਧ ਧਰਮ ਦਾ ਹੀ ਆਉਂਦਾ ਹੈ। ਪੰਜਾਬ ਦੀ ਤਾਰੀਖ਼ ਭਾਵੇਂ ਬੁੱਧ ਧਰਮ ਦੇ ਤਾਲੀਮੀ ਅਦਾਰਿਆਂ, ਯੂਨੀਵਰਸਿਟੀਆਂ, ਸਤੂਪਾਂ ਤੇ ਮੱਠਾਂ ਦਾ ਜ਼ਿਕਰ ਭਾਵੇਂ ਬਹੁਤਾ ਤਾਂ ਨਹੀਂ ਕਰਦੀ ਪਰ ਇਨ੍ਹਾਂ ਦੇ ਖੰਡਰਾਂ ਤੋਂ ਪਤਾ ਲਗਦਾ ਹੈ ਕਿ ਬੁੱਧ ਧਰਮ ਨੇ ਕਿਸੇ ਵੇਲੇ ਪੰਜਾਬ ਵਿਚ ਆਪਣਾ ਬੋਲਬਾਲਾ ਕਾਇਮ ਕੀਤਾ ਹੋਇਆ ਸੀ। ਇਸ ਸਾਰਾ ਕੁਝ ਦੇ ਪਿੱਛੇ ਬੁੱਧ ਧਰਮ ਦਾ ਆਪਣਾ ਖਾਸਾ ਨਹੀਂ ਬਲਕਿ ਮਹਾਰਾਜਾ ਅਸ਼ੋਕ ਦੀ ਹਕੂਮਤ ਦਾ 'ਜਲਵਾ' ਸੀ। ਰਾਜੇ ਦਾ ਧਰਮ ਆਪਣਾਉਣਾ ਜਿੱਥੇ ਚਾਪਲੂਸੀ, ਕਮਜ਼ੋਰੀ, ਮਜਬੂਰੀ ਤੇ ਦਿਖਾਵੇ

ਵਿਚੋਂ ਪੈਦਾ ਹੁੰਦਾ ਹੈ ਉੱਥੇ ਹਕੂਮਤ ਦਾ ਡਰ ਤੇ ਇਸ ਦੀ ਤਾਕਤ ਦੀ ਦਹਿਸ਼ਤ ਵੀ ਆਪਣਾ ਰੋਲ ਅਦਾ ਕਰਦੀ ਹੈ। ਇਸੇ ਕਰ ਕੇ ਬੁੱਧ ਧਰਮ ਮਹਾਰਾਜਾ ਅਸ਼ੋਕ ਦੀ ਹਕੂਮਤ ਦੀ ਸ਼ਾਨੋ-ਸ਼ੌਕਤ ਦੇ ਦਿਨਾਂ ਤਕ ਹੀ ਫੈਲਿਆ। ਇਸ ਤੋਂ ਬਾਅਦ ਹਿੰਦੂ ਰਾਜਿਆਂ ਦੀ ਹਕੂਮਤ ਆਉਣ ਨਾਲ ਬੁੱਧ ਧਰਮ ਦੇ ਸੈਂਟਰ ਅਲੋਪ ਹੋਣ ਲਗ ਪਏ। ਇਸ ਦੀ ਜਗ੍ਹਾ ਹਿੰਦੂ ਧਰਮ ਦਾ ਦਬਕਾ ਤੇ ਫੈਲਾਅ ਸ਼ੁਰੂ ਹੋ ਗਿਆ। ਪੰਜਾਬ 'ਤੇ ਹਿੰਦੂ ਰਾਜਿਆਂ ਦੇ ਕਬਜ਼ੇ ਅਤੇ ਰਾਜਿਆਂ ਵਲੋਂ ਹਿੰਦੂ ਧਰਮ ਕਬੂਲ ਕਰ ਲੈਣ ਮਗਰੋਂ ਬੁੱਧ ਧਰਮ ਦੇ ਅਦਾਰਿਆਂ ਦੇ ਨਿਸ਼ਾਨ ਤਕ ਮਿਟਣ ਲੱਗ ਪਏ। ਨਵੇਂ ਧਰਮ ਦੇ "ਪੁਜਾਰੀਆਂ" ਨੇ ਬੋਧੀਆਂ ਅਤੇ ਜੈਨੀਆਂ ਦੇ ਰਸਮੋਂ-ਰਿਵਾਜ, ਕਰਮ ਕਾਂਡ, ਧਾਰਮਿਕ ਰਿਵਾਇਤਾਂ, ਪੂਜਾ ਦੇ ਤਰੀਕੇ ਤੇ ਸੰਸਕਾਰ ਅਪਣਾ ਕੇ ਆਪਣਾ ਇਕ ਧਾਰਮਿਕ ਸਿਸਟਮ ਕਾਇਮ ਕਰ ਲਿਆ। ਹਾਲਾਂ ਕਿ ਪੰਜਾਬ ਵਿਚ ਜੈਨੀਆਂ (ਦੋਹਾਂ ਧੜਿਆਂ ਦਾ) ਦਾ ਕੋਈ ਨਾਂ ਨਿਸ਼ਾਨ ਨਹੀਂ ਸੀ, ਪਰ ਭਾਰਤ ਵਿਚੋਂ ਵਰਧਮਾਨ ਮਹਾਂਵੀਰ ਦੇ ਚੇਲਿਆਂ ਵਿਚੋਂ ਕਈ ਪੰਜਾਬ ਵਿਚ ਆ ਵਸੇ ਸਨ ਅਤੇ ਕੁਝ ਨਵੇਂ ਹਮਲਾਵਰਾਂ, ਰਾਜਿਆਂ ਤੇ ਅਹਿਲਕਾਰਾਂ ਵਜੋਂ ਆਏ ਸਨ ਤੇ ਆਪਣੇ ਨਾਲ ਜੈਨ ਧਰਮ ਦੀਆਂ ਧਾਰਮਿਕ ਰਿਵਾਇਤਾਂ ਤੇ ਸੰਸਕਾਰ ਵੀ ਲੈ ਆਏ ਸਨ। ਇਸੇ ਕਰ ਕੇ ਪੰਜਾਬ ਵਿਚ ਫੈਲੇ ਨਵੇਂ ਧਰਮ (ਜਿਸ ਨੂੰ ਮਗਰੋਂ ਹਿੰਦੂ ਧਰਮ ਆਖਿਆ ਜਾਣ ਲੱਗਾ) ਵਿਚ ਬੋਧੀਆਂ, ਜੈਨੀਆਂ ਅਤੇ ਕਬਾਇਲੀ ਰਿਵਾਇਤਾਂ ਤੇ ਸੰਸਕਾਰਾਂ ਨੇ ਆਪਣੀ ਜਗ੍ਹਾ ਬਣਾ ਲਈ। ਵਕਤ ਦੇ ਬੀਤਣ ਨਾਲ ਇਹ ਰਿਵਾਇਤਾਂ ਤੇ ਸੰਸਕਾਰ ਇਕ ਧਰਮ ਵਜੋਂ ਕਾਇਮ ਹੋ ਗਏ। ਪੰਜਾਬ ਦਾ ਮੌਜੂਦਾ ਧਰਮ ਇਨ੍ਹਾਂ ਵੱਖ-ਵੱਖ ਪੈਟਰਨ ਵਾਲੇ ਸੰਸਕਾਰਾਂ, ਰਿਵਾਇਤਾਂ ਤੇ ਅਕੀਦੇ ਦੇ ਇਕੱਠ ਦਾ ਧਰਮ ਹੈ। ਇਸੇ ਕਰ ਕੇ ਪੰਜਾਬ ਹਿੰਦੁਸਤਾਨ, ਦਰਾਵੜਸਤਾਨ, ਬੰਗਾਲ, ਮਰਹੱਟੇ ਅਤੇ ਰਾਜਪੂਤਾਂ ਦੇ ਮੁਲਕਾਂ ਤੋਂ ਵੱਖਰਾ ਹੈ ਇਨ੍ਹਾਂ ਸਾਰਿਆਂ ਦਾ ਅਕੀਦਾ, ਰਿਵਾਇਤਾਂ, ਸੰਸਕਾਰ ਅਤੇ ਪੂਜਾ ਦੇ ਤਰੀਕੇ ਇਕ ਦੂਜੇ ਤੋਂ ਵਖਰੇ ਹਨ।

ਇਨ੍ਹਾਂ ਦੇ ਦੇਵਤੇ ਵੀ ਵੱਖ ਵੱਖ ਸਨ। ਕਿਸੇ ਜਗ੍ਹਾ ਸੂਰਜ ਸੀ ਤੇ ਕਿਤੇ ਚੰਨ, ਕਿਸੇ ਜਗ੍ਹਾ ਅੱਗ ਦੇਵਤਾ ਸੀ ਤੇ ਕਿਤੇ ਇੰਦਰ ਤੇ ਬੱਦਲ 'ਦੇਵਤੇ' ਸਨ। ਕਿਸੇ ਜਗ੍ਹਾ ਸ਼ਿਵਜੀ ਦੇਵਤਾ ਸੀ ਤੇ ਕਿਤੇ ਵਿਸ਼ਨੂੰ। ਇੰਝ ਹੀ ਕਿਸੇ ਇਲਾਕੇ ਵਿਚ ਰਾਜਾ ਰਾਮ ਮਕਬੂਲ ਸੀ ਤੇ ਕਿਸੇ ਜਗ੍ਹਾ ਰਾਜਾ ਕ੍ਰਿਸ਼ਨ। ਵਕਤ ਬੀਤਣ ਨਾਲ ਇਨ੍ਹਾਂ ਦੇਵੀ-ਦੇਵਤਿਆਂ ਦੇ ਬੁੱਤ ਬਣਨ ਲੱਗੇ ਤੇ ਇਨ੍ਹਾਂ ਦੇ ਨਾਂ 'ਤੇ ਮੰਦਰ ਵੀ ਬਣਨ ਲਗ ਪਏ। ਇਨ੍ਹਾਂ ਮੰਦਰਾਂ ਵਿਚ ਬੁੱਤਾਂ ਦੀ ਪੂਜਾ ਵੀ ਹੋਣ ਲਗ ਪਈ। ਹੌਲੀ-ਹੌਲੀ ਪੁਜਾਰੀ ਜਮਾਤ ਵੀ ਕਾਇਮ ਹੋ ਗਈ। ਵਕਤ ਦੇ ਬੀਤਣ ਨਾਲ ਇਸ ਜਮਾਤ ਨੇ ਵੱਖ-ਵੱਖ ਮੰਦਰਾਂ ਵਿਚ ਹੋਣ ਵਾਲੇ ਪੂਜਾ ਪਾਠ ਨੂੰ ਆਪਣੀ ਰੋਜ਼ੀ ਦਾ ਵਸੀਲਾ ਬਣਾ ਲਿਆ। ਮਗਰੋਂ ਇਸ ਨਾਲ ਆਪਸੀ ਮੁਫ਼ਾਦ ਵੀ ਟਕਰਾਉਣ ਲੱਗ ਪਏ। ਇਨ੍ਹਾਂ ਨੇ ਦੇਵਤਿਆਂ ਦੇ ਪੁਜਾਰੀਆਂ ਨੂੰ ਸਰਪਰਸਤੀ ਦੇਣੀ ਤੇ ਲੈਣੀ ਸ਼ੁਰੂ ਕਰ ਦਿੱਤੀ। ਸਮਾਂ ਬੀਤਣ ਨਾਲ ਰਾਜਿਆਂ ਨੇ ਇਸ ਪੁਜਾਰੀ ਜਮਾਤ ਨੂੰ ਆਪਣੇ ਮੁਫ਼ਾਦ ਵਾਸਤੇ ਵਰਤਣਾ ਸ਼ੁਰੂ ਕਰ ਦਿੱਤਾ।

ਇਸ ਪੈਂਤੜੇ ਦੇ ਇਕ ਹਿੱਸੇ ਵਜੋਂ ਰਾਜਿਆਂ ਨੇ ਇਨ੍ਹਾਂ ਪੁਜਾਰੀਆਂ ਦਾ ਆਪਸੀ ਟਕਰਾਅ ਖ਼ਤਮ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ। ਕੁਝ ਚਲਾਕ ਪੁਜਾਰੀਆਂ ਨੇ ਆਪਣੇ

ਕਾਇਮ ਕੀਤੇ ਹੋਏ ਡੇਰਿਆਂ ਅਤੇ ਮੰਦਰਾਂ ਵਿਚ ਇਕ ਤੋਂ ਵੱਧ ਬੁੱਤ ਰੱਖਣੇ ਸ਼ੁਰੂ ਕਰ ਦਿਤੇ ਤਾਂ ਜੋ ਉਹ ਹਰ ਤਰ੍ਹਾਂ ਦੇ ਸ਼ਰਧਾਲੂ ਤੋਂ ਦਾਨ ਲੈ ਸਕਣ। ਹੌਲੀ-ਹੌਲੀ ਦੇਵਤੇ ਸਾਂਝੇ ਬਣਦੇ ਗਏ। ਇਨ੍ਹਾਂ ਦੀ ਸਾਂਝ 'ਚੋਂ ਪੈਦਾ ਹੋਏ ਕਰਮ ਕਾਂਡ ਨੂੰ 'ਹਿੰਦੂ ਧਰਮ' ਆਖਿਆ ਜਾਣ ਲੱਗ ਪਿਆ ਤੇ ਇਹ ਨਾਂ ਵੀ ਇਨ੍ਹਾਂ ਨੇ ਆਪ ਨਹੀਂ ਚੁਣਿਆ ਸੀ ਬਲਕਿ ਮੁਸਲਮਾਨਾਂ ਵਲੋਂ ਦਿੱਤਾ ਗਿਆ ਸੀ। ਇਸ ਨਾਂ ਨੂੰ ਯੂਰਪੀਨਾਂ ਤੇ ਹੋਰ ਯਾਤਰੂਆਂ ਨੇ ਵਧੇਰੇ ਮਕਬੂਲੀਅਤ ਦਿਵਾਈ।

ਮੁਹੰਮਦ ਗੌਰੀ ਤੇ ਹੋਰ ਮੁਸਲਮਾਨ ਹਮਲਵਾਰਾਂ ਦੇ ਆਉਣ ਤੋਂ ਬਾਅਦ ਪੰਜਾਬ ਵਿਚ ਇਸਲਾਮ ਨੇ ਵੀ ਪੈਰ ਪਸਾਰਨੇ ਸ਼ੁਰੂ ਕਰ ਦਿਤੇ। ਇਸਲਾਮ ਦੇ ਫੈਲਾਅ ਪਿਛੇ ਡਰ ਤੇ ਦਹਿਸ਼ਤ ਵਧੇਰੇ ਸੀ। ਉਂਝ ਇਸ ਪਿਛੇ ਸ਼ੇਖ ਫਰੀਦ ਵਰਗੇ ਸੂਫ਼ੀ ਪਰਚਾਰਕਾਂ ਦੇ ਰੋਲ ਦੇ ਨਾਲ-ਨਾਲ ਜਬਰੀ ਧਰਮ-ਬਦਲੀ ਅਤੇ ਹਾਕਮ ਦੇ ਪਿਛਲੱਗ ਬਣਨ ਦੀ ਕਮਜ਼ੋਰੀ ਵੀ ਸ਼ਾਮਿਲ ਸੀ। ਹਿੰਦੂਆਂ ਵਿਚ ਇਸਲਾਮ ਦੇ ਫੈਲਾਅ ਦੀਆਂ ਕੋਸ਼ਿਸ਼ਾਂ ਦਾ ਟਾਕਰਾ ਕਰਨ ਦੀ ਹਿੰਮਤ ਤਾਂ ਕੀ ਆਪਣੇ ਧਰਮ ਤੇ ਕਲਚਰ ਦੀ ਹਿਫ਼ਾਜ਼ਤ ਕਰਨ ਦੀ ਜੁਰਅਤ ਹੀ ਨਹੀਂ ਬਲਕਿ ਉਮੀਦ ਵੀ ਖ਼ਤਮ ਹੋ ਚੁੱਕੀ ਸੀ। ਉਹ ਸਾਰਾ ਕੁਝ ਪੱਥਰ ਤੇ ਮਿੱਟੀ ਦੇ ਬੁੱਤਾਂ ਦੇ ਆਸਰੇ ਹੀ ਛੱਡੀ ਬੈਠੇ ਸਨ। ਉਹ ਧਰਮ ਦੇ ਹੱਕ ਵਾਸਤੇ ਡਟਣ ਤਾਂ ਕੀ ਸੋਚਣ ਲਈ ਵੀ ਤਿਆਰ ਨਹੀਂ ਸਨ।

ਇਸੇ ਦੌਰ ਵਿਚ ਪੰਜਾਬ ਦੀ ਸਰਜ਼ਮੀਂ 'ਤੇ ਸਿੱਖ ਧਰਮ ਨੇ ਜਨਮ ਲਿਆ। ਪੰਜਾਬ ਹੀ ਨਹੀਂ ਸਾਰੇ ਮਹਾਂਦੀਪ ਵਿਚ ਪਿਛਲੇ ਪੰਦਰਾਂ ਸੌ ਸਾਲ ਦੀ ਤਾਰੀਖ਼ ਵਿਚ ਕੋਈ ਹਸਤੀ ਐਸੀ ਨਹੀਂ ਸੀ ਜਿਸ ਨੇ ਹਾਕਮ ਜਾਂ ਦਹਿਸ਼ਤਗਰਦ ਦੇ ਖ਼ਿਲਾਫ਼ ਆਵਾਜ਼ ਉਠਾਈ ਹੋਵੇ। ਬਾਬਰ ਨੂੰ "ਜਾਬਰ" ਆਖਣਾ, ਰਾਜਿਆਂ ਨੂੰ "ਸ਼ੀਂਹ" ਤੇ ਉਸ ਦੇ ਅਹਿਲਕਾਰਾਂ ਨੂੰ "ਕੁੱਤੇ" ਆਖਣਾ, ਹਾਕਮ ਦੀ ਫ਼ੌਜ ਨੂੰ "ਪਾਪ ਦੀ ਜੰਞ" ਦਾ ਨਾਂ ਦੇਣਾ, ਬਾਬਰ ਨੂੰ "ਜਮ" ਗਰਦਾਨਣਾ; ਏਸ ਜਜ਼ੀਰੇ ਵਾਸਤੇ ਇਕ ਕਿਸਮ ਦੀ ਵੱਡੀ ਬਗ਼ਾਵਤ ਤੇ ਅਣੋਖਾ ਇਨਕਲਾਬ ਸੀ। ਇਸ ਅਣਖ ਅਤੇ ਦਲੇਰੀ ਨੂੰ ਗੁਰੂ ਨਾਨਕ ਸਾਹਿਬ ਦੇ ਵਾਰਿਸਾਂ ਨੇ ਵੀ ਦੁਹਰਾਇਆ। ਸਾਰੇ ਮਹਾਂਦੀਪ ਵਿਚ ਹਕੂਮਤ ਨੂੰ ਚੈਲੰਜ ਕਰਨ ਵਾਲੇ ਧਾਰਮਿਕ ਆਗੂ ਤਾਰੀਖ਼ ਵਿਚ ਪਹਿਲੀ ਵਾਰ ਸਾਹਵੇਂ ਆਏ ਸਨ। ਇਹ ਉਹ ਵੇਲਾ ਸੀ ਜਦੋਂ ਇਸ ਮਹਾਂਦੀਪ ਦੀ ਆਖ਼ਰੀ ਅਣਖੀਲੀ ਕੌਮ ਰਾਜਪੂਤਾਂ ਵਿਚੋਂ ਵੀ ਬਹੁਤਿਆਂ ਨੇ ਹਥਿਆਰ ਸੁੱਟ ਕੇ ਆਪਣੀ ਅਣਖ ਦਾ ਸੌਦਾ ਕਰ ਲਿਆ ਸੀ ਤੇ ਉਹ ਅਕਬਰ ਤੇ ਹੋਰ ਮੁਗ਼ਲਾਂ ਨੂੰ ਆਪਣੀਆਂ ਧੀਆਂ ਦੇ ਡੋਲੇ ਦੇ ਕੇ ਬੇਗ਼ੈਰਤ ਅਖਵਾਉਣ ਲੱਗਿਆਂ ਵੀ ਸੰਗ ਨਹੀਂ ਕਰਦੇ ਸਨ। ਅਜਿਹੇ ਵੇਲਿਆਂ ਵਿਚ ਗੁਰੂ ਸਾਹਿਬ ਨੇ ਪੰਜਾਬੀਆਂ ਨੂੰ ਅਣਖ ਨਾਲ ਜੀਣ ਦੀ ਜਾਚ ਸਿਖਾਈ। ਗੁਰੂ ਸਾਹਿਬ ਨੇ ਪੰਜਾਬੀਆਂ ਨੂੰ ਜਿੱਥੇ ਇਕ ਅਕਾਲ ਪੁਰਖ ਦੀ ਹਸਤੀ ਦਾ ਅਹਿਸਾਸ ਕਰਵਾਇਆ, ਉੱਥੇ ਅਣਖ ਤੇ ਸ਼ਾਨ ਵੀ ਦਿੱਤੀ। ਗੁਰੂ ਸਾਹਿਬ ਦੇ ਧਰਮ ਨੇ ਵੱਡੀ ਤੋਂ ਵੱਡੀ, ਤਾਕਤ, ਦਹਿਸ਼ਤ, ਜ਼ੁਲਮ, ਜਬਰ ਅੱਗੇ ਸਿਰ ਝੁਕਾਉਣ, ਬੇਹਿਸ ਹੋਣ, ਦੂਜੇ-ਤੀਜੇ ਦਰਜੇ ਦੇ ਇਨਸਾਨ ਬਣ ਕੇ ਜੀਣ ਨੂੰ ਰੱਦ ਕੀਤਾ। ਗੁਰੂ ਸਾਹਿਬ ਨੇ ਪੰਜਾਬੀਆਂ ਵਿਚੋਂ ਅਹਿਸਾਸੇ-ਕਮਤਰੀ ਨੂੰ ਦੂਰ ਕੀਤਾ। ਪੰਜਾਬੀਆਂ ਦੇ ਕਲਚਰ ਵਿਚ ਜੋ ਅਣਖ ਅੱਜ ਨਜ਼ਰ ਆਉਂਦੀ ਹੈ ਉਹ

ਗੁਰੂ ਸਾਹਿਬ ਦੀ ਹੀ ਦੇਣ ਹੈ। ਦੁਨੀਆਂ ਭਰ ਵਿਚ ਹਾਕਮ ਕੌਮਾਂ ਦੇ ਪੈਰੋਕਾਰਾਂ ਵਿਚ ਹੈਂਕੜ ਦਾ ਪਿਛੋਕੜ ਉਨ੍ਹਾਂ ਦੇ ਹੱਥ ਵਿਚ ਤਾਕਤ ਹੋਣਾ ਹੈ। ਇਸ ਹੈਂਕੜ ਨੂੰ ਅਣਖ ਨਹੀਂ ਆਖ ਸਕਦੇ ਕਿਉਂਕਿ ਅਣਖ ਨਾਲ ਜੀਣ ਵਿਚ ਦੂਜੇ 'ਤੇ ਹਕੂਮਤ ਕਰਨ ਦੀ ਸੋਚ ਨਹੀਂ ਹੁੰਦੀ ਬਲਕਿ ਦੂਜੇ ਦੇ ਹੱਕ, ਵਜੂਦ, ਹਸਤੀ ਵਗ਼ੈਰਾ ਨੂੰ ਕਬੂਲ ਕਰਦੇ ਹੋਏ ਆਪਣੀ ਸ਼ਖ਼ਸੀਅਤ ਨੂੰ ਅਜ਼ਾਦੀ ਨਾਲ ਵਧਣ ਫੁਲਣ ਦਾ ਮਾਹੌਲ ਮੁਹੱਈਆ ਕਰਨਾ ਸ਼ਾਮਿਲ ਹੁੰਦਾ ਹੈ। ਬਹੁਤੀਆਂ ਹਾਕਮ ਕੌਮਾਂ ਵਿਚ ਅਣਖ ਦੀ ਜਗ੍ਹਾ ਹੈਂਕੜ ਹੁੰਦੀ ਹੈ। ਇਸ ਹੈਂਕੜ ਵਿਚ ਅਕਸਰ ਧੱਕੇ-ਸ਼ਾਹੀ ਦੇ ਨਾਲ-ਨਾਲ ਦੂਜੇ ਧਰਮਾਂ, ਕੌਮਾਂ, ਨਸਲਾਂ ਨਾਲ ਨਫ਼ਰਤ ਵੀ ਸ਼ਾਮਲ ਹੋ ਜਾਇਆ ਕਰਦੀ ਹੈ। ਸਿੱਖ ਧਰਮ ਨੇ ਇਨਸਾਨ ਨੂੰ ਜਿਸ ਅਣਖ ਦਾ ਤੋਹਫ਼ਾ ਦਿੱਤਾ ਉਸ ਦਾ ਅਸਲਾ

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥

(ਸਫ਼ਾ ੧੪੨੭)

ਵਿਚ ਪੇਸ਼ ਹੈ। ਇਕ ਸਿੱਖ ਨੇ ਜਿੱਥੇ ਆਪ ਅਣਖ ਨਾਲ ਜੀਣਾ ਸੀ, ਉਥੇ ਦੂਜਿਆਂ ਨੂੰ ਵੀ ਅਣਖ ਤੇ ਸ਼ਾਨੋ-ਸ਼ੌਕਤ ਨਾਲ ਜੀਣ ਦਾ ਮਾਹੌਲ ਮੁਹੱਈਆ ਕਰਨਾ ਸੀ। ਅੱਜ ਸਿੱਖ-ਪੰਜਾਬੀਆਂ ਦਾ ਆਨ-ਸ਼ਾਨ ਨਾਲ ਜੀਣਾ ਗੁਰੂ ਸਾਹਿਬ ਦੀ ਲਾਸਾਨੀ ਦੇਣ ਹੈ ਅਤੇ ਇਹ ਦੇਣ ਗ਼ੈਰ ਸਿੱਖਾਂ ਵਿਚ ਅੱਜ ਵੀ ਬਹੁਤ ਘੱਟ ਨਜ਼ਰ ਆਉਂਦੀ ਹੈ।

ਜਿਥੇ ਗੁਰੂ ਸਾਹਿਬ ਨੇ ਨਿਰਵੈਰ (ਭੈ ਕਾਹੂ ਕਉ ਦੇਤ ਨਹਿ) ਤੇ ਨਿਰਭਉ (ਨਹਿ ਭੈ ਮਾਨਤ ਆਨ) ਦਾ ਪੈਗ਼ਾਮ ਦਿੱਤਾ, ਉਥੇ ਸਿੱਖ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ (ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ) ਅਤੇ ਦੋ ਤਲਵਾਰਾਂ ਦੇ ਮੇਲ ਤੋਂ ਬਣਿਆ ਖੰਡਾ ਤੇ ਇਸ ਦੀ ਪਾਹੁਲ ਵੀ ਦਿੱਤੀ। ਇੰਞ ਹੀ "ਸ਼ਸਤਰ ਗ਼ਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆ" ਵਾਸਤੇ ਦਾ ਪੈਗ਼ਾਮ ਵੀ ਦਿੱਤਾ। ਯਾਨਿ ਸਿੱਖ ਨੇ ਬੇਬਸ, ਕਮਜ਼ੋਰ, ਨਿਤਾਣੇ ਦਾ ਮੁਹਾਫ਼ਿਜ਼ ਬਣਨਾ ਹੈ ਅਤੇ ਜ਼ੁਲਮ ਦੇ ਖ਼ਿਲਾਫ਼ ਡੱਟ ਕੇ ਲੜਨਾ ਹੈ। ਜੇ ਸਿੱਖ ਕਿਸੇ ਦੀ ਬਾਂਹ ਫੜਦਾ ਹੈ ਤਾਂ ਆਪਣਾ ਸਿਰ ਦੇ ਕੇ ਉਸ ਦੀ ਰੱਖਿਆ ਕਰਦਾ ਹੈ। ਗ਼ਰੀਬ ਦੀ ਬਾਂਹ ਫੜਨਾ ਤੇ ਜ਼ੁਲਮ ਦੇ ਖ਼ਿਲਾਫ਼ ਲੜਨਾ, ਪੰਜਾਬੀ ਦੀ ਖ਼ੂਬੀ ਹੈ ਅਤੇ ਇਹ ਗੁਰੂ ਸਾਹਿਬ ਦੀ ਦੇਣ ਹੀ ਹੈ।

ਕਿਸੇ ਦਾ ਪਿਛਲੱਗ ਕਦੇ ਨਾ ਬਣਨ ਜਾਂ ਰਹਿਣ ਦੀ ਸੋਚ ਅੱਜ ਪੰਜਾਬ ਵਿਚ ਬਹੁਤ ਹਾਵੀ ਹੈ। ਇਸ ਦਾ ਪਿਛੋਕੜ ਵੀ ਗੁਰੂ ਸਾਹਿਬ ਵਲੋਂ ਸਿੱਖ ਨੂੰ "ਸਿਰਦਾਰੀ" ਦੀ ਬਖ਼ਸ਼ਿਸ਼ ਹੀ ਹੈ। ਹਰ ਸਿੱਖ ਖਾਲਸਾ ਹੈ। ਖਾਲਸਾ ਅਰਬੀ ਜ਼ੁਬਾਨ 'ਚੋਂ ਆਇਆ ਲਫ਼ਜ਼ ਹੈ। ਇਸ ਦਾ ਮਾਅਨਾ ਹੈ : "ਉਹ ਜ਼ਮੀਨ ਜੋ ਬਾਦਸ਼ਾਹ ਦੀ ਸਿੱਧੀ ਆਪਣੀ ਹੋਵੇ, ਯਾਨਿ ਖ਼ੁਦਮੁਖ਼ਤਿਆਰ"। ਅਕਾਲ ਪੁਰਖ ਦੇ ਖਾਲਸੇ ਦਾ ਮਤਲਬ ਇਹ ਵੀ ਹੈ : "ਅਕਾਲ ਪੁਰਖ ਦੀ ਸਿੱਧੀ ਰਿਆਇਆ।" ਸਿੱਖ ਆਪਣੇ ਅਤੇ ਅਕਾਲ ਪੁਰਖ ਦੇ ਵਿਚਕਾਰ ਕੋਈ ਵਜੂਦ ਨਹੀਂ ਮੰਨਦਾ। ਰੂਹਾਨੀ ਤੇ ਸਿਆਸੀ ਖ਼ੁਦਮੁਖ਼ਤਿਆਰੀ ਖਾਲਸੇ ਦਾ ਖਾਸਾ ਹੈ। ਇਸੇ ਸਿਰਦਾਰੀ ਤੇ ਖ਼ੁਦਮੁਖ਼ਤਿਆਰੀ ਨੇ ਪੰਜਾਬੀਆਂ ਵਿਚ ਕਿਸੇ ਦਾ "ਪਿਛਲੱਗ ਨਾ ਬਨਣ" ਦੀ ਸੋਚ ਪੈਦਾ ਕੀਤੀ। ਪੰਜਾਬ ਦੇ ਕਲਚਰ ਨੂੰ ਇਹ ਦੇਣ ਵੀ ਗੁਰੂ ਸਾਹਿਬ ਦੀ ਹੀ ਹੈ। ਇਹ

ਗੱਲ ਹੈਰਾਨੀ ਵਾਲੀ ਹੈ ਕਿ ਇਹ "ਸਿਰਦਾਰੀ", "ਖ਼ੁਦਮੁਖ਼ਤਿਆਰੀ" ਅਤੇ "ਖ਼ੁਦਦਾਰੀ" ਦੀ ਸੋਚ ਪੰਜਾਬ ਦੇ ਗ਼ੈਰ-ਸਿੱਖਾਂ ਵਿਚ "ਇਕ ਕੌਮੀ ਖ਼ੂਬੀ ਵਜੋਂ" ਅਜ ਵੀ ਵਜੂਦ ਨਹੀਂ ਰਖਦੀ।

ਗੁਰੂ ਸਾਹਿਬ ਨੇ ਪੰਜਾਬ ਵਿਚੋਂ ਪੁਜਾਰੀ ਜਮਾਤ ਵਲੋਂ ਪੈਦਾ ਕੀਤੀ "ਜ਼ਾਤ-ਪਾਤ" ਦੀ ਨਫ਼ਰਤ ਨੂੰ ਖ਼ਤਮ ਕਰਨ ਵਿਚ ਵੀ ਅਹਿਮ ਰੋਲ ਅਦਾ ਕੀਤਾ। ਗੁਰੂ ਕਾਲ ਤੋਂ ਪਹਿਲਾਂ ਪੰਜਾਬ ਵਿਚ ਬ੍ਰਾਹਮਣ, ਖਤਰੀ ਤੇ ਰਾਜਪੂਤ ਦਾ ਦਰਜਾ ਤਰਖਾਣ, ਜੱਟ, ਸੈਣੀ, ਅਰੋੜੇ, ਕੰਬੋ, ਲੁਬਾਣੇ ਤੋਂ ਕਿਤੇ ਉਚੇਰਾ ਸੀ। ਪਰ ਗੁਰੂ ਸਾਹਿਬ ਨੇ "ਲੰਗਰ, ਸੰਗਤ ਤੇ ਪੰਗਤ" ਵਿਚ ਜਿਥੇ "ਅਖੌਤੀ ਵੱਡੇ ਦੀ ਹੰਕਾਰੀ ਸੋਚ" ਦਾ ਖ਼ਾਤਮਾ ਕੀਤਾ ਉਥੇ "ਅਖੌਤੀ-ਛੋਟੇ ਦੇ ਅਹਿਸਾਸੀ-ਕਮਤਰੀ" ਨੂੰ ਵੀ ਜਲਾਵਤਨ ਕੀਤਾ। ਸਿੱਖ ਤਾਰੀਖ਼ ਤੇ ਸਿੱਖ ਕਲਚਰ ਵਿਚ ਭਾਈ ਲਾਲੋ ਤਰਖਾਣ, ਮੂਲਾ ਖਤਰੀ, ਬਾਬਾ ਬੁੱਢਾ ਜੱਟ, ਚੰਗਾ ਭਾਟੜਾ, ਮਰਦਾਨਾ ਮਿਰਾਸੀ, ਲਹਿਣਾ ਖਤਰੀ, ਮੰਡੀ ਦਾ ਰਾਜਪੂਤ ਰਾਜਾ, ਮਟਨ ਦਾ ਕਸ਼ਮੀਰੀ ਪੰਡਤ ਬ੍ਰਹਮ ਦੇਵ ਸਾਰਿਆਂ ਦਾ ਇਕੋ ਦਰਜਾ ਸੀ। ਦਸਮ ਪਾਤਿਸ਼ਾਹ ਵੇਲੇ ਵੀ ਭਾਈ ਜੀਵਨ ਸਿੰਘ ਰੰਘਰੇਟਾ, ਭਾਈ ਮਨੀ ਸਿੰਘ ਪਰਮਾਰ ਰਾਜਪੂਤ, ਭਾਈ ਕਿਰਪਾ ਰਾਮ (ਸਿੰਘ) ਦੱਤ ਪੰਡਤ, ਭਾਈ ਹਜ਼ਾਰੀ-ਭੰਡਾਰੀ-ਦਰਬਾਰੀ ਬਾਣੀਏ, ਬਾਬਾ ਦਰਬਾਰਾ ਸਿੰਘ ਛੀਂਬਾ, ਭਾਈ ਗੁਰਦਿੱਤਾ ਰੰਧਾਵਾ ਜੱਟ, ਪਾਲਿਤ ਜ਼ੋਰਾਵਰ ਸਿੰਘ ਤਰਖਾਣ, ਭਾਈ ਗੁਰਸਾ ਸਿੰਘ ਗਹੂਣੀਆ ਸੈਣੀ ਅਤੇ ਹੋਰ ਜ਼ਾਤਾਂ ਵਾਲੇ ਕਿਤੇ ਵੀ ਵੱਖ-ਵੱਖ ਨਜ਼ਰ ਨਹੀਂ ਆਉਂਦੇ। ਗੁਰੂ ਸਾਹਿਬ ਨੇ ਜਿੱਥੇ ਜ਼ਾਤ ਪਾਤ, ਅਮੀਰ-ਗ਼ਰੀਬ, ਉਚੇ ਨੀਵੇਂ ਦੀ ਦਰਜਾਬੰਦੀ ਖ਼ਤਮ ਕੀਤੀ ਉਥੇ ਅਖੌਤੀ-ਮਾਰਸ਼ਲ ਜ਼ਾਤ ਦਾ ਭਰਮ ਵੀ ਤੋੜਿਆ। ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਹਾਸਿਲ ਕਰਨ ਵਾਲੇ ਹਰ ਸਿੱਖ ਨੂੰ ਮਾਰਸ਼ਲ ਬਣਾ ਕੇ ਕੁਝ ਖ਼ਾਸ ਕੌਮਾਂ ਦਾ ਮਾਰਸ਼ਲ ਹੋਣ ਦਾ ਭਰਮ ਵੀ ਤੋੜ ਦਿੱਤਾ। ਜਿਹੜੇ ਪੰਜਾਬੀ ਲੋਕ, ਗ਼ਜ਼ਨਵੀ, ਬਾਬਰ, ਔਰਗੰਜ਼ੇਬ ਦੀਆਂ ਫ਼ੌਜਾਂ ਦਾ ਨਾਂ ਸੁਣ ਕੇ ਵੀ ਸਹਿਮ ਜਾਂਦੇ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਨੇ ਅਮਲੀ ਰੂਪ ਵਿਚ ਸ਼ੇਰ ਬਣਾ ਦਿੱਤਾ। ਪੰਜਾਬ ਵਿਚ, ਖ਼ਾਸ ਕਰ ਕੇ ਸਿੱਖਾਂ ਵਿਚ, ਬਹਾਦਰੀ ਦੀ ਕੌਮੀ ਖ਼ੂਬੀ 'ਖੰਡੇ ਦੀ ਪਾਹੁਲ' ਦੀ ਦੇਣ ਹੈ।

ਪੰਜਾਬੀਆਂ ਵਿਚ ਸਿਰਫ਼ ਬਹਾਦਰੀ ਹੀ ਨਹੀਂ, ਕੁਰਬਾਨੀ ਦੀ ਰੂਹ ਵੀ ਮੌਜੂਦ ਹੈ। ਇਸ ਦਾ ਮੁੱਢ ਵੀ ੨੫ ਮਈ ੧੬੦੬ ਦੇ ਦਿਨ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲ ਬੱਝਦਾ ਹੈ। ਗੁਰੂ ਅਰਜਨ ਸਾਹਿਬ ਭਾਰਤੀ ਜਜ਼ੀਰੇ ਦੇ ਪਹਿਲੇ ਸ਼ਹੀਦ ਸਨ, ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੂਰੇ ਪਰਿਵਾਰ ਦੀਆਂ ਕੁਰਬਾਨੀਆਂ ਦੇ ਕੇ ਆਨ ਤੇ ਸ਼ਾਨ ਦੀ ਜ਼ਿੰਦਗੀ ਵਾਸਤੇ ਜੂਝਣ ਤੇ ਕੁਰਬਾਨ ਹੋਣ ਦਾ ਜੋ ਸਬਕ ਦਿੱਤਾ ਉਹ ਅੱਜ ਸਿੱਖ-ਸੁਭਾਅ ਦਾ ਇਕ ਅਹਿਮ ਹਿੱਸਾ ਹੈ। ਸਿੱਖ ਪੰਥ ਨੇ ਕੁਰਬਾਨੀ ਕਰਨ ਦੀ ਇਸ ਭਾਵਨਾ ਨੂੰ ਗੁਰੂ ਸਾਹਿਬ ਤੋਂ ਮਗਰੋਂ ਵੀ ਕਈ ਵਾਰ ਜ਼ਾਹਰਾ ਕਰ ਕੇ ਵਿਖਾਇਆ। ਅਠਾਰਵੀਂ ਸਦੀ ਦੇ ਪੂਰੇ ਛੇ ਦਹਾਕੇ ਜੂਝਣਾ, ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ, ਗ਼ਦਰ ਪਾਰਟੀ, ਅਕਾਲੀ ਲਹਿਰ, ਗੁਰੂ ਦਾ ਬਾਗ਼, ਜੈਤੋ ਮੋਰਚੇ, ਬਬਰ ਅਕਾਲੀ ਲਹਿਰ, ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਹਿੱਸਾ, ਪੰਜਾਬੀ ਸੂਬਾ ਮੋਰਚਾ, ਧਰਮ ਯੁੱਧ ਮੋਰਚਾ

ਖਾੜਕੂ ਲਹਿਰ ਵਗ਼ੈਰਾ ਗੁਰੂ ਸਾਹਿਬ ਵਲੋਂ ਸਿੱਖਾਂ ਵਿਚ ਭਰੀ ਕੁਰਬਾਨੀ ਦੀ ਭਾਵਨਾ ਦਾ ਹੀ ਨਤੀਜਾ ਸਨ।

ਸਿੱਖ-ਪੰਜਾਬ ਵਿਚ "ਭਾਈਚਾਰਕ ਸੋਚ" ਗੁਰੂ ਸਾਹਿਬ ਦੀ ਹੀ ਦੇਣ ਹੈ। ਇਸ ਦੀ ਨੀਂਹ ਦਾ ਪਿਛੋਕੜ ਗੁਰੂ ਨਾਨਕ ਸਾਹਿਬ ਦੇ ਕਿਰਤ ਕਰਨ ਤੇ ਵੰਡ ਛਕਣ ਦੇ ਫ਼ਲਸਫ਼ੇ ਵਿਚ ਮੌਜੂਦ ਹੈ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਹਰ ਇਕ ਸਿੱਖ ਆਪਣੀ ਕਮਾਈ ਤੇ ਜਾਇਦਾਦ ਨੂੰ ਭਾਈਚਾਰੇ ਦੀ ਸਾਂਝੀ ਦੌਲਤ ਮੰਨੇ। ਇਸ ਨੂੰ ਕਮਿਊਨਿਸਟ ਫ਼ਲਸਫ਼ੇ ਤੋਂ ਵਖਰਿਆਉਣਾ ਬੜਾ ਜ਼ਰੂਰੀ ਹੈ। ਕਮਿਊਨਿਸਟ ਫ਼ਲਸਫ਼ੇ ਵਿਚ ਮੁਲਕ ਦੀ ਸਾਰੀ ਦੌਲਤ ਜਬਰੀ ਤੌਰ ਤੇ ਸਰਕਾਰੀ ਬਣ ਜਾਂਦੀ ਹੈ। ਪਰ ਸਿੱਖ ਫ਼ਲਸਫ਼ੇ ਵਿਚ 'ਵੰਡ ਛਕਣਾ' ਠੋਸਿਆ ਨਹੀਂ ਗਿਆ। ਇਹ ਆਪਣੀ ਚੋਣ ਨਾਲ ਹੈ। ਹਰ ਸਿੱਖ ਦਾ ਧਾਰਮਿਕ ਤੇ ਰੂਹਾਨੀ ਫ਼ਰਜ਼ ਹੈ ਕਿ ਉਹ ਆਪਣੇ ਚੌਗਿਰਦੇ ਵਿਚ ਲੋੜਵੰਦਾਂ ਦੀ ਮਦਦ ਕਰੇ। ਇਹ ਵੱਖਰੀ ਗੱਲ ਹੈ ਕਿ ਅੱਜ ਬਹੁਤ ਸਾਰੇ ਸਿੱਖ ਇਸ ਫ਼ਲਸਫ਼ੇ ਤੋਂ ਉਖੜ ਚੁਕੇ ਹਨ ਪਰ ਗੁਰੂ ਸਾਹਿਬ ਦੇ ਵੇਲੇ ਤੋਂ ਮਹਾਰਾਜਾ ਰਣਜੀਤ ਸਿੰਘ ਤਕ ਸਿੱਖਾਂ ਵਿਚ ਭਾਈਚਾਰਕ ਸਾਂਝ ਏਨੀ ਸੀ ਕਿ ਸਿੱਖਾਂ ਵਿਚ ਗ਼ਰੀਬੀ, ਭੁੱਖ, ਥੁੜ ਦਾ ਨਾਂ ਨਿਸ਼ਾਨ ਤਕ ਨਹੀਂ ਸੀ ਹੁੰਦਾ। ਉਦੋਂ ਅਸੀਂ ਗੁਰੂ ਦੇ ਰਸਤੇ 'ਤੇ ਚਲਦੇ ਸੀ ਤੇ ਹੁਣ ਅਸੀਂ ਉਸ ਰਸਤੇ ਤੋਂ ਬਹੁਤ ਦੂਰ ਹਾਂ। ਖ਼ੈਰ ਗੱਲ ਤਾਂ ਫ਼ਲਸਫ਼ੇ ਦੀ ਕਰ ਰਿਹਾ ਹਾਂ। ਗੁਰੂ ਨਾਨਕ ਸਾਹਿਬ ਦਾ ਵੰਡ ਛਕਣ ਦਾ ਫ਼ਲਸਫ਼ਾ ਮਗਰੋਂ ਦਸਵੇਂ ਪਾਤਿਸ਼ਾਹ ਵੇਲੇ ਤਕ "ਦਸਵੰਧ" ਦੇ ਨਾਂ ਹੇਠ ਇਕ "ਜਮਾਤ" ਵਜੋਂ ਕਾਇਮ ਹੋ ਗਿਆ ਸੀ। ਗੁਰੂ ਸਾਹਿਬ ਵੇਲੇ ਸਾਰੇ ਸਿੱਖਾਂ ਦਾ ਦਸਵੰਧ ਗੁਰੂ ਸਾਹਿਬ ਦੇ ਦਰਬਾਰ ਵਿਚ ਪੁਜਦਾ ਸੀ ਤੇ ਇਸ ਨਾਲ ਉਨ੍ਹਾਂ ਦੇ ਤਖ਼ਤ ਸਾਹਿਬ ਤੋਂ ਲੋੜਵੰਦ ਸਿੱਖਾਂ ਦੀ ਮਦਦ ਕੀਤੀ ਜਾਇਆ ਕਰਦੀ ਸੀ। ਇਸੇ ਰਕਮ ਵਿਚੋਂ ਥੁੜ ਵਾਲੇ ਤੇ ਹੰਗਾਮੀ ਹਾਲਤ ਵਾਲੇ ਇਲਾਕਿਆਂ ਵਿਚ ਮਦਦ ਪਹੁੰਚਾਈ ਜਾਇਆ ਕਰਦੀ ਸੀ। ਵੱਖ-ਵੱਖ ਇਲਾਕਿਆਂ ਵਿਚ ਕਾਲ ਪੈਣ ਜਾਂ ਕਿਸੇ ਹੋਰ ਹੰਗਾਮੀ ਹਾਲਤ ਵੇਲੇ ਮਦਦ ਪਹੁੰਚਾਉਣ, ਖੂਹ ਲਾਉਣ, ਬਾਉਲੀਆਂ ਬਣਾਉਣ ਤੇ ਲੰਗਰ ਚਲਾਉਣ ਦਾ ਜ਼ਿਕਰ ਸਿੱਖ ਤਾਰੀਖ਼ 'ਚ ਵਾਰ-ਵਾਰ ਆਉਂਦਾ ਹੈ।

ਇੰਞ ਹੀ ਲੰਗਰ ਦੀ ਇੰਸਟੀਚਿਊਸ਼ਨ ਵੀ ਸਿੱਖਾਂ ਵਿਚ ਭਾਈਚਾਰਕ ਸਾਂਝ ਦੀ ਨਿਸ਼ਾਨੀ ਹੈ। ਲੰਗਰ 'ਚ ਇਕੋ ਜਿਹਾ ਖਾਣਾ, ਇਕੋ ਤਰੀਕੇ ਨਾਲ ਛਕਣ ਨਾਲ, ਸਿੱਖਾਂ ਵਿਚ ਇਕ ਘਰ ਦੇ ਜੀਅ ਹੋਣ ਦਾ ਅਹਿਸਾਸ ਪੈਦਾ ਹੋਣਾ ਸ਼ੁਰੂ ਹੋ ਗਿਆ। ਲੰਗਰ ਦਾ ਸਬਕ ਸਿੱਖ ਨੇ ਸਿਰਫ਼ ਲੰਗਰ ਹਾਲ ਵਿਚ ਹੀ ਨਹੀਂ ਅਪਣਾਉਣਾ ਬਲਕਿ ਗੁਰਦੁਆਰਾ ਕੰਪਲੈਕਸ ਤੋਂ ਬਾਹਰ ਵੀ ਅਮਲ ਵਿਚ ਲਿਆਉਣਾ ਸੀ। ਮੈਂ ਇਹ ਦਾਅਵਾ ਨਹੀਂ ਕਰਦਾ ਕਿ ਹਰ ਸਿੱਖ ਵਿਚ ਇਹ ਸੋਚ ਅੱਜ ਵੀ ਹੈ ਪਰ ਘੱਟੋ-ਘੱਟ ਉੱਨੀਵੀਂ ਸਦੀ ਦੇ ਸ਼ੁਰੂ ਤਕ ਇਹ ਸੋਚ ਜ਼ਰੂਰ ਕਾਇਮ ਸੀ। ਜਿਉਂ-ਜਿਉਂ ਅਸੀਂ ਧਰਮ ਤੋਂ ਦੂਰ ਹੁੰਦੇ ਗਏ ਇਹ ਸੋਚ ਘਟਦੀ ਗਈ। ਇਹ ਦੇਣ ਵੀ ਗੁਰੂ ਸਾਹਿਬ ਦੀ ਹੀ ਸੀ ਕਿ ਖਤਰੀ, ਅਰੋੜੇ, ਬ੍ਰਾਹਮਣ ਤੇ ਰਾਜਪੂਤ, ਜੱਟ, ਚਮਾਰ ਤੇ ਭੰਗੀ ਦੇ ਹੱਥ ਦੀ ਪੱਕੀ ਤੇ ਉਸ ਵੱਲੋਂ ਪਰੋਸੀ ਹੋਈ ਰੋਟੀ ਖਾਣ ਲਗ ਪਏ। ਗੁਰੂ ਸਾਹਿਬ ਨੇ ਛੂਤ-ਛਾਤ ਨੂੰ ਸਿੱਖ ਕਲਚਰ 'ਚੋਂ ਫ਼ਾਰਖਤੀ ਦੇ ਦਿਤੀ।

ਜੇ ਕੋਈ ਸਿੱਖ ਛੂਤ-ਛਾਤ ਦੀ ਸੋਚ ਜਿਉਂਦਾ ਹੈ ਤਾਂ ਉਹ ਯਕੀਨਨ ਗੁਰੂ ਸਾਹਿਬ ਦੀ ਸਿਖਿਆ ਤੋਂ ਕੋਹਾਂ ਦੂਰ ਹੈ।

ਪੰਜਾਬੀਆਂ ਵਿਚ ਸੇਵਾ ਦੀ ਭਾਵਨਾ ਵੀ ਗੁਰੂ ਸਾਹਿਬ ਦੀ ਦੇਣ ਹੈ। ਸਿੱਖ ਕਲਚਰ ਵਿਚ ਸੇਵਾ ਕਰਨਾ ਇਕ ਮਾਣ ਵਾਲੀ ਗੱਲ ਸਮਝੀ ਜਾਂਦੀ ਹੈ। ਨੀਵੇਂ ਤੋਂ ਨੀਵੇਂ ਕੰਮ ਵਾਲੀ ਸੇਵਾ ਕਰਨਾ ਹਰ ਸੱਚਾ ਸਿੱਖ ਆਪਣਾ, ਫ਼ਰਜ਼ ਸਮਝਦਾ ਹੈ। ਗੁਰਦੁਆਰੇ ਵਿਚ ਝਾੜੂ ਦੇਣ, ਫ਼ਰਸ਼ ਸਾਫ਼ ਕਰਨ, ਲੰਗਰ ਦੇ ਜੂਠੇ ਭਾਂਡੇ ਮਾਂਜਣ ਵਾਸਤੇ ਸਿੱਖ ਇਕ ਦੂਜੇ ਕੋਲੋਂ ਸੇਵਾ ਖੋਹਣ ਦੀ ਕੋਸ਼ਿਸ਼ ਕਰਦੇ ਹਨ। ਮਗਰੋਂ (ਮਹਾਰਾਜਾ) ਰਣਜੀਤ ਸਿੰਘ ਨੇ ਸਿੱਖਾਂ ਵਿਚ ਜਗੀਰਦਾਰ ਜਮਾਤ ਪੈਦਾ ਕਰ ਕੇ ਸਿੱਖੀ ਵਿਚ ਭਾਈਚਾਰਕ ਬਰਾਬਰਤਾ ਘਟਾਈ। ਇਸ ਨਾਲ ਕੌਮੀ ਪੱਧਰ ਤੇ ਆਮ ਸਿੱਖਾਂ ਵਿਚ ਅਖੌਤੀ ਰਈਸਾਂ ਵਿਚ ਸਿੱਖਾਂ ਦੀ ਭਾਵਨਾ ਕੁਝ ਹੱਦ ਤਕ ਘੱਟ ਗਈ। ਪਰ ਇਸ ਦੇ ਬਾਵਜੂਦ ਕੌਮੀ ਪੱਧਰ ਤੇ ਆਮ ਸਿੱਖਾਂ ਵਿਚ ਸੇਵਾ ਹਮੇਸ਼ਾ ਮਾਣ ਵਾਲੀ ਗੱਲ ਰਹੀ ਹੈ ਤੇ ਰਹੇਗੀ। ਇਹ ਸੋਚ ਗ਼ੈਰ-ਸਿੱਖਾਂ ਵਿਚ ਜਾਂ ਤਾਂ ਬਿਲਕੁਲ ਮੌਜੂਦ ਨਹੀਂ ਹੈ ਤੇ ਜੇ ਜ਼ਰਾ-ਮਾਸਾ ਹੈ ਤਾਂ ਉਹ ਸਿਰਫ਼ ਸਿੱਖੀ ਫ਼ਲਸਫ਼ੇ ਦੇ ਨੂਰ ਤੋਂ ਉਧਾਰ ਲਏ ਚਾਨਣ ਕਰ ਕੇ ਹੀ ਹੈ।

ਗੁਰੂ ਸਾਹਿਬ ਨੇ ਪੰਜਾਬ 'ਚ ਮੇਲੇ ਮਨਾਉਣ ਦੇ ਤਰੀਕੇ ਨੂੰ ਵੀ ਅਸਰ-ਅੰਦਾਜ਼ ਕੀਤਾ। ਗੁਰੂ ਸਾਹਿਬ ਵੇਲੇ ਲੋਹੜੀ, ਹੋਲੀ, ਵਿਸਾਖੀ ਤੇ ਕੁਝ ਹੋਰ ਤਿਉਹਾਰ ਹਿੰਦੂਆਂ ਵਲੋਂ ਮਨਾਏ ਜਾਂਦੇ ਸਨ। ਉਂਞ ਇਹ ਤਿਉਹਾਰ ਰੌਲਾ, ਤਮਾਸ਼ੇ, ਨਸ਼ਿਆਂ ਤੇ ਖਰੂਦ ਮਚਾਉਣ ਤੋਂ ਸਿਵਾ ਕੁਝ ਵੀ ਨਹੀਂ ਹੁੰਦੇ ਸਨ। ਗੁਰੂ ਸਾਹਿਬ ਨੇ ਹੋਲੀ ਨੂੰ ਹੋਲਾ ਮਹੱਲਾ ਬਣਾ ਕੇ ਇਸ ਨੂੰ ਮਾਰਸ਼ਲ ਪੁੱਠ ਦਿਤੀ, ਵਿਸਾਖੀ ਨੂੰ ਰੂਹਾਨੀਅਤ ਦੇ ਮਾਹੌਲ ਵਿਚ ਰੰਗ ਦਿੱਤਾ, ਮਾਘੀ ਨੂੰ ਧਾਰਮਿਕਤਾ ਦੀ ਪਾਨ ਚੜ੍ਹਾਈ। ਇਨ੍ਹਾਂ ਤਿਉਹਾਰਾਂ ਨੂੰ ਖੇਡਾਂ, ਕੀਰਤਨ ਤੇ ਭਾਈਚਾਰਕ ਸਾਂਝ ਵਿਚ ਬਦਲਿਆ।

ਗੁਰੂ ਸਾਹਿਬ ਨੇ ਪੰਜਾਬੀਆਂ ਵਿਚੋਂ ਦਲਿੱਦਰ ਖ਼ਤਮ ਕਰਨ ਵਾਸਤੇ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰ ਕੇ, ਸੰਗਤ ਨਾਲ ਸਾਂਝ ਪਾਉਣ ਦਾ ਰੋਜ਼ਨਾਮਚਾ ਦਿੱਤਾ। ਅੱਜ ਸਿੱਖਾਂ ਵਿਚ ਫੁਰਤੀ, ਤੇਜ਼ੀ, ਚੁਸਤੀ ਤੇ ਅੱਗੇ-ਅੱਗੇ ਪੁਲਾਂਘਾਂ ਪੁੱਟਣ ਦੀ ਜੋ ਸੋਚ ਹੈ ਉਹ ਇਸੇ ਰੋਜ਼ਨਾਮਚੇ ਦਾ ਨਤੀਜਾ ਹੈ। ਅੱਜ ਜੇ ਸਿੱਖ ਸਾਰੇ ਗਲੋਬ ਤੇ ਹਿੰਮਤੀ ਤੇ ਅਗਾਂਹ-ਵਧੂ ਇਨਸਾਨਾਂ ਵਜੋਂ ਕਾਇਮ ਹੋਏ ਹਨ ਤਾਂ ਇਸ ਪਿੱਛੇ ਸਿੱਖਾਂ ਵਿਚੋਂ ਦਲਿੱਦਰ ਦੀ ਜਲਾਵਤਨੀ ਦਾ ਵੀ ਅਹਿਮ ਰੋਲ ਹੈ। ਇਹ ਵੀ ਗੁਰੂ ਸਾਹਿਬ ਦਾ ਸਿੱਖ ਪੰਜਾਬ ਨੂੰ ਲਾਸਾਨੀ ਤੋਹਫ਼ਾ ਹੈ।


ਇੰਞ ਹੀ ਸਿੱਖਾਂ ਵਿਚ ਜਮ੍ਹਾਂ-ਪੱਖੀ ਸੋਚ ਵੀ ਗੁਰੂ ਸਾਹਿਬ ਦੀ ਹੀ ਦੇਣ ਹੈ। ਸਿੱਖ ਵਾਸਤੇ ਨਫ਼ੀ ਸੋਚ, ਨਿੰਮੋਝੂਣਤਾ, ਹਾਰ ਵਗ਼ੈਰਾ ਓਪਰੇ ਖ਼ਿਆਲ ਹਨ। ਅੱਗੇ ਵਧਣਾ, ਉਮੀਦ ਰੱਖਣਾ, ਉਸਾਰੂ ਪਹੁੰਚ ਅਪਨਾਉਣਾ ਸਿੱਖ ਦਾ ਖਾਸਾ ਹੈ। ਇਸ ਖਾਸੇ ਨੂੰ ਸਿੱਖ ਬੋਲਾਂ ਵਿਚ "ਚੜ੍ਹਦੀ ਕਲਾ" ਆਖਿਆ ਜਾਂਦਾ ਹੈ। ਇਸ ਚੜ੍ਹਦੀ ਕਲਾ ਨੇ ਸਿੱਖਾਂ ਵਿਚ ਇਕ ਲਾਸਾਨੀ ਰੂਪ ਧਾਰ ਲਿਆ ਹੈ। ਸਿੱਖ ਦੇ ਘਰ ਵਿਚ ਬੱਚੇ ਦਾ ਜਨਮ ਹੋਵੇ, ਵਿਆਹ ਸ਼ਾਦੀ ਹੋਵੇ ਜਾਂ ਕੋਈ ਚੜ੍ਹਾਈ ਕਰ ਜਾਵੇ ਇਸ ਸਾਰਾ ਕੁਝ ਵਾਸਤੇ ਸਿੱਖ ਪਾਠ ਤੇ ਕੀਰਤਨ

ਕਰਵਾਉਂਦਾ ਹੈ। ਯਾਨਿ ਸਿੱਖ ਵਾਸਤੇ ਖ਼ੁਸ਼ੀ-ਗ਼ਮੀ, ਘਾਟਾ-ਨਫ਼ਾ ਸਭ ਇਕ ਹਨ। ਪੰਜਾਬ ਦੇ ਕਲਚਰ ਨੂੰ ਇਹ ਦੇਣ ਵੀ ਗੁਰੂ ਸਾਹਿਬ ਦੀ ਹੀ ਹੈ।

ਸਮੁੱਚੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਸਿੱਖ ਨੂੰ (ਜਾਂ ਪੰਜਾਬੀਆਂ ਨੂੰ) ਅਣਖ ਨਾਲ ਜੀਣਾ, ਚੜ੍ਹਦੀ ਕਲਾ, ਜਮ੍ਹਾਂ-ਪੱਖੀ ਸੋਚ, ਕਿਰਤ ਕਰਨਾ, ਵੰਡ ਛਕਣਾ, ਦਸਵੰਧ, ਸੇਵਾ, ਲੰਗਰ, ਸੰਗਤ ਤੇ ਪੰਗਤ ਯਾਨਿ ਭਾਈਚਾਰਕ ਸਾਂਝ, ਨਿਡਰਤਾ, ਨਿਰਵੈਰਤਾ, ਸਾਂਝੀਵਾਲਤਾ, ਜ਼ਾਤ-ਪਾਤ ਰਹਿਤ ਸਮਾਜ, ਬਹਾਦਰੀ, ਦਲੇਰੀ, ਖ਼ੁਦਦਾਰੀ, ਸ਼ਾਨ ਨਾਲ ਜੀਣ ਦੀ ਹੁੱਬ, ਵਾਹਿਗੁਰੂ ਦਾ ਭਾਣਾ ਮੰਨਣ ਅਤੇ ਸਰਬਤ ਦਾ ਭਲਾ ਮੰਗਣ ਦੀ ਜਾਚ ਦੱਸੀ। ਇਹ ਵੱਖਰੀ ਗੱਲ ਹੈ ਕਿ ਦੰਭੀ ਸਿੱਖ ਗੁਰੂ ਸਾਹਿਬ ਦੀ ਦਸੀ ਜੀਵਨ ਜਾਚ ਤੇ ਅਮਲ ਨਹੀਂ ਕਰਦੇ। ਉਂਞ ਗੁਰੂ ਸਾਹਿਬ ਦਾ ਹੁਕਮ ਹੈ :-

ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ ॥

✲ ✲ ✲



ISBN: 81-7601-436-2
9788176014366